ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ
# Nawi Dunia

Free

ਸਾਲ : 5 ਅੰਕ : 6 Phone : 780 465 9118, 403 830 7007, 204 510 6284 : Fax: 780 465 0661, e-mail: info@nawidunia.com ਜੂਨ (June) 2014



29 ਜੂਨ 1923 : ਭਾਰਤੀ-ਕਨੇਡੀਅਨਾਂ ਨੂੰ ਵੋਟ ਦਾ ਹੱਕ ਦੇਣ ਬਾਰੇ ਕਨੇਡਾ ਦੇ ਹਾਊਸ ਆਫ਼ ਕਾਮਨਜ਼ 'ਚ ਬਹਿਸ



ਕਨੇਡਾ ਦੇ ਮੂਲ ਵਾਸੀਆਂ ਨੇ ਮਨਾਈ ਕਾਮਾਗਾਟਾ ਮਾਰੂ ਦੁਖਾਂਤ ਦੀ ਸ਼ਤਾਬਦੀ **ਪੰਨਾ-3**



ਬਲੂ ਸਟਾਰ ਦੀ ਬਰਸੀ ਮੌਕੇ ਅਕਾਲ ਤਖ਼ਤ 'ਤੇ ਤਲਵਾਰਾਂ ਚੱਲੀਆਂ **ਪੰਨਾ-7**



ਲਮਹੋਂ ਮੇ ਹੋਤੀ ਹੈ ਜ਼ਿੰਦਗੀ : ਗੁਲਜ਼ਾਰ **ਪੰਨਾ-27**



ਸਿਤਾਰੇ, ਭਾਸ਼ਾ ਅਤੇ ਭਾਸ਼ਾ ਦੀ ਬਾਜ਼ਾਰ ਨੀਤੀ **ਪੰਨਾ-48**

# ਕਨੇਡਾ ਦੇ ਕਿਊਬਕ ਸੂਬੇ 'ਚ ਸਵੈ-ਇੱਛਤ ਮੌਤ ਨੂੰ ਮਿਲੀ ਪ੍ਰਵਾਨਗੀ

ਟੋਰਾਂਟੋ (ਨਦਬ) : ਕਿਊਬਕ ਅਸੈਂਬਲੀ ਵਿੱਚ ਇਤਿਹਾਸਕ ਵੋਟ ਵਿੱਚ ਕਿਸੇ ਵਿਅਕਤੀ ਨੂੰ ਡਾਕਟਰ ਦੀ ਮਦਦ ਨਾਲ ਮਰਨ ਦੀ ਇਜਾਜ਼ਤ ਮਿਲ ਗਈ ਹੈ। 'ਰਾਈਟ ਟੂ ਡਾਈ ਐਕਟ' ਤਹਿਤ ਇਸ ਮਤੇ (ਬਿੱਲ-52) ਨੂੰ 80 ਫ਼ੀਸਦੀ ਵਿਧਾਇਕਾਂ ਨੇ ਹਮਾਇਤ ਦੇ ਕੇ ਪਾਸ ਕਰਵਾ ਦਿੱਤਾ। ਮੁੱਖ ਮੰਤਰੀ ਫਿਲਿਪ ਕੁਲਾਰਡ ਨੇ ਆਪਣੇ ਮੰਤਰੀਆਂ ਤੇ ਵਿਧਾਇਕਾਂ ਨੂੰ ਵੋਟਿੰਗ ਲਈ ਖੁਲ੍ਹ ਦੇ ਦਿੱਤੀ ਸੀ। ਉਨ੍ਹਾਂ ਦੀ ਲਿਬਰਲ ਪਾਰਟੀ ਦੇ 22 ਵਿਧਾਇਕਾਂ ਨੇ ਇਸ ਮਤੇ ਦੀ ਖ਼ਿਲਾਫ਼ਤ ਵੀ ਕੀਤੀ। ਹੁਣ ਕਿਊਬਕ 'ਚ ਇਹ ਕਾਨੂੰਨ 2015 ਦੇ ਅੰਤ ਤੱਕ ਅਮਲ ਵਿੱਚ ਆ ਜਾਵੇਗਾ।

ਇਸ ਕਾਨੂੰਨ ਤਹਿਤ ਜਦ ਕੋਈ ਵਿਅਕਤੀ ਬਿਮਾਰੀ ਨਾਲ ਜੂਝਦਾ ਹੋਵੇ ਅਤੇ ਉਸ ਵਿੱਚ ਕਿਸੇ ਸੁਧਾਰ ਦੀ ਕੋਈ ਗੁੰਜਾਇਸ਼ ਨਾ ਦਿੱਸੇ, ਸਰੀਰਕ ਅਤੇ ਮਾਨਸਿਕ ਕਸ਼ਟ ਬਰਦਾਸ਼ਤ ਨਾ ਕਰਦਾ ਹੋਇਆ ਮੌਤ ਲਈ ਤਰਲੇ ਮਾਰਦਾ ਹੋਵੇ ਤਾਂ ਉਸ ਦਾ ਡਾਕਟਰ ਅਜਿਹੀ ਹਾਲਤ ਵਿੱਚ ਅਗੇਤਰੀ ਟੀਮ ਕੋਲ ਕੇਸ ਰੱਖ ਸਕਦਾ ਹੈ। ਮਰੀਜ਼ ਇਕ ਲਿਖਤੀ ਦਰਖ਼ਾਸਤ ਰਾਹੀਂ ਲਾਈਫ ਸਪੋਰਟ ਹਟਾਉਣ ਦੀ ਬੇਨਤੀ ਕਰ ਸਕਦਾ ਹੈ ਤਾਂ ਜੋ ਉਹ ਡਾਕਟਰੀ ਮਦਦ ਨਾਲ ਆਪਣੀ ਜਿੰਦ ਖ਼ਤਮ ਕਰ ਸਕੇ। ਜ਼ਿਕਰਯੋਗ ਹੈ ਕਿ ਇਹ ਵਿਵਾਦਤ




ਮੁੱਦਾ ਕਨੇਡਾ ਵਿੱਚ ਬਹੁਤ ਸਾਲਾਂ ਤੋਂ ਭਖਿਆ ਹੋਇਆ ਸੀ ਅਤੇ ਕਿਊਬਕ ਇਸ ਨੂੰ ਆਗਿਆ ਦੇਣ ਵਾਲਾ ਪਹਿਲਾ ਸੂਬਾ ਬਣ ਗਿਆ ਹੈ। ਇਸ ਮਾਮਲੇ ਦੇ ਤਾਰ 1993 'ਚ ਨਾਮੁਰਾਦ ਬਿਮਾਰੀ ਨਾਲ ਜੂਝਦੀਆਂ ਵੈਨਕੂਵਰ ਵੱਲ ਦੀਆਂ ਦੋ ਔਰਤਾਂ ਨਾਲ ਜੁੜਦੀ ਹੈ, ਜਦ ਉਨ੍ਹਾਂ ਨੂੰ ਸੁਪਰੀਮ ਕੋਰਟ ਨੇ 'ਮਰਨ ਦੇ ਹੱਕ' ਤੋਂ ਇਨਕਾਰ ਕਰ ਦਿੱਤਾ ਸੀ। ਉਹ ਤਾਂ ਹੁਣ ਜਿਉਂਦੀਆਂ ਨਹੀਂ ਹਨ ਪਰ ਇਹ ਕੇਸ ਸਿਆਸੀ ਪੱਧਰ 'ਤੇ ਭਖਦਾ ਮਸਲਾ ਬਣ ਗਿਆ ਸੀ।

☛ ਬਾਕੀ ਸਫ਼ਾ 41 'ਤੇ

# ਪੰਜਾਬ 'ਚ ਸ਼ਰਾਬ ਦੇ ਕਾਰਖ਼ਾਨੇ ਵਧੇ, ਮਿਲਕ ਪਲਾਂਟ ਘਟੇ

ਚੰਡੀਗੜ੍ਹ (ਨਦਬ) : ਗਰੀਨ ਐਂਡ ਵਾਈਟ (ਖੇਤੀ ਅਤੇ ਦੁੱਧ) ਰੈਵਿਊਲੇਸ਼ਨ ਲਿਆਉਣ ਵਾਲੇ ਪੰਜਾਬ ਦੇ ਹਾਲਾਤ ਤੇਜ਼ੀ ਨਾਲ ਬਦਲ ਗਏ ਹਨ। ਪੰਜਾਬ ਵਿਚ ਮਿਲਕ ਪਲਾਂਟ ਬੰਦ ਹੋ ਰਹੇ ਹਨ ਅਤੇ ਡਿਸਟੇਲੇਰੀਜ਼ (ਸ਼ਰਾਬ ਦੇ ਕਾਰਖਾਨੇ) ਤੇਜ਼ੀ ਨਾਲ ਖੁਲ੍ਹ ਰਹੇ ਹਨ। ਐਕਸਾਈਜ਼ ਡਿਪਾਰਟਮੈਂਟ ਤੋਂ ਮਿਲੀ ਜਾਣਕਾਰੀ ਅਨੁਸਾਰ 2004 ਤੋਂ ਪਹਿਲਾਂ ਇਥੇ 4 ਸ਼ਰਾਬ ਦੇ ਕਾਰਖਾਨੇ ਸਨ ਜੋ ਪਿਛਲੇ ਇਕ ਦਹਾਕੇ ਵਿਚ ਵੱਧ ਕੇ 16 ਹੋ ਗਏ ਹਨ। ਸ਼ਰਾਬ ਦੀਆਂ 16 ਡਿਸਟਲੇਰੀਜ਼, 18 ਬੋਟਲਿੰਗ ਪਲਾਂਟ ਅਤੇ 3 ਬਿਵਰੇਜਿਜ (ਬੀਅਰ) ਹਨ। ਜਦਕਿ ਇਸੇ ਸਮੇਂ ਦੌਰਾਨ 30 ਵਿਚੋਂ 20 ਮਿਲਕ ਪਲਾਂਟ ਬੰਦ ਹੋ ਗਏ। ਇਕ ਦਹਾਕੇ ਪਹਿਲਾਂ ਸ਼ਰਾਬ ਦੇ 4 ਕਾਰਖ਼ਾਨਿਆਂ ਰੋਜ਼ਾਨਾ 7.12 ਲੱਖ ਲੀਟਰ ਉਤਪਾਦਨ ਸੀ ਜੋ ਹੁਣ 16 ਕਾਰਖਾਨਿਆਂ ਦਾ 19.87 ਲੱਖ ਲੀਟਰ ਹੋ ਗਿਆ ਹੈ। ਸਾਲ ਭਰ ਵਿਚ ਕਾਰਖਾਨੇ 59.61 ਕਰੋੜ ਲੀਟਰ ਸ਼ਰਾਬ ਬਣਾ ਰਹੇ ਹਨ। ਖਪਤ ਨੂੰ ਪੂਰਾ ਕਰਨ ਲਈ ਡਿਸਟਲੇਰੀਜ ਦੀ ਗਿਣਤੀ ਤਾਂ ਵੱਧੀ ਪਰ ਦੁੱਖ ਦੀ ਖਪਤ ਦੇ ਮਾਮਲੇ ਵਿਚ ਅਜਿਹਾ ਨਹੀਂ ਹੋਇਆ। ਵੱਡੇ ਮਿਲਕ ਪਲਾਂਟਾਂ ਵਿਚ ਕੇਵਲ ਮਿਲਕਫ਼ੈੱਡ, ਵੇਰਕਾ ਅਤੇ ਨੈਸਲੇ ਹੀ ਬਚੇ ਹਨ ਜੋ ਰੋਜ਼ਾਨਾ 15-15 ਲੱਖ ਲੀਟਰ ਦੁੱਧ ਦੀ ਪ੍ਰੋਸੈਸਿੰਗ ਕਰ ਰਹੇ ਹਨ। 10 ਛੋਟੇ ਮਿਲਕ ਪਲਾਂਟਾਂ ਵਿਚ ਰੋਜ਼ਾਨਾ 30 ਲੱਖ ਲੀਟਰ ਦੁੱਧ ਪ੍ਰੋਸੈਸਿੰਗ ਹੋ ਰਿਹਾ ਹੈ।

# 'ਆਪ' ਦੀਆਂ ਮੁਸਬੀਤਾਂ ਵਧੀਆਂ

ਨਵੀਂ ਦਿੱਲੀ (ਨਦਬ) : ਲੋਕ ਸਭਾ ਚੋਣਾਂ ਵਿਚ ਮਿਲੀ ਕਰਾਰੀ ਹਾਰ ਤੋਂ ਬਾਅਦ ਜ਼ਬਰਦਸਤ ਅੰਦਰੂਨੀ ਕਲੇਸ਼ ਨਾਲ ਜੂਝ ਰਹੀ ਆਮ ਆਦਮੀ ਪਾਰਟੀ ਦੀਆਂ ਮੁਸੀਬਤਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਕਈ ਨੇਤਾਵਾਂ ਦੇ ਪਾਰਟੀ ਛੱਡਣ ਤੋਂ ਬਾਅਦ ਹੁਣ ਮਤਭੇਦ ਸ਼ਿਖਰ 'ਤੇ ਪਹੁੰਚ ਚੁੱਕੇ ਹਨ।

☛ ਬਾਕੀ ਸਫ਼ਾ 41 'ਤੇ

For your all Real Estate need. NIRMAL (SONY) GILL
I DELIVER ONLY THE BEST



BUY OR SELL
ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਵੇਚਣ ਜਾਂ ਖਰੀਦਣ ਲਈ ਨਿਰਮਲ (ਸੋਨੀ) ਗਿੱਲ ਨੂੰ ਫ਼ੋਨ ਕਰੋ
nirmalgill@live.com
780 937 9067
OFF: 780 434 4700

LUTHRA LAW GROUP
FREE CASE EVALUTION



- Personal Injuries Representation
- Real Estate Transactions
- Immigration Law
- Residential Real Estate Transactions
- Criminal Case
- Family Law Dispute & Mediation Service
- Commercial Litigation

Sarjan Luthra
B.Sc, L.L.B
Services in Hindi, Punjabi, Urdu & Arabic
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿਚ ਸੇਵਾਵਾਂ ਲਈ ਮਿਲੋ
SARJAN LUTHRA TEAM
Barrister, Solicitor & Notary Public
780-466-4660 Fax : 780-463-4205

Super Visa Medical Insurance

- ਸੁਪਰ ਵੀਜ਼ਾ ਐਪਲੀਕੇਸ਼ ਲਈ ਮੈਡੀਕਲ ਇੰਸ਼ੋਰੈਂਸ ਲੈਣਾ ਜ਼ਰੂਰੀ।
- ਅਸੀਂ ਤੁਹਾਡੀ ਜ਼ਰੂਰਤ ਮੁਤਾਬਕ ਵਧੀਆ ਅਤੇ ਸਸਤੀ ਇੰਸ਼ੋਰੈਂਸ ਲੈ ਕੇ ਦਿੰਦੇ ਹਾਂ।

For mor information please call
JASVIR DEOL 780-465-6900
JESSIE SINGH 403-830-7007

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਵੇਚਣ ਜਾਂ ਖ਼ਰੀਦਣ ਲਈ
ਨੁਸਰਤ ਅਲੀ ਅਖ਼ਤਰ ਨੂੰ ਸੰਪਰਕ ਕਰੋ
REALTY EXECUTIVES



780-994-1º00 (Cell)
780-450-º300 (24 Hrs)
Fax : 780-450-ºº70
Nusrat Ali Akhtar
Email : aakhtar@realtyexecutives.com
4107-99 St NW, Edmonton

ANOVA DRIVING SCHOOL
The World Belongs To Your Rear View Mirror
ਕਾਰ ਚਲਾਉਣੀ ਸਿੱਖੋ
Badan Sehrawat

- Class 7 Preparation
- Class 5 GDL Training
- Class 5 Full License
- Class 4 License
- Defensive Driving Course
- Insurance Reduction Certificate
- Basic & Advanced Road Test
- Experienced & Certified Trainers
- Car Available For Road Test
- Transportation Of Dangerous Goods



Phone : 780-709-6525
admin@anovacanada.com
www.anovacanada.com



3rd in CANADA for Century 21-2005
Century 21 Canada Masters
Hall of fame inductee
Sweg Deol
"Your Key Connection To Real Estate"
Sweg Deol
Please call for all your Commercial Real Estate Needs in Hotel, Motel, Apartments & Shopping Centers
Land Parcels Available in throughout Alberta
A.L.L. Stars Realty Ltd.,
312 Saddlebace Road, TºJ 4R7
Cell : (780) 951-9873 Bus: (780) 434-4700

PUBLIC SAFETY
Customer Satisfaction is our Goal



We will *Beat or Meat* Any Price
Crack Filling
Parking Lot Line Painting
Pothole Filling
Give us a call & Go Worry Free
Call: ABDI @ 780-695-2304



Sohail Quadri, MLA
Edmonton Mill Woods
I am accessible anytime at
edmonton.millwoods@assembly.ab.ca
http://quadri.mypcmla.ca
101 9807 -34 Ave Edmonton AB T6E 5X9
(780)414-1000 (780)850- 4080

ZyTech BUILDING SYSTEMS INC.
Roof Trusses · Floor Systems · Lumber - Stairs
ਰਘੁਬੀਰ ਸਿੰਘ ਭੰਡਾਲ : 780-554-9192
ਜਸਪਾਲ ਸਿੰਘ ਭੰਡਾਲ : 403-226-7136

- High Quality Materials,
- Best Prices,
- On Time Delivery,
- Complete Framing Package,
- Full Range Of I Joists,
- Fully Automated - Roof Truss Manufacturing Facility
- One Call - Award Winning Service,
- Effective On Site,
- Engineering & Design Friendly,
- Multi-Cultural,
- Solution Oriented Staff,
- Community Supporter

ALL INDIA RESTAURANT & SWEETS



Full service customized catering for Event Planning/Weddings/ Birthdays/ Anniversaries for upto 800 persons.
Special rates for temples or churches Reunions
4249-23 Ave. Edmonton, AB. Canada
Tel: 780-463-7770 www.allindiarestaurant.ca



# Supreme Pizza
ਸੁਪਰੀਮ ਪੀਜ਼ਾ

Chicken Wings Hot, Honey Garlic

Menisa Plaza (on Millwood Road) 1079 Knottwood Road East NW Edmonton

780 485 1213 or 780 485 1231

Try Us Tonight For Best Deal In Town
3 For 1
Any 3 Toppings
12" Medium - 14" Large

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਤੇ ਸਵਾਦੀ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

Paneer Pizza • Vegetarian • Supreme Special • Chicken Special • The Pasta Niche



# POWAR HOMES LTD.
Quality Custom Home Builder

ਪਾਵਰ ਹੋਮਜ਼ ਕੋਲ ਸ਼ਹਿਰ ਦੇ ਹਰ ਖੇਤਰ ਵਿੱਚ ਲਾਟਾਂ ਉਪਲਬਧ, ਰਹਿਣ ਲਈ ਘਰ ਬਣਾਉਣਾ ਚਾਹੁੰਦੇ ਹੋ ਜਾਂ ਘਰ ਬਣਵਾ ਕੇ ਵੇਚਣਾ ਚਾਹੁੰਦੇ ਹੋ, ਚੋਖਾ ਫਾਇਦਾ ਦਿਵਾਉਣ ਦਾ ਵਾਅਦਾ, ਸ਼ਿਮਾਉਂਟ ਵਿਚ ਛੋਟੇ ਅਤੇ ਵੱਡੇ ਘਰ ਬਣਾਉਣ ਲਈ ਲਾਟਾਂ ਤਿਆਰ ਬਰ ਤਿਆਰ ਹਨ.

ਘਰ ਬਣਾ ਕੇ ਵੇਚਣ ਤੱਕ ਦੀਆਂ ਸੇਵਾਵਾਂ ਦਿੰਦੇ ਹਾਂ, ਵਾਜਬ ਕੀਮਤਾਂ, ਤਸੱਲੀ ਬਖ਼ਸ਼ ਕੰਮ ਅਤੇ ਭਰੋਸੇਯੋਗ ਸੇਵਾਵਾਂ ਲਈ ਰਣਜੀਤ ਸਿੰਘ ਪਵਾਰ ਅਤੇ ਕੁਲਦੀਪ ਸਿੰਘ ਪਵਾਰ ਨਾਲ ਸੰਪਰਕ ਕਰੋ.



Kuldip S. Powar

Ranjit S. Powar

Fax: 780-406-6797

Email: ranjit_pawar@hotmail.com

Contact At:
Ph: 780-695-6595

# Indo Canadian Grocery Store & Movies



ਜਿਥੋਂ ਤੁਸੀਂ ਸਾਫ਼ ਸੁਥਰੀ ਤੇ ਵਧੀਆ ਗਰੋਸਰੀ, ਹਰੀਆਂ ਤੇ ਤਾਜ਼ੀਆਂ ਸਬਜ਼ੀਆਂ, ਫਲ-ਫਰੂਟ, ਡੇਅਰੀ, ਪੂਜਾ ਦਾ ਸਾਮਾਨ ਤੇ ਗਿਫ਼ਟ ਆਇਟਮਾਂ ਵਾਜਬ ਰੇਟਾਂ 'ਤੇ ਖਰੀਦ ਸਕਦੇ ਹੋ।

ਨਵੀਆਂ ਤੇ ਪੁਰਾਣੀਆਂ ਹਿੰਦੀ, ਪੰਜਾਬੀ ਮੂਵੀਜ਼ ਦੀ ਸੀ.ਡੀ. ਅਤੇ ਡੀ.ਵੀ.ਡੀ.



Repair for Computer, Laptop & all kind of I-Phones



ਲੈਪਟਾਪ, ਕੰਪਿਊਟਰ ਤੇ ਮੋਬਾਈਲ ਦੀ ਤਸੱਲੀਬਖ਼ਸ਼ ਰਿਪੇਅਰ



Ph. 780-485-5838

ਤੁਸੀਂ ਸਾਡੇ ਕੋਲੋਂ ਕੂਕਰ, ਪਤੀਲੇ, ਪਰਾਤਾਂ, ਗਲਾਸ, ਕੌਲੀਆਂ, ਥਾਲ, ਚਮਚੇ, ਗੜਵੀਆਂ, ਜੱਗ ਅਤੇ ਹਰ ਤਰ੍ਹਾਂ ਦੇ ਬਰਤਨ ਸਸਤੇ ਰੇਟ 'ਤੇ ਲੈ ਸਕਦੇ ਹੋ।

rajan.kumar54@yahoo.com 3305 - 43Ave. Edmonton, AB

# PRITPAL KOONER
CGA PROFESSIONAL CORPORATION
Certified General Accountant

Professional Accounting & Tax Services



- Complete Accounting & Book-keeping
- Personal & Corporate Taxation
- Financial Statement Preparation

ਟੈਕਸ ਸੰਬੰਧੀ ਕਿਸੇ ਵੀ ਤਰ੍ਹਾਂ ਦੀਆਂ ਸੇਵਾਵਾਂ ਲਈ ਕਾਲ ਕਰੋ।

Ph:(780) 469-4985
Fax: (780) 469-4926
Unit# 218, 4128A-97 Street, Edmonton, AB T6E 5Y6

Email: pritpal@koonercpa.com Web: www.koonercpa.com

# EAGLEROCK GOLF COURSE
50549, RANGE ROAD 234 EDMONTON, AB

eaglerock GOLF COURSE

* ਜਨਮ ਦਿਨ , ਲੇਡੀਜ ਸੰਗੀਤ
ਵਿਆਹ-ਸ਼ਾਦੀਆਂ ਪਾਰਟੀਆਂ
50 ਤੋਂ ਲੈ ਕੇ 200 ਆਦਮੀਆਂ ਤੱਕ
ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ

Birthday Parties,
Ladies Sangeet,
Golf Tournaments,
Catering,Wedding
Banquet





ਵਧੇਰੇ ਜਾਣਕਾਰੀ ਲਈ ਫੋਨ ਕਰੋ:

Linda :
780-464-4653 Ext: 2
Cell: 780-720-6895

# ADVANCE DRIVING SCHOOL LTD.
www.advancedrivingschool.ca



2 Locations to Serve You!

- Lady Instructor Available
- Defensive Classes to Restore Demerits
- Free Pick up & Drop off
- Government Approved Courses For Insurance Discount
- 10 Hours on road & 15 Hours in classroom
- Training for Driving Instructor

9253-34A Ave
Edmonton, AB

10211-100 Ave
Fort Saskatchewan, AB

780 660 4090



# ALPHA
Tent Rentals
All Events Big or Small

We are in this Business Since 2001



**Tents** All Size and Different Colours
**Tables** Rectangular & Round **Chairs** All Colours
**Lights**, Dance Floor, Heaters, Fans,
**Catering Equipment,** Coffee Brewers,
Big Burners, Big Pots (Patila), Cutlery and Plates,
**Portable Bars** Beer Tubs Ice Boxes
**Carpet, Stantions, Linens and Clips.**

Ladies Sangeet Jago Equipment

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ

Guaranteed Low Prices Open Seven Days a Week

Umrao Ghinger: 780 237 5556
www.alphatentrentals.com
Office: 780 490 5354





# ਸਿੱਖ ਵਿਰੋਧੀ ਫਲਾਇਰ ਨਸਲੀ ਜੁਰਮ ਨਹੀਂ: ਪੀਲ ਪੁਲੀਸ

ਬਰੈਂਪਟਨ (ਨਦਬ): ਪੀਲ ਪੁਲੀਸ ਦਾ ਕਹਿਣਾ ਹੈ ਕਿ ਇੱਥੇ ਸਿੱਖ ਵਿਰੋਧੀ ਅਤੇ ਐਂਟੀ ਇੰਮੀਗਰੇਸ਼ਨ ਫਲਾਇਰ ਨਸਲੀ ਜੁਰਮ ਨਹੀਂ ਹੈ ਕਿਉਂਕਿ ਇਹ ਨਸਲੀ ਜੁਰਮ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦਾ। ਪੀਲ ਪੁਲੀਸ ਮੁਤਾਬਕ ਇਸ ਨੂੰ ਨਸਲੀ ਅਤੇ ਨਫ਼ਰਤੀ ਫਲਾਇਰ ਤਾਂ ਕਿਹਾ ਜਾ ਸਕਦਾ ਹੈ ਪਰ ਨਸਲੀ ਜੁਰਮ ਦੇ ਦਾਇਰੇ ਵਿਚ ਨਹੀਂ ਆਉਂਦਾ। ਪੁਲੀਸ ਦਾ ਮੰਨਣਾ ਹੈ ਕਿ ਇਸ ਫਲਾਇਰ ਨਾਲ ਇਕ ਕਮਿਊਨਿਟੀ ਦੀਆਂ ਭਾਵਨਾਵਾਂ ਨੂੰ ਸੱਟ ਲੱਗੀ ਹੈ ਅਤੇ ਉਨ੍ਹਾਂ ਵਿਚ ਰੋਸ ਹੈ ਪਰ ਇਸ ਵਿਚ ਅਪਰਾਧ ਦੇ ਦੋਸ਼ ਆਇਦ ਕਰਨ ਦਾ ਕੋਈ ਆਧਾਰ ਨਹੀਂ ਹੈ। ਪੀਲ ਪੁਲੀਸ ਵਲੋਂ ਇਹ ਫਲਾਇਰ ਜਾਰੀ ਕਰਨ ਵਾਲਿਆਂ ਨੂੰ ਨਸਲੀ ਜੁਰਮ ਲਈ ਚਾਰਜ ਤੋਂ ਬਰੀ ਕਰਨ ਬਾਰੇ ਓਨਟਾਰੀਓ ਗੁਰਦੁਆਰਾਜ਼ ਐਂਡ ਸਿੱਖਸ ਕੌਂਸਲ ਦੇ ਚੇਅਰ ਰਣਜੀਤ ਸਿੰਘ ਦੁੱਲ੍ਹੇ ਦਾ ਕਹਿਣਾ ਹੈ ਕਿ ਅਸੀਂ ਪੀਲ ਪੁਲੀਸ ਦੇ ਇਸ ਫ਼ੈਸਲੇ ਤੋਂ ਨਿਰਾਸ਼ ਹੋਏ ਹਾਂ। ਸਾਨੂੰ ਆਸ ਸੀ ਕਿ ਪੀਲ ਪੁਲੀਸ ਇਸ ਨੂੰ ਨਸਲੀ ਜੁਰਮ ਮੰਨ ਕੇ ਸਬੰਧਤ ਸੰਸਥਾ ਖ਼ਿਲਾਫ ਮਾਮਲਾ ਦਰਜ ਕਰੇਗੀ। ਅਸੀਂ ਇਸ ਮਸਲੇ ਨੂੰ ਹੁਣ ਕੌਂਸਲ ਦੀ ਜਨਰਲ ਬਾਡੀ ਮੀਟਿੰਗ ਵਿਚ ਇਸ ਕੇਸ ਨੂੰ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਲਿਜਾਣ ਬਾਰੇ ਵਿਚਾਰ ਕਰਾਂਗੇ। ਯਾਦ ਰਹੇ ਕਿ ਇਸ ਫਲਾਇਰ ਵਿਚ ਦੋ ਤਸਵੀਰਾਂ ਸਨ, ਜਿਨ੍ਹਾਂ ਵਿਚੋਂ ਇਕ ਵਿਚ ਬਰੈਂਪਟਨ ਦੇ ਬਹੁ-ਗਿਣਤੀ ਲੋਕ ਸਨ, ਜਦ ਕਿ ਦੂਸਰੀ ਵਿਚ ਸਿੱਖ ਭਾਈਚਾਰੇ ਦੇ ਲੋਕ ਦਿਖਾਏ ਗਏ ਅਤੇ ਪ੍ਰਸ਼ਨ ਪੈਦਾ ਕੀਤਾ ਗਿਆ ਸੀ ਕਿ ਅਸੀਂ ਬਰੈਂਪਟਨ ਦਾ ਚਿਹਰਾ ਮੋਹਰਾ ਅਜਿਹਾ ਚਾਹੁੰਦੇ ਹਾਂ। ਇਸ ਵਿਚ ਦਿਖਾਇਆ ਗਿਆ ਸੀ ਕਿ ਸਿੱਖ ਭਾਈਚਾਰੇ ਦੀ ਆਬਾਦੀ ਵਧਧੀ ਜਾ ਰਹੀ ਹੈ। ਇਸ ਪੋਸਟਰ ਦੀ ਸਮੂਹ ਸਿੱਖ ਜਥੇਬੰਦੀਆਂ ਅਤੇ ਰਾਜਨੀਤਕ ਪਾਰਟੀਆਂ ਨੇ ਨਿੰਦਾ ਕੀਤੀ ਸੀ ਅਤੇ ਓਨਟਾਰੀਓ ਅਸੈਂਬਲੀ ਵਿਚ ਵੀ ਸਰਬਸੰਮਤੀ ਨਾਲ ਇਸ ਦੀ ਨਿੰਦਾ ਵਾਲਾ ਮਤਾ ਪਾਸ ਕੀਤਾ ਗਿਆ ਸੀ।

**ਹਿਊਮਨ ਰਾਈਟਸ ਕਮਿਸ਼ਨ ਕੋਲ ਜਾਣ ਬਾਰੇ ਵਿਚਾਰ ਕਰਾਂਗੇ: ਦੁੱਲ੍ਹੇ**

# ਕਨੇਡਾ ਦੇ ਮੂਲ ਵਾਸੀਆਂ ਨੇ ਮਨਾਈ ਕਾਮਾਗਾਟਾ ਮਾਰੂ ਦੁਖਾਂਤ ਦੀ ਸ਼ਤਾਬਦੀ



ਵੈਨਕੂਵਰ, (ਨਦਬ) : ਸੁਹਿਰਦਤਾ ਦੀ ਭਾਵਨਾ ਦੇ ਪ੍ਰਗਟਾਵੇ ਲਈ ਇਤਿਹਾਸਕ ਮਿਸਾਲ ਪੇਸ਼ ਕਰਦਿਆਂ ਕੈਨੇਡਾ ਦੇ ਮੂਲ ਵਾਸੀਆਂ ਨੇ ਮਸਕੀਮ ਇੰਡੀਅਨ ਬੈਂਡ ਖੇਤਰ ਵਿੱਚ ਕਾਮਾਗਾਟਾਮਾਰੂ ਕਾਂਡ ਦੀ ਸਦੀ ਮੁਕੰਮਲ ਹੋਣ ’ਤੇ ਯਾਦਗਾਰੀ ਸਮਾਗਮ ਰਚਾਇਆ। ਸਮਾਗਮ ਕਾਮਾਗਾਟਾਮਾਰੂ ਹੈਰੀਟੇਜ ਫਾਊਂਡੇਸ਼ਨ ਦੀ ਭਾਈਵਾਲੀ ਨਾਲ ਕਰਾਇਆ ਗਿਆ। ਬੈਂਡ ਦੇ ਸਭ ਤੋਂ ਵੱਡੇ ਆਗੂ ਲੈਰੀ ਗਰਾਂਟ ਨੇ ਐਲਾਨ ਕੀਤਾ ਕਿ ਉਸ ਦਾ ਭਾਈਚਾਰਾ ਇਸ ਕਾਂਡ ਦੀ ਸਦੀ ਪੂਰੀ ਹੋਣ ’ਤੇ ਦੱਖਣ ਏਸ਼ੀਆਈਆਂ ਦਾ ਬਾਹਾਂ ਖੋਲ੍ਹ ਕੇ ਸਵਾਗਤ ਕਰਦਾ ਹੈ। ਲੈਰੀ ਦੇ ਭਤੀਜੇ ਵੇਡ ਗਰਾਂਟ ਨੇ ਕਿਹਾ, “ਅਸੀਂ ਤਾਂ ਜਿਵੇਂ ਯੂਰਪੀਆਂ ਦਾ ਸਵਾਗਤ ਕੀਤਾ ਸੀ, ਉਵੇਂ ਹੀ ਕਾਮਾਗਾਟਾਮਾਰੂ ਦੇ ਯਾਤਰੀਆਂ ਨੂੰ ਵੀ ਗਲੇ ਲਾ ਲਿਆ ਹੁੰਦਾ। ਅਸੀਂ ਵੀ ਉਨ੍ਹਾਂ ਹੀ ਨਸਲਵਾਦੀ ਨੀਤੀਆਂ ਦੇ ਮਾਰੇ ਹੋਏ ਹਾਂ ਅਤੇ ਇਹੋ ਦਰਦ ਅੱਗੇ ਪੀੜ੍ਹੀਆਂ ਤੱਕ ਮਹਿਸੂਸ ਕਰ ਸਕਦੇ ਹਾਂ।”

ਇਸ ਮੌਕੇ ਫੈਡਰਲ ਮੰਤਰੀ ਟਿਮ ਉੱਪਲ ਨੇ ਇਕੱਠ ਨੂੰ ਚੇਤੇ ਕਰਾਇਆ ਕਿ ਇਸ ਇਤਿਹਾਸਕ ਗਲਤੀ ਨੂੰ ਮੰਨਣ ਵਾਲੇ ਸਟੀਫਨ ਹਾਰਪਰ ਕੈਨੇਡਾ ਦੇ ਪਹਿਲੇ ਪ੍ਰਧਾਨ ਮੰਤਰੀ ਸਨ। ਬ੍ਰਿਟਿਸ਼ ਕੋਲੰਬੀਆ ਦੇ ਸਾਬਕਾ ਮੰਤਰੀ ਵਾਲੀ ਓਪਾਲ ਨੇ ਕਿਹਾ ਕਿ ਪਿਛਲੇ ਕਾਫੀ ਸਾਲਾਂ ਤੋਂ ਕੈਨੇਡਾ ਦੇ ਸਕੂਲਾਂ ਵਿੱਚ ਪੜ੍ਹਾਏ ਜਾ ਰਹੇ ਇਤਿਹਾਸ ਰਾਹੀਂ ਵੀ ਇਸ ਮੁਲਕ ਦੇ ਮੂਲਵਾਸੀਆਂ ਨਾਲ ਅਨਿਆਂ ਕੀਤਾ ਜਾਂਦਾ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਕਾਮਾਗਾਟਾਮਾਰੂ ਕਾਂਡ ਪੜ੍ਹਾਏ ਜਾ ਰਹੇ ਲਾਜ਼ਮੀ ਇਤਿਹਾਸ ਦਾ ਹਿੱਸਾ ਹੋਵੇ। ਸਾਬਕਾ ਮੰਤਰੀ ਹਰਬ ਧਾਲੀਵਾਲ ਨੇ ਵੀ ਸਮਾਗਮ ਨੂੰ ਸੰਬੋਧਨ ਕੀਤਾ। ਇਸ ਮੌਕੇ ਜਸਵਿੰਦਰ ਤੂਰ ਤੇ ਉਸ ਦਾ ਪਰਿਵਾਰ ਵੀ ਹਾਜ਼ਰ ਸਨ। ਤੂਰ ਨੇ ਨਾਨਾ ਪੂਰਨ ਸਿੰਘ ਜਨੇਤਪੁਰਾ ਕਾਮਾਗਾਟਾਮਾਰੂ ਦੇ ਸਵਾਰਾਂ ਵਿੱਚ ਸ਼ਾਮਲ ਸਨ। ਮਨਜੀਤ ਢਿੱਲੋਂ, ਜਿਸ ਦੇ ਦਾਦਾ ਗਦਰ ਪਾਰਟੀ ਦੇ ਕਾਰਕੁਨ ਵਜੋਂ ਤੇ ਉਨ੍ਹਾਂ ਦੀ ਪਤਨੀ ਹਰਜੀਤ ਢਿੱਲੋਂ ਜਿਸ ਤੇ ਪਿਤਾ ਮੂਲਾ ਸਿੰਘ ਗੁਰਦੁਆਰਿਆਂ ਦੀ ਆਜ਼ਾਦੀ ਦੀ ਲਹਿਰ ਵਿੱਚ ਸਰਗਰਮ ਸਨ, ਵੀ ਮੌਜੂਦ ਸਨ।

☛ ਬਾਕੀ ਸਫ਼ਾ 41 ’ਤੇ

# ਅਲਬਰਟਾ ’ਚ ਮਜ਼ਦੂਰੀ 10.20 ਡਾਲਰ ਹੋਈ

ਐਡਮਿੰਟਨ (ਨਦਬ) : ਅਲਬਰਟਾ ਵਿਚ ਪ੍ਰਤੀ ਘੰਟਾ ਮਜ਼ਦੂਰੀ ਵਧਾ ਕੇ 10 ਡਾਲਰ 20 ਸੈਂਟ ਕਰ ਦਿੱਤੀ ਗਈ ਹੈ ਅਤੇ ਇਹ ਹੁਕਮ ਇਕ ਸਤੰਬਰ ਤੋਂ ਲਾਗੂ ਹੋਣਗੇ। ਇਸ ਤੋਂ ਪਹਿਲਾਂ ਪ੍ਰਤੀ ਘੰਟਾ ਮਜ਼ਦੂਰੀ 9 ਡਾਲਰ 95 ਸੈਂਟ ਸੀ। ਇਸੇ ਤਰ੍ਹਾਂ ਸ਼ਰਾਬ ਵਰਤਾਉਣ ਵਾਲਿਆਂ ਦੀ ਪ੍ਰਤੀ ਘੰਟਾ ਮਜ਼ਦੂਰੀ 9 ਡਾਲਰ 5 ਸੈਂਟ ਤੋਂ ਵਧਾ ਕੇ 9 ਡਾਲਰ 20 ਸੈਂਟ ਕਰ ਦਿੱਤੀ ਗਈ ਹੈ। ਇੰਜ ਕਰਨ ਨਾਲ ਅਲਬਰਟਾ ਸੂਬਾ ਕਨੇਡਾ ਵਿਚ ਅਜਿਹਾ ਸਭ ਤੋਂ ਆਖ਼ਰੀ ਸੂਬਾ ਹੈ, ਜਿਸ ਵਿਚ ਘੱਟੋ-ਘੱਟ ਆਮ ਮਜ਼ਦੂਰੀ 10 ਡਾਲਰ 20 ਸੈਂਟ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਅਲਬਰਟਾ ਵਿਚ 25 ਹਜ਼ਾਰ 700 (1.05 ਫ਼ੀਸਦੀ) ਅਜਿਹੇ ਲੋਕ ਹਨ ਜੋ ਇਨ੍ਹਾਂ ਦਰਾਂ ’ਤੇ ਕੰਮ ਕਰਦੇ ਹਨ। ਕੌਮੀ ਪੱਧਰ ’ਤੇ ਘੱਟੋ-ਘੱਟ ਮਜ਼ਦੂਰੀ ’ਤੇ ਕੰਮ ਕਰਨ ਵਾਲਿਆਂ ਦੀ ਗਿਣਤੀ 6.8 ਫ਼ੀਸਦੀ ਹੈ ਜਦਕਿ ਓਂਟਾਰੀਓ ਵਿਚ ਦਰ 9.1 ਫ਼ੀਸਦੀ ਹੈ।

# ਅੰਡਿਆਂ ’ਚੋਂ ਮਿਲਿਆ ਪਾਰਾ



ਐਡਮੰਟਨ (ਨਦਬ): ਦੋ ਉੱਤਰੀ ਝੀਲਾਂ ਦੇ ਪਾਣੀਆਂ ਵਿਚੋਂ ਮਿਲੇ ਅੰਡਿਆਂ ਵਿਚ ਖ਼ਤਰਨਾਕ ਹੱਦ ਤੱਕ ਪਾਰਾ ਪਾਏ ਜਾਣ ਤੋਂ ਬਾਅਦ ਅਲਬਰਟਾ ਸਿਹਤ ਵਿਭਾਗ ਵਲੋਂ ਚਿਤਾਵਨੀ ਜਾਰੀ ਕੀਤੀ ਗਈ ਹੈ। ਇਹ ਪਾਣੀ ਆਇਲਸੈਂਡਜ਼ ਤੋਂ ਹੇਠਾਂ ਵੱਲ ਬਣੀਆਂ ਦੋ ਝੀਲਾਂ ਦਾ ਹੈ। ਚੀਫ ਮੈਡੀਕਲ ਹੈਲਥ ਅਧਿਕਾਰੀ ਜੇਮਜ਼ ਟੈਲਬੌਟ ਨੇ ਸਥਾਨਕ ਵਾਸੀਆਂ ਨੂੰ ਲੇਕ ਆਥਾਬਾਸਕਾ ਤੇ ਮਾਮਾਵੀ ਲੇਕ ਦੇ ਸਮੁੰਦਰੀ ਪੰਛੀ ਤੇ ਟਟੀਹਰੀ ਦੇ ਅੰਡੇ ਖਾਣ ਤੋਂ ਵਰਜਿਆ ਹੈ। ਉਨ੍ਹਾਂ ਆਖਿਆ ਕਿ ਇਹ ਅੰਡੇ ਖਾਣ ਨਾਲ ਸਭ ਤੋਂ ਵੱਡਾ ਖ਼ਤਰਾ ਬੱਚਿਆਂ ਤੇ ਗਰਭਵਤੀ ਔਰਤਾਂ ਨੂੰ ਹੋ ਸਕਦਾ ਹੈ। ਪਾਰੇ ਨਾਲ ਵਿਕਸਤ ਹੋ ਰਹੇ ਦਿਮਾਗ਼ ਨੂੰ ਨੁਕਸਾਨ ਪਹੁੰਚਦਾ ਹੈ। ਟੈਲਬੌਟ ਨੇ ਦੱਸਿਆ ਕਿ ਫੋਰਟ ਚਿਪਵਿਆਨ ਦੀ ਨਿਊਨੀ ਹੈਲਥ ਅਥਾਰਟੀ ਨੂੰ ਇਸ ਦੀ ਸੂਚਨਾ ਦੇ ਦਿੱਤੀ ਗਈ ਹੈ। ਆਇਲਸੈਂਡਜ਼ ਦੇ ਵਾਤਾਵਰਣ ਉੱਤੇ ਪੈਣ ਵਾਲੇ ਪ੍ਰਭਾਵ ਦੀ ਨਿਗਰਾਨੀ ਰੱਖ ਰਹੇ ਫੈਡਰਲ ਖੋਜਾਰਥੀਆਂ ਨੂੰ ਸਭ ਤੋਂ ਪਹਿਲਾਂ ਇਸ ਤਰ੍ਹਾਂ ਦੇ ਮਾਮਲੇ ਪਿਛਲੇ ਸਾਲ ਸਤੰਬਰ ਵਿਚ ਮਿਲੇ ਸਨ। ਪਾਰਾ ਅਸਲ ਵਿਚ ਨਿਊਰੋ ਟਾਕਸਿਨ ਹੈ ਤੇ ਇਹ ਸਿਹਤ ਲਈ ਕਾਫੀ ਖ਼ਤਰਨਾਕ ਹੁੰਦਾ ਹੈ।


SAHARA INSURANCE GROUP

ਸੁਪਰ ਵੀਜ਼ਾ ਇੰਸ਼ੋਰੈਂਸ ਲਈ ਅੱਜ ਹੀ ਕਾਲ ਕਰੋ



Truck Loan Insurance

Life Insurance
Mortgage Insurance
Disability Insurance
Visitor Insurance
RESP, RRSP
Retirement Planning
Dental Insurance



DEEP GREWAL
204-996-2571

Unit # F-10, 1833 INKSTER BLVD, WINNIPEG, MB R2X 1R3
Fax: (204) 480-8708 deepgrewal12@gmail.com www.saharainsurancegroup.ca



Services Provided

We also do Braces

Cosmetic and preventive Dentistry including:
>> Cleaning >> Crowns & Bridges
>> Invisalign >> Partial & Full Dentures
>> Fillings >> Sports & Night Guards
>> Root Canals >> Teeth Whitening
>> TMJ >> Extractions



Take Home Whitening Kits
with new patient exams & cleaning !

Clinic Hours:
Monday & Friday: 9 am to 5 pm
Tuesday, Wednesday & Thursday: 11 am to 7 pm
Saturday: 8 am to 2 pm

Maple
DENTAL CLINIC

ਦੰਦਾਂ ਦੀ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਲਈ ਫ਼ੋਨ ਕਰੋ
ਤੁਹਾਡਾ ਬਿਲ ਸਿੱਧਾ ਇੰਸ਼ੋਰੈਂਸ ਕੰਪਨੀ ਨੂੰ ਭੇਜ ਸਕਦੇ ਹਾਂ।

Accepting New Patients
Appointments @
780-440-5001

4444-36 Ave NW Edmonton, AB T6L 3S1



Dr. Sandeep Dhaliwal
DMD

# ਕਨੇਡਾ ਪੋਸਟ ਵਲੋਂ ਹੋਮ ਡਲਿਵਰੀ ਖ਼ਤਮ ਕਰਨ ਦੀ ਯੋਜਨਾ

ਐਡਮਿੰਟਨ (ਨਦਬ) : ਕਨੇਡਾ ਪੋਸਟ ਨੇ ਫ਼ੈਸਲਾ ਲਿਆ ਹੈ ਕਿ ਉਹ ਹਰ ਦੇਹਲੀ ’ਤੇ ਚਿੱਠੀ-ਪੱਤਰ ਪਹੁੰਚਾਉਣ ਦੀ ਥਾਂ ਹੁਣ ਕਮਿਊਨਿਟੀ ਦੇ ਡੱਬਿਆਂ ਵਿਚ ਚਿੱਠੀ-ਪੱਤਰ ਪਾਇਆ ਕਰੇਗੀ। ਕਾਰਪੋਰੇਸ਼ਨ ਵਲੋਂ ਹੋਮ ਡਲਿਵਰੀ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਦਾ ਫ਼ੈਸਲਾ ਲਿਆ ਗਿਆ ਹੈ ਤੇ ਯੋਜਨਾ ਇਹ ਹੈ ਕਿ ਆਉਂਦੇ ਪੰਜ ਸਾਲਾਂ ਤੱਕ ਕਨੇਡਾ ਦੇ ਇਕ ਤਿਹਾਈ ਲੋਕ ਹੋਮ ਡਲਿਵਰੀ ਤੋਂ ਵਾਂਝੇ ਹੋ ਜਾਣਗੇ। ਇਸ ਮਸਲੇ ਸਬੰਧੀ ਕਨੇਡੀਅਨ ਯੂਨੀਅਨ ਆਫ਼ ਪੋਸਟਲ ਵਰਕਰਜ਼ ਦੀ ਬੇਵ ਰੇਅ ਨੇ ਕੌਂਸਲਜ਼ ਕਮਿਊਨਿਟੀ ਸਰਵਿਸਿਜ਼ ਕਮੇਟੀ ਨੂੰ ਕਿਹਾ ਹੈ ਕਿ ਕਨੇਡਾ ਪੋਸਟ ਦੇ ਇਸ ਫ਼ੈਸਲੇ ਨਾਲ ਜੋ ਵਿੱਤੀ ਭਾਰ ਐਡਮਿੰਟਨ ’ਤੇ ਪਏਗਾ, ਕੀ ਸ਼ਹਿਰ ਉਸ ਭਾਰ ਦੀ ਮਾਰ ਝੱਲ ਲਵੇਗਾ। ਉਨ੍ਹਾਂ ਕਿਹਾ ਕਿ ਅਸਲ ਵਿਚ ਕਨੇਡਾ ਪੋਸਟ ਦੀ ਇਹ ਸੋਚੀ ਸਮਝੀ ਚਾਲ ਹੈ ਜਿਸ ਤਹਿਤ ਕਾਰਪੋਰੇਸ਼ਨ ਆਪਣੀ ਜ਼ਿੰਮੇਵਾਰੀ ਮਿਉਂਸੀਪਲਟੀਆਂ ’ਤੇ ਥੋਪਣਾ ਚਾਹੁੰਦਾ ਹੈ। ਬੇਵ ਨੇ ਕਿਹਾ ਕਿ ਵੱਡੀ ਸਮੱਸਿਆ ਹੈ ਕਿ ਚਿੱਠੀ-ਪੱਤਰਾਂ ਦੀ ਸਿੱਧੀ ਜ਼ਿੰਮੇਵਾਰੀ ਕਿਸ ਦੀ ਹੋਵੇਗੀ, ਕਮਿਊਨਿਟੀ ਦੇ ਚਿੱਠੀ ਪੱਤਰ ਵਾਲਿਆਂ ਡੱਬਿਆਂ ’ਤੇ ਆਉਣ ਵਾਲਾ ਖ਼ਰਚ ਕੌਣ ਦੇਵੇਗਾ? ਇਨ੍ਹਾਂ ਡੱਬਿਆਂ ਤੋਂ ਬਰਫ਼ ਕੌਣ ਹਟਾਵੇਗਾ? ਬੇਵ ਰੇਅ ਨੇ ਦੱਸਿਆ ਕਿ ਕਾਰਪੋਰੇਸ਼ਨ ਦੇ ਇਸ ਫ਼ੈਸਲੇ ਨਾਲ ਐਡਮਿੰਟਨ ਵਿਚ ਲਗਭਗ ਅੱਠ ਸੌ ਵਿਅਕਤੀ ਰੁਜ਼ਗਾਰਹੀਣ ਹੋ ਜਾਣਗੇ। ਕਨੇਡਾ ਪੋਸਟ ਦੇ ਕਿਸੇ ਵੀ ਪ੍ਰਤੀਨਿਧ ਵਲੋਂ ਇਸ ਮਸਲੇ ਨੂੰ ਲੈ ਕੇ ਸ਼ਹਿਰ ਵਿਚ ਕੀਤੀ ਗਈ ਮੀਟਿੰਗ ’ਚ ਭਾਗ ਨਹੀਂ ਲਿਆ ਗਿਆ ਪਰ ਰਿਪੋਰਟਾਂ ਮੁਤਾਬਕ ਚਿੱਠੀ-ਪੱਤਰ ਵਾਲੇ ਡੱਬਿਆਂ ਦੀ ਸਾਫ਼ ਸਫ਼ਾਈ ਤੇ ਬਰਫ਼ ਹਟਾਉਣ ਦੀ ਜ਼ਿੰਮੇਵਾਰੀ ਕਾਰਪੋਰੇਸ਼ਨ ਦੀ ਹੋਵੇਗੀ। ਚਿੱਠੀਆਂ ਨੂੰ ਸਹੀ ਢੰਗ ਨਾਲ ਲੋਕਾਂ ਤੀਕਰ ਪਹੁੰਚਾਉਣ ਲਈ ਸਾਧਨਾਂ ਦੇ ਉਚਿਤ ਪ੍ਰਬੰਧ ਲਈ ਵਿਸ਼ੇਸ਼ ਨਿਯਮ ਬਣਾਏ ਜਾਣਗੇ। ਸਬੰਧਤ ਅਧਿਕਾਰੀ ਲੀਲ ਬਰੈਨੀਜ਼ ਨੇ ਦੱਸਿਆ ਕਿ ਯੋਜਨਾ ਮੁਤਾਬਕ ਡੱਬੇ ਖੂੰਜਿਆਂ ’ਤੇ ਲਗਾਏ ਜਾਣਗੇ ਤਾਂ ਜੋ ਡੱਬਿਆਂ ਤੋਂ ਕਿਸੇ ਨੂੰ ਕੋਈ ਸਮੱਸਿਆ ਪੈਦਾ ਨਾ ਹੋਵੇ, ਅਜਿਹਾ ਕਰਨ ਲਈ ਕਨੇਡਾ ਪੋਸਟ ਕੋਲ ਵਿਸ਼ੇਸ਼ ਅਧਿਕਾਰ ਹੋਣਗੇ। ਉਨ੍ਹਾਂ ਕਿਹਾ ਕਿ ਜਿਨ੍ਹਾਂ ਨੂੰ ਵੱਧ ਪੱਤਰ ਆਉਂਦੇ ਹਨ, ਉਨ੍ਹਾਂ ’ਤੇ ਇਸ ਤਬਦੀਲੀ ਦਾ ਕੋਈ ਅਸਰ ਨਹੀਂ ਹੋਵੇਗਾ। ਐਡਮਿੰਟਨ ’ਚ ਘੱਟੋ-ਘੱਟ ਸਾਲ ਤੱਕ ਡੋਰ ਟੂ ਡੋਰ ਡਲਿਵਰੀ ਜਾਰੀ ਰਹੇਗੀ।




## ਕਾਮਾਗਾਟਾ ਮਾਰੂ ਘਟਨਾ

# ਕਨੇਡੀਅਨ ਸਰਕਾਰ ਦੀ ਗ਼ਲਤੀ ’ਤੇ ਸਹਿਮਤੀ ਲਈ ਮਤਾ

ਵਿਨੀਪੈਗ (ਨਦਬ) : ਕਾਮਾਗਾਟਾ ਮਾਰੂ ਘਟਨਾ ਦੀ ਸ਼ਤਾਬਦੀ ਮੌਕੇ ਉਸ ਵੇਲੇ ਦੀ ਕਨੇਡਾ ਸਰਕਾਰ ਵਲੋਂ ਕੀਤੀ ਗਈ ਇਤਿਹਾਸਕ ਗ਼ਲਤੀ ਬਾਰੇ ਸਹਿਮਤੀ ਬਣਾਉਣ ਲਈ ਵਿਧਾਇਕ ਮਹਿੰਦਰ ਸਰਾਂ ਨੇ ਪ੍ਰਾਈਵੇਟ ਮੈਂਬਰ ਦਾ ਮਤਾ ਪੇਸ਼ ਕੀਤਾ। ਇਸ ਮਤੇ ’ਤੇ ਮੈਨੀਟੋਬਾ ਦੇ ਲੇਬਰ ਤੇ ਇਮੀਗਰੇਸ਼ਨ ਮੰਤਰੀ ਏਰਨਾ ਬਰੌਲ ਨੇ ਕਿਹਾ ਕਿ ਇਹ ਸਾਲ ਕਾਮਾਗਾਟਾ ਮਾਰੂ ਦੁਖਾਂਤ ਦੀ ਸ਼ਤਾਬਦੀ ਦੇ ਵਰ੍ਹੇ ਵਜੋਂ ਮਨਾਇਆ ਜਾ ਰਿਹਾ ਹੈ। ਉਨ੍ਹਾਂ ਕਾਮਾਗਾਟਾ ਮਾਰੂ ਦੀ ਇਤਿਹਾਸਕ ਘਟਨਾ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਉਸ ਵੇਲੇ ਕਨੇਡੀਅਨ ਨੇਵੀ ਨੇ ਧੱਕੇ ਨਾਲ ਉਨ੍ਹਾਂ ਦਾ ਸਮੁੰਦਰੀ ਜਹਾਜ਼ ਭਾਰਤ ਵੱਲ ਤੋਰ ਦਿੱਤਾ ਸੀ, ਜਿਥੇ ਅੰਗਰੇਜ਼ਾਂ ਨੇ ਇਸ ਜਹਾਜ਼ ਵਿਚ ਸਵਾਰ ਲੋਕਾਂ ਨੂੰ ਜਬਰ ਦਾ ਸ਼ਿਕਾਰ ਬਣਾਇਆ ਸੀ। ਇਹ ਦੁਖਾਂਤਕ ਘਟਨਾ ਨਸਲਵਾਦ ਦੀ ਵੱਡੀ ਉਦਾਹਰਣ ਸੀ, ਜਿਹੜੀ ਕਿ ਸਾਡੇ ਦੇਸ਼ ਦੇ ਇਤਿਹਾਸਕ ਦਾ ਹਿੱਸਾ ਬਣ ਚੁੱਕੀ ਹੈ। 20ਵੀਂ ਸਦੀ ਦੇ ਸ਼ੁਰੂ ਵਿਚ ਲਗਾਤਾਰ ਪੱਖਪਾਤ ਹੋਣ ਕਾਰਨ ਦੱਖਣੀ ਏਸ਼ਿਆਈ ਲੋਕਾਂ ਦੇ ਕਨੇਡਾ ’ਚ ਦਾਖ਼ਲੇ ਉਪਰ ਪਾਬੰਦੀ ਲੱਗੀ ਹੋਈ ਸੀ। ਉਨ੍ਹਾਂ ਕਿਹਾ ਕਿ ਇਸ ਦੁਖਾਂਤਕ ਘਟਨਾ ਦੇ ਸੌ ਸਾਲ ਬਾਅਦ ਹੁਣ ਹਾਲਾਤ ਇਹ ਹਨ ਕਿ ਜਿਹੜੀ ਕਨੇਡੀਅਨ ਨੇਵੀ ਨੇ 1914 ਵਿਚ ਭਾਰਤ ਦੇ ਹਿੰਦੂ, ਸਿੱਖਾਂ, ਮੁਸਲਮਾਨਾਂ ਤੇ ਹੋਰ ਦੱਖਣੀ ਏਸ਼ਿਆਈ ਪ੍ਰਵਾਸੀਆਂ ਨੂੰ ਧੱਕੇ ਨਾਲ ਵਾਪਸ ਮੋੜਿਆ ਸੀ, ਉਸੇ ਵਿਚ ਹੀ ਭਾਰਤੀ ਮੂਲ ਦਾ ਨੌਜਵਾਨ ਹਰਜੀਤ ਸਿੰਘ ਸਾਜਨ ਰੈਜੀਮੈਂਟ ਦੀ ਕਮਾਂਡ ਸੰਭਾਲ ਰਿਹਾ ਹੈ। ਹੁਣ ਅਸੀਂ ਕਨੇਡੀਅਨ ਭਾਈਚਾਰਿਆਂ ਦੀ ਅਨੇਕਤਾ ਵਿਚ ਏਕਤਾ ਰਾਹੀਂ ਅੱਗੇ ਵੱਧ ਰਹੇ ਹਾਂ। ਅਸੀਂ ਸਾਰਿਆਂ ਲਈ ਨਿਆਂ ਤੇ ਆਦਰ-ਸਤਿਕਾਰ ਵਾਲੀ ਜ਼ਿੰਦਗੀ ਲਈ ਵਚਨਬੱਧ ਹਾਂ ਅਤੇ ਅਸੀਂ ਇਥੇ ਆਉਣ ਵਾਲੇ ਕਿਸੇ ਵੀ ਪ੍ਰਵਾਸੀ ਦਾ ਨਿੱਘਾ ਸਵਾਗਤ ਕਰਦੇ ਹਾਂ। ਅਸੀਂ ਜਾਣਦੇ ਹਾਂ ਕਿ ਮੈਨੀਟੋਬਾ ਵਿਚ ਏਕਤਾ ਕਾਫ਼ੀ ਮਜ਼ਬੂਤ ਹੈ।



# ਐਡਮਿੰਟਨ ਖ਼ਾਲਸਾ ਸਕੂਲ ਦਾ ਸਾਲਾਨਾ ਸਮਾਗਮ

ਐਡਮਿੰਟਨ (ਨਦਬ) : ਐਡਮਿੰਟਨ ਖ਼ਾਲਸਾ ਸਕੂਲ ਵਲੋਂ ਸਾਲਾਨਾ ਸਮਾਗਮ ਮਹਾਰਾਜਾ ਬੈਂਕੁਇਟ ਹਾਲ ’ਚ ਕਰਵਾਇਆ ਗਿਆ। ਇਸ ਮੌਕੇ ਬੱਚਿਆਂ ਵਲੋਂ ਰੰਗਾ ਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਪੜ੍ਹਾਈ ’ਚ ਅੱਵਲ ਰਹਿਣ ਵਾਲੇ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ। ਵਿਸ਼ੇਸ਼ ਤੌਰ ’ਤੇ ਪੁੱਜੇ ਅਲਬਰਟਾ ਦੇ ਰਾਜ ਮੰਤਰੀ ਨਰੇਸ਼ ਭਾਰਦਵਾਜ, ਵਿਧਾਇਕ ਸੁਹੇਲ ਕਾਦਰੀ, ਕੌਂਸਲਰ ਅਮਰਜੀਤ ਸੋਹੀ ਤੇ ਕੌਂਸਲਰ ਅਰਜਨ ਰੰਧਾਵਾ ਨੇ ਕਿਹਾ ਕਿ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਆਪਣੇ ਵਿਰਸੇ ਤੇ ਮਾਂ ਬੋਲੀ ਨਾਲ ਜੋੜਨ ਲਈ ਖ਼ਾਲਸਾ ਸਕੂਲ ਵਲੋਂ ਕੀਤੇ ਜਾ ਰਹੇ ਉਪਰਾਲੇ ਸ਼ਲਾਘਾਯੋਗ ਹਨ। ਸਕੂਲ ਕਮੇਟੀ ਦੇ ਪ੍ਰਧਾਨ ਬਲਜਿੰਦਰ ਸਿੰਘ ਸੰਧੂ, ਅਹੁਦੇਦਾਰ ਗੁਰਚਰਨ ਸਿੰਘ ਸੰਘਾ ਅਤੇ ਜਗਜੀਤ ਸਿੰਘ ਗਿੱਲ ਨੇ ਸਮੂਹ ਭਾਈਚਾਰੇ ਵਲੋਂ ਖ਼ਾਲਸਾ ਸਕੂਲ ਨੂੰ ਮਿਲ ਰਹੇ ਭਰਵੇਂ ਸਹਿਯੋਗ ਲਈ ਧੰਨਵਾਦ ਕੀਤਾ। ਗੁਰਦੁਆਰਾ ਕਮੇਟੀ ਦੇ ਅਹੁਦੇਦਾਰ ਗੁਲਜ਼ਾਰ ਸਿੰਘ ਨਿਰਮਾਣ, ਜਸ ਲੌਂਗੋਵਾਲ, ਮਹਿੰਦਰ ਸਿੰਘ ਕਮੋ, ਦਰਸ਼ਨ ਗਿੱਲ, ਅਵਤਾਰ ਸਿੰਘ ਵਿਰਕ, ਮਹਿੰਦਰ ਸਿੰਘ ਸਿਵੀਆ, ਪ੍ਰਧਾਨ ਮੇਹਰ ਸਿੰਘ ਗਿੱਲ, ਹਰਬੀਰ ਸੰਧੂ ਤੇ ਟਰਾਂਸਪੋਰਟ ਸਕੱਤਰ ਸਿੰਘ ਸੰਧੂ, ਰਣਜੀਤ ਸਿੰਘ ਪਵਾਰ ਵੀ ਇਸ ਮੌਕੇ ਮੌਜੂਦ ਸਨ।



# ਡੰਪ ਟਰੱਕ ਵਾਲਿਆਂ ਦੀ ਹੜਤਾਲ ਖ਼ਤਮ

ਮਿਸੀਸਾਗਾ, (ਨਦਬ): ਓਨਟਾਰੀਓ ਡੰਪ ਟਰੱਕ ਐਸੋਸੀਏਸ਼ਨ ਦੇ ਪ੍ਰਧਾਨ ਬਲਜੀਤ ਸਿੰਘ ਨੇ ਦੱਸਿਆ, ‘ਅਸੀਂ ਆਪਣੀ ਹੜਤਾਲ ਖ਼ਤਮ ਕਰ ਦਿੱਤੀ ਹੈ ਕਿਉਂਕਿ ਸਾਡੀਆਂ ਜ਼ਿਆਦਾਤਰ ਮੰਗਾਂ ਮੰਨੀਆਂ ਗਈਆਂ ਹਨ ਅਤੇ ਸਾਰੇ ਮੈਂਬਰ ਆਪਣੇ ਕੰਮਾਂ ’ਤੇ ਚਲੇ ਗਏ ਹਨ।’ ਬਲਜੀਤ ਸਿੰਘ ਨੇ ਦੱਸਿਆ ਕਿ ਕੰਪਨੀਆਂ ਵਲੋਂ ਓਵਰ ਲੋਡਿੰਗ ਦਾ ਮੁੱਦਾ ਮੰਨ ਲਿਆ ਗਿਆ ਹੈ ਕਿ ਉਨ੍ਹਾਂ ਨੇ ਲਿਖਤੀ ਸਮਝੌਤਾ ਕੀਤਾ ਹੈ ਕਿ ਉਹ ਹੁਣ ਓਵਰ ਲੋਡਿੰਗ ਨਹੀਂ ਕਰਨਗੇ। 75% ਕੰਪਨੀਆਂ ਵਾਲੇ ਫਿਊਲ ਸਰਚਾਰਜ ਦੇ ਰੇਟ ਵਧਾਉਣ ਲਈ ਵੀ ਰਾਜ਼ੀ ਹੋ ਗਏ ਹਨ ਅਤੇ ਉਨ੍ਹਾਂ ਨਾਲ ਲਿਖਤੀ ਸਮਝੌਤਾ ਹੋ ਚੁੱਕਾ ਹੈ ਜਦਕਿ ਬਾਕੀ ਕੰਪਨੀਆਂ ਨਾਲ ਗੱਲ ਹੋ ਗਈ ਹੈ ਸਿਰਫ਼ ਲਿਖਤੀ ਸਮਝੌਤਾ ਹੋਣ ਵਾਲਾ ਹੀ ਰਹਿ ਗਿਆ ਹੈ। ਯਾਦ ਰਹੇ, ਪਿਛਲੇ ਦੋ ਹਫ਼ਤਿਆਂ ਤੋਂ ਜੀ.ਟੀ.ਏ. ਵਿਚ ਕੰਮ ਕਰਦੇ ਡੰਪ ਟਰੱਕ ਡਰਾਈਵਰਾਂ ਅਤੇ ਓਨਰ ਓਪਰੇਟਰਾਂ ਵਲੋਂ ਓਨਟਾਰੀਓ ਡੰਪ ਟਰੱਕ ਐਸੋਸੀਏਸ਼ਨ ਦੇ ਸੱਦੇ ’ਤੇ ਅਣਮਿਥੇ ਸਮੇਂ ਲਈ ਡਿਕਸੀ/ਡੇਅਰੀ ਰੋਡ ’ਤੇ ਡਿਕਸੀ ਗੁਰੂਘਰ ਦੀ ਪਾਰਕਿੰਗ ਲਾਟ ਵਿਚ ਡੰਪ ਟਰੱਕ ਖੜੇ ਕਰ ਕੇ ਆਪਣੀ ਹੜਤਾਲ ਸ਼ੁਰੂ ਕਰ ਦਿੱਤੀ ਸੀ। ਇਸ ਹੜਤਾਲ ਵਿਚ 500 ਦੇ ਕਰੀਬ ਟਰੱਕ/ਟਰੱਕ ਡਰਾਈਵਰ ਸ਼ਾਮਲ ਸਨ, ਜਿਨ੍ਹਾਂ ਵਿਚ ਸਾਰੀਆਂ ਕਮਿਊਨਿਟੀਆਂ ਦੇ ਡਰਾਈਵਰ ਸਨ ਪਰ ਜ਼ਿਆਦਾਤਰ ਪੰਜਾਬੀ ਸਨ।

# ਭਾਰਤ ਦੀ ਸੋਸ਼ਲਿਸਟ ਸਾਵੰਤ ਦੀ ਸ਼ਾਨਦਾਰ ਪ੍ਰਾਪਤੀ

ਵਾਸ਼ਿੰਗਟਨ (ਨਦਬ) : ਅਮਰੀਕਾ ਦੇ ਸਿਆਟਲ ਸ਼ਹਿਰ ’ਚ ਇੱਕ ਕਾਨੂੰਨ ਪਾਸ ਕੀਤਾ ਗਿਆ ਹੈ, ਜਿਸ ਤਹਿਤ ਕਾਮਿਆਂ ਦੀ ਘੱਟੋ-ਘੱਟ ਮਜ਼ਦੂਰੀ 15 ਡਾਲਰ ਪ੍ਰਤੀ ਘੰਟਾ ਕਰ ਦਿੱਤੀ ਗਈ ਹੈ। ਇਹ ਤਨਖਾਹ ਅਮਰੀਕਾ ’ਚ ਸਭ ਤੋਂ ਜ਼ਿਆਦਾ ਹੈ। ਇਹ ਸਭ ਕੁਝ ਭਾਰਤੀ ਮੂਲ ਦੀ ਅਮਰੀਕੀ ਮਹਿਲਾ ਸ਼ਮ੍ਹਾ ਸਾਵੰਤ ਦੀ ਕੋਸ਼ਿਸ਼ ਕਾਰਨ ਹੀ ਸੰਭਵ ਹੋਇਆ। 41 ਸਾਲਾ ਸ਼ਮ੍ਹਾ ਪਿਛਲੇ ਸਾਲ ਨਵੰਬਰ ’ਚ ਸਿਆਟਲ ਸਿਟੀ ਕੌਂਸਲ ’ਚ ਸੋਸ਼ਲਿਸਟ ਅਲਟਰਲੇਟਿਵ ਉਮੀਦਵਾਰ ਵਜੋਂ ਚੁਣੀ ਗਈ ਸੀ। ਉਹਨਾਂ ਨੇ ਆਪਣੀ ਮੁਹਿੰਮ ’ਚ ਘੱਟੋ-ਘੱਟ ਮਜ਼ਦੂਰੀ ਵਧਾਉਣ ਅਤੇ ਅਮੀਰਾਂ ’ਤੇ ਟੈਕਸ ਲਾਉਣ ਦੇ ਵਾਅਦੇ ਕੀਤੇ ਸਨ। ਉਹਨਾਂ ਦੀ ਚੋਣ ਮੁਹਿੰਮ ’ਚ 4 ਲੱਖ ਵੋਟਰਾਂ ਦੇ ਇੱਕ ਵੱਡੇ ਹਿੱਸੇ ਵਰਕਿੰਗ ਕਲਾਸ ਦੇ ਲੋਕਾਂ ਨੇ ਅਹਿਮ ਯੋਗਦਾਨ ਪਾਇਆ। ਖੁਦ ਨੂੰ ਸੋਸ਼ਲਿਸਟ ਕਹਿਣ ਵਾਲੀ ਸ਼ਮ੍ਹਾ ਨੇ ਕਿਹਾ ਕਿ ਅਮਰੀਕਾ ਦਾ ਸਿੱਖਿਆ ਸਿਸਟਮ ਪੂੰਜੀਵਾਦੀ ਸਿਸਟਮ ਦੀ ਪੈਰਵੀ ਕਰਦਾ ਹੈ ਅਤੇ ਦੱਸਦਾ ਹੈ ਕਿ ਯੂਨੀਅਨਿਸਟ ਬੁਰੇ ਹਨ ਅਤੇ ਗਰੀਬ ਇਸ ਲਈ ਗਰੀਬ ਹਨ ਕਿ ਉਹ ਸੁਸਤ ਹਨ। ਸਿਟੀ ਕੌਂਸਲ ਲਈ ਚੁਣੇ ਜਾਣ ਮਗਰੋਂ ਸ਼ਮ੍ਹਾ ਨੇ ਅੱਟੋ-ਘੱਟ ਮਜ਼ਦੂਰੀ ’ਚ ਵਾਧੇ, ਰੈਂਟ ਕੰਟਰੋਲ ਲਾਗੂ ਕਰਨ, ਸਰਕਾਰੀ ਯੂਨੀਅਨਾਂ ਦੀ ਸੁਰੱਖਿਆ ਅਤੇ ਅਮੀਰਾਂ ’ਤੇ ਵੱਧ ਟੈਕਸ ਵਰਗੇ ਮੁੱਦਿਆਂ ’ਤੇ ਕੰਮ ਕੀਤਾ ਅਤੇ ਅਗਲੀ ਮੁਹਿੰਮ ’ਚ ਉਹਨਾਂ ਨੂੰ ਕਾਮਿਆਂ ਦੀ ਹਮਾਇਤ ਮਿਲੀ। ਉਹਨਾਂ ਦੀ ਮੁਹਿੰਮ ਉਸੇ ਵੇਲੇ ਸਫਲ ਹੋ ਗਈ, ਜਦੋਂ ਸੋਮਵਾਰ ਨੂੰ ਸਿਟੀ ਕੌਂਸਲ ਨੇ ਘੱਟੋ-ਘੱਟ 15 ਡਾਲਰ ਪ੍ਰਤੀ ਘੰਟਾ ਮਜ਼ਦੂਰੀ ਬਾਰੇ ਕਾਨੂੰਨ ਪਾਸ ਕਰ ਦਿੱਤਾ।



Rajbir Singh

BMO Bank of Montreal

(Mortgage Specialist)

Home financing expertise available at your convenience

ਮੌਰਗੇਜ਼ ਦੇ ਵਧੀਆ ਰੇਟ ਤੇ ਭਰੋਸੇਯੋਗ ਸੇਵਾਵਾਂ ਲਈ ਕਾਲ ਕਰੋ

Cell: 780-868-8690

raj.wander@bmo.com

Ask about.....Personal Services

- First Time Home Buyer
- Best Mortgage Rates
- Flexible Options
- Construction Mortgage
- Self- Employed
- Line of Credit

# ਕਾਮਾਗਾਟਾ ਮਾਰੂ ਦੁਖਾਂਤ ਦੀ ਯਾਦ 'ਚ ਹਫ਼ਤਾ ਭਰ ਚਲੇ ਸਮਾਗਮ

## ਸਿਟੀ ਆਫ਼ ਐਡਮਿੰਟਨ ਨੇ 26 ਤੋਂ 31 ਮਈ ਤਕ ਐਲਾਨਿਆ ਸੀ ਕਾਮਾਗਾਟਾ ਮਾਰੂ ਵੀਕ

ਐਡਮਿੰਟਨ (ਕਿਰਤਮੀਤ): ਕਾਮਾਗਾਟਾ ਮਾਰੂ ਸ਼ਤਾਬਦੀ ਵਰ੍ਹੇ (1914-2014) ਮੌਕੇ ਕਨੇਡਾ ਸਮੇਤ ਵੱਖ-ਵੱਖ ਦੇਸ਼ਾਂ ਵਿਚ ਚਿੰਤਨ ਲੋਕਾਂ ਵਲੋਂ ਸਮਾਗਮ ਕਰਵਾਏ ਜਾ ਰਹੇ ਹਨ। ਪਰ ਇਹ ਘਟਨਾ ਕਨੇਡਾ ਵਾਸੀਆਂ ਲਈ ਵਿਸ਼ੇਸ਼ ਸਥਾਨ ਰੱਖਦੀ ਹੈ, ਕਿਉਂਕਿ ਕਾਮਾਗਾਟਾ ਮਾਰੂ ਨਾਮ ਦੇ ਜਹਾਜ਼ ਨੂੰ ਕਨੇਡਾ ਦੀ ਧਰਤੀ ਤੋਂ ਹੀ ਵਾਪਸ ਮੋੜਿਆ ਗਿਆ ਸੀ। ਹੁਣ ਇਹ ਸਾਫ਼ ਤੌਰ 'ਤੇ ਐਲਾਨ ਕਰ ਦਿੱਤਾ ਗਿਆ ਹੈ ਕਿ 1914 ਵਿਚ ਕਨੇਡਾ ਸਰਕਾਰ ਨੇ ਜਪਾਨੀ ਜਹਾਜ਼ ਕਾਮਾਗਾਟਾ ਮਾਰੂ ਰਾਹੀਂ ਸਮੁੰਦਰੀ ਸਫ਼ਰ ਕਰ ਕੇ ਕਨੇਡਾ ਦੀ ਬੰਦਰਗਾਹ 'ਤੇ ਪੁੱਜੇ 376 ਯਾਤਰੀਆਂ ਨਾਲ ਅਨਿਆਂ ਕੀਤਾ ਸੀ। ਉਹ ਕਨੇਡਾ ਦੀ ਧਰਤੀ 'ਤੇ ਆਪਣੀਆਂ ਅੱਖਾਂ ਵਿਚ ਬਹੁਤ ਸਾਰੇ ਸੁਪਨੇ ਸਜਾ ਕੇ ਆਏ ਸਨ ਪਰ ਕਨੇਡਾ ਸਰਕਾਰ ਵਲੋਂ ਉਨ੍ਹਾਂ ਨੂੰ ਬੰਦਰਗਾਹ 'ਤੇ ਹੀ ਮਹੀਨਿਆਂ ਤੱਕ ਬੰਦੀ ਬਣਾ ਕੇ ਰੱਖਿਆ ਗਿਆ ਤੇ ਅੰਤ ਵਿਚ ਜਲ ਸੈਨਾ ਦੇ ਕਰੂਜ਼ਰਾਂ ਦੀ ਸਹਾਇਤਾ ਨਾਲ ਉਹਨਾਂ ਨੂੰ ਵੈਨਕੂਵਰ ਦੀ ਬੰਦਰਗਾਹ ਤੋਂ ਜ਼ਬਰਦਸਤੀ ਹਟਾ ਦਿੱਤਾ ਗਿਆ। ਕਾਮਾਗਾਟਾਮਾਰੂ ਦੇ ਸੰਦਰਭ 'ਚ ਜੋ ਵੀ ਵਾਪਰਿਆ ਉਹ ਪੂਰੀ ਤਰ੍ਹਾਂ ਅਣਮਨੁੱਖੀ ਅਤੇ ਜ਼ਾਲਮਾਨਾ ਸੀ। ਕਨੇਡਾ ਸਰਕਾਰ ਦੇ ਇਮੀਗ੍ਰੇਸ਼ਨ ਅਫ਼ਸਰਾਂ ਦੀ ਉਸ ਵੇਲੇ ਦੀ ਇਹ ਕਾਰਵਾਈ ਪੂਰੀ ਤਰ੍ਹਾਂ ਰਾਜਨੀਤਕ ਉਦੇਸ਼ਾਂ ਤੋਂ ਪ੍ਰੇਰਤ ਸੀ। ਕਨੇਡਾ ਵਿਚ ਰਾਜਨੀਤੀਵਾਨਾਂ ਨੇ ਹਿੰਦੁਸਤਾਨੀਆਂ ਦੀ ਆਮਦ ਨੂੰ ਰਾਸ਼ਟਰ ਲਈ ਖ਼ਤਰਾ ਐਲਾਨ ਕਰ ਦਿੱਤਾ ਸੀ।



ਇਸ ਸਾਰੇ ਘਟਨਾਕ੍ਰਮ ਨੂੰ ਦਰਸਾਉਂਦੇ ਐਡਮਿੰਟਨ ਵਿਚ 26 ਮਈ ਤੋਂ ਲੈ ਕੇ 31 ਮਈ ਤੱਕ ਪੂਰਾ ਹਫ਼ਤਾ ਸਮਾਗਮ ਮਨਾਏ ਗਏ। ਸਿਟੀ ਆਫ਼ ਐਡਮਿੰਟਨ ਦੇ ਨੁਮਾਇੰਦਿਆਂ ਕੌਂਸਲਰ ਅਮਰਜੀਤ ਸੋਹੀ ਅਤੇ ਕੌਂਸਲਰ ਆਂਦਰਿਓ ਨੈਕ ਨੇ ਰਸਮੀਂ ਤੌਰ 'ਤੇ ਸਿਟੀ ਵਲੋਂ ਕਾਮਾਗਾਟਾ ਮਾਰੂ ਹਫ਼ਤਾ ਮਨਾਉਣ ਦਾ ਐਲਾਨ ਕੀਤਾ ਗਿਆ। ਤਿੰਨ ਨੌਜਵਾਨਾਂ ਜੱਸ ਪੰਧੇਰ, ਹਰਨੀਤ ਚਾਹਲ ਅਤੇ ਸਾਹਿਲ ਗੁਪਤਾ ਦੇ ਉਦਮਾਂ ਸਦਕਾ ਸੰਭਵ ਹੋਏ ਇਹ ਸਮਾਗਮ ਆਪਣੇ ਆਪ ਵਿਚ ਇਤਿਹਾਸਕ ਸਨ। ਇਨ੍ਹਾਂ ਨੌਜਵਾਨਾਂ ਨੂੰ ਜੋਨ ਹੰਫਰੀ ਸੈਂਟਰ ਅਤੇ ਸਿਟੀ ਆਫ਼ ਐਡਮਿੰਟਨ ਆਦਿ ਦਾ ਵੀ ਸਹਿਯੋਗ ਪ੍ਰਾਪਤ ਸੀ।

ਇਸ ਹਫ਼ਤੇ ਦੌਰਾਨ ਕਾਮਾਗਾਟਾ ਮਾਰੂ ਨਾਂ ਦੀ ਪ੍ਰਦਰਸ਼ਨੀ ਲਗਾਈ ਗਈ, ਜਿਸ ਵਿਚ ਇਸ ਘਟਨਾਕ੍ਰਮ ਨਾਲ ਸਬੰਧਤ ਕਾਗਜ਼ ਪੱਤਰ ਅਤੇ ਲਿਖਤਾਂ ਰੱਖੀਆਂ ਗਈਆਂ। ਇਸ ਤੋਂ ਇਲਾਵਾ ਇਸ ਨਾਲ ਜੁੜਿਆ ਹੋਰ ਬਹੁਤ ਸਾਰਾ ਕਲਾਤਮਕ ਕੰਮ ਇੱਥੇ ਪ੍ਰਦਰਸ਼ਤ ਕੀਤਾ ਗਿਆ। ਇਸ ਤੋਂ ਇਲਾਵਾ ਕਨੇਡਾ ਦੇ ਪ੍ਰਧਾਨ ਮੰਤਰੀ ਦਾ ਉਹ ਪੱਤਰ ਵੀ ਇਸ ਪ੍ਰਦਰਸ਼ਨੀ ਵਿਚ ਸ਼ਾਮਲ ਕੀਤਾ ਗਿਆ ਹੈ, ਜਿਸ ਵਿਚ ਉਨ੍ਹਾਂ ਨੇ ਕਿਹਾ ਸੀ ਕਿ ਜਹਾਜ਼ ਨੂੰ ਬੰਦਰਗਾਹ ਤੋਂ ਤੁਰੰਤ ਹਟਾ ਦਿੱਤਾ ਜਾਵੇ। ਇਸ ਫੋਟੋ ਗੈਲਰੀ ਦੀ ਖਾਸੀਅਤ ਇਹ ਵੀ ਸੀ ਕਿ ਇਸ ਪ੍ਰਦਰਸ਼ਨੀ ਵਿਚ ਇਕ ਗੈਰ-ਭਾਰਤੀ ਲੜਕੀ 'ਗਲੋਰੀਆ ਹੋ' ਵਲੋਂ ਬਣਾਈਆਂ ਤਸਵੀਰਾਂ ਵੀ ਸ਼ਾਮਲ ਸਨ।

ਸਿਟੀ ਆਰਟ ਗੈਲਰੀ ਵਿਖੇ ਬਹੁ-ਚਰਚਿਤ ਫ਼ਿਲਮਕਾਰ ਅਲੀ ਕਾਜ਼ਮੀ ਵਲੋਂ ਕਾਮਾਗਾਟਾ ਮਾਰੂ ਦੁਖਾਂਤ ਨੂੰ ਹੂ-ਬ-ਹੂ ਪੇਸ਼ ਕਰਦੀ ਫ਼ਿਲਮ 'ਕੰਟੀਨਿਊਅਸ ਜਰਨੀ' ਵਿਖਾਈ ਗਈ। ਆਰਟ ਗੈਲਰੀ ਵਿਚ ਅਲੀ ਕਾਜ਼ਮੀ ਦੀਆਂ ਕਿਤਾਬਾਂ ਅਤੇ ਉਨ੍ਹਾਂ ਵਲੋਂ ਬਣਾਈਆਂ ਹੋਰ ਡਾਕੂਮੈਂਟਰੀ ਫਿਲਮਾਂ ਦੀ ਪ੍ਰਦਰਸ਼ਨੀ ਵੀ ਲਾਈ ਗਈ। ਸਮਾਗਮ ਵਿਚ ਫ਼ਿਲਮਕਾਰ ਅਲੀ ਕਾਜ਼ਮੀ ਨੇ ਦਰਸ਼ਕਾਂ ਨਾਲ ਰੂ-ਬ-ਰੂ ਹੁੰਦਿਆਂ ਇਸ ਦੁਖਾਂਤ ਨੂੰ ਦਰਸਾਉਦੀ ਡਾਕੂਮੈਂਟਰੀ ਨੂੰ ਕਿਉਂ ਤੇ ਕਿਵੇਂ ਬਣਾਇਆ ਬਾਰੇ ਜਾਣਕਾਰੀ ਸਾਂਝੀ ਕੀਤੀ।

ਯੂਨੀਵਰਸਿਟੀ ਆਫ਼ ਅਲਬਰਟਾ ਵਿਖੇ ਕਵਿਤਾਵਾਂ, ਗੀਤਾਂ ਅਤੇ ਬਹਿਸਾਂ ਦਾ ਦੌਰ ਵੀ ਚੱਲਿਆ, ਜਿਸ ਵਿਚ ਵੱਖ-ਵੱਖ ਸ਼ਹਿਰਾਂ ਤੋਂ ਨਾਮੀ ਸ਼ਖਸ਼ੀਅਤਾਂ ਨੇ ਸ਼ਮੂਲੀਅਤ ਕੀਤੀ।



ਮਾਹਾਰਾਜਾ ਬੈਕਿਉਂਟ ਹਾਲ ਵਿਖੇ ਪੰਜਾਬੀ ਭਾਈਚਾਰੇ ਲਈ ਕਰਵਾਏ ਗਏ 'ਪੰਜਾਬੀ ਸਮਾਗਮ ਵਿਚ ਸਰੀ ਤੋਂ ਵਿਸ਼ੇਸ਼ ਸੱਦੇ 'ਤੇ ਆਏ ਪ੍ਰੋ. ਸਾਧੂ ਬਿਨਿੰਗ ਨੇ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ, ਜਦਕਿ ਡਾ. ਰਾਜ ਪਨੂੰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਸਮਾਗਮ ਨੂੰ ਸੈਕੂਲਰ ਪੀਪਲਜ਼ ਆਫ਼ ਐਡਮਿੰਟਨ ਦਾ ਸਹਿਯੋਗ ਪ੍ਰਾਪਤ ਸੀ। ਇਸ ਸਮਾਗਮ ਵਿਚ ਪ੍ਰੋ. ਸਾਧੂ ਬਿਨਿੰਗ ਦੀ ਕਿਤਾਬ 'ਫੌਜੀ ਬੰਤਾ ਸਿੰਘ' ਵੀ ਰਿਲੀਜ਼ ਕੀਤੀ ਗਈ। ਡਾ. ਰਾਜ ਪਨੂੰ ਨੇ ਕਿਹਾ ਕਿ ਜਿਸ ਤਰ੍ਹਾਂ 1914 ਵਿਚ ਨੀਤੀਆਂ ਬਣਾਈਆਂ ਗਈਆਂ ਸਨ, ਉਹ ਅੱਜ ਵੀ ਉਸੇ ਤਰ੍ਹਾਂ ਹੀ ਹਨ। ਕਾਮਾਗਾਟਾ ਮਾਰੂ ਦੇ ਦੁਖਾਂਤ ਵੇਲੇ ਵੀ ਚੇਤੰਨ ਲੋਕਾਂ ਨੇ ਲੜਾਈ ਲੜੀ ਸੀ ਤੇ ਅੱਜ ਵੀ ਚੇਤੰਨ ਲੋਕ ਹੀ ਸਮਾਜਦਾਰੀ ਦੇ ਖ਼ਿਲਾਫ਼ ਲੜਾਈ ਲੜ ਰਹੇ ਹਨ।

ਪ੍ਰੋ. ਸਾਧੂ ਬਿਨਿੰਗ ਨੇ ਕਿਹਾ ਕਿ ਸਾਨੂੰ ਅੱਜ ਵੀ ਇਹ ਲੜਾਈ ਜਾਰੀ ਰੱਖਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜਿਥੋਂ ਤਕ ਕਨੇਡਾ ਸਰਕਾਰ ਵਲੋਂ ਕਾਮਾਗਾਟਾ ਮਾਰੂ ਦੁਖਾਂਤ ਸਬੰਧੀ ਮਾਫ਼ੀ ਮੰਗਣ ਦੇ ਸਵਾਲ ਦਾ ਸਬੰਧ ਹੈ, ਇਸ ਮੁਆਫ਼ੀ ਨਾਲ ਕੋਈ ਫ਼ਰਕ ਨਹੀਂ ਪੈਣ ਲੱਗਾ ਕਿਉਂਕਿ ਸਰਕਾਰ ਵਲੋਂ ਆਪਣੀਆਂ ਨੀਤੀਆਂ ਵਿਚ ਕੋਈ ਵੀ ਬਦਲਾਅ ਨਹੀਂ ਕੀਤਾ ਜਾਣਾ। ਜਿੰਨਾ ਚਿਰ ਸਰਕਾਰ ਆਪਣੀਆਂ ਨੀਤੀਆਂ ਵਿਚ ਬਦਲਾਅ ਨਹੀਂ ਕਰਦੀ, ਓਨੀ ਦੇਰ ਮੁਆਫ਼ੀ ਦਾ ਕੋਈ ਅਰਥ ਨਹੀਂ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾਕ੍ਰਮ ਨੂੰ ਕਨੇਡਾ ਦਾ ਇਤਿਹਾਸ ਬਣਾ ਕੇ ਸਕੂਲਾਂ ਦੇ ਪਾਠਕ੍ਰਮ ਦਾ ਹਿੱਸਾ ਬਣਾਇਆ ਜਾਣਾ ਚਾਹੀਦਾ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਇਸ ਤੋਂ ਸਬਕ ਲੈ ਸਕਣ।

ਡਰਾਈਵਰਾਂ ਦੀ ਲੋੜ

ਏ.ਕੇ. ਨਿੱਝਰ ਟਰੱਕਿੰਗ ਲਿਮ. ਕੰਪਨੀ ਨੂੰ ਲੌਂਗ ਹਾਲ, ਸੈਂਡ ਐਂਡ ਗਰੈਵਲ ਟਰੱਕਾਂ ਲਈ ਡਰਾਈਵਰਾਂ ਦੀ ਜ਼ਰੂਰਤ ਹੈ। ਘੱਟੋ ਘੱਟ ਤਿੰਨ ਸਾਲ ਕੰਮ ਕਰਨ ਦਾ ਤਜ਼ਰਬਾ ਹੋਵੇ। ਵਧੀਆ ਤਨਖ਼ਾਹ।



ਸੰਪਰਕ : 780-271-5061

Email : v.nijjar@yahoo.ca

Emergency Service 24x7

Free Estimate with Treatment

GOLDEN ARROW PEST CONTROL INC.



CALL @ 780 462 6669

Specializing in:
Ants, Bees, Birds, Bedbugs, Flies,Bugs, Spiders, Flea, Mice/Rats, Cock-Roaches, Wasp, Squirrels, Gophers, Pigeons etc.

PROFESSIONAL CERTIFIED SERVICE PROVIDER FOR:
&

* Air-Guard And Konk- Fly Control Machines.
* Unwanted pests any kind 100% guarantee.
* Hanta Virus Clean-up & Disinfecting
* Exclusion work for Bird & Rodents.
* Special Gophers Poison
* bee's,Wasp,Hornet Control
* Home Protection Programs
* Residential and Commercial Experts

ਘਰਾਂ ਤੇ ਵਪਾਰਕ ਥਾਵਾਂ ਨੂੰ ਮੱਖੀਆਂ, ਕਾਕਰੋਚ, ਚੂਹਿਆਂ, ਕੀੜੀਆਂ ਅਤੇ ਹੋਰ ਅਣਚਾਹੇ ਜਾਨਵਰਾਂ ਤੋਂ ਮੁਕਤੀ ਲਈ ਅੱਜ ਹੀ ਕਾਲ ਕਰੋ **ਗੋਲਡਨ ਐਰੋ ਪੈਸਟ ਕੰਟਰੋਲ** ਨੂੰ।

M.S. (Sunny)
Expert Certified Service Technician
780 243 6705
908-77 AVE NW, Edmonton AB T6P 1M2
info@goldenarrowpestcontrol.com www.goldenarrowpestcontrol.com



ਇਸਤਰੀਆਂ ਅਤੇ ਮਰਦਾਂ ਦੇ ਹਰ ਕਿਸਮ ਦੇ ਕਪੜਿਆਂ ਨੂੰ ਠੀਕ ਕਰਵਾਉਣ (Alternation) ਲਈ ਸੰਪਰਕ ਕਰੋ। ਮਰਦਾਂ ਦੇ ਪਜਾਮੇ ਕੁੜਤੇ, ਪਠਾਣੀ ਸੂਟ, ਨਾਈਟ ਸੂਟ ਸਿਲਾਉਣ ਲਈ ਮਿਲੋ

ਰਵੀ ਵਰਮਾ

780-995-4461

# ਕੈਲਗਰੀ ਦੇ ਕਾਨੂੰਨੀ ਖੇਤਰ 'ਚ ਨਵਾਂ ਚਿਹਰਾ ਸ਼ਾਮਲ



ਕੈਲਗਰੀ (ਨਦਬ) : ਕੈਲਗਰੀ ਦੇ ਕਾਨੂੰਨੀ ਖੇਤਰ ਵਿਚ ਉਸ ਸਮੇਂ ਇਕ ਹੋਰ ਨਵਾਂ ਚਿਹਰਾ ਜੁੜ ਗਿਆ ਜਦੋਂ ਕ੍ਰਿਸ਼ਨਜੀਤ ਸਿੰਘ ਸਿਵੀਆ ਨੇ ਅਲਬਰਟਾ ਲਾਅ ਸੁਸਾਇਟੀ ਦੇ ਮੈਂਬਰ ਵਜੋਂ ਸਹੁੰ ਚੁੱਕੀ। ਇਹ ਸਹੁੰ ਜੱਜ ਪੀਟਰ ਮਾਰਟਿਨ ਦੀ ਅਦਾਲਤ ਵਿਚ ਚੁਕਾਈ ਗਈ। ਇਸ ਸਹੁੰ ਚੁੱਕ ਸਮਾਗਮ ਵਿਚ ਜਿਥੇ ਕ੍ਰਿਸ਼ਨਜੀਤ ਸਿੰਘ ਦੇ ਨੇੜਲੇ ਰਿਸ਼ਤੇਦਾਰ ਤੇ ਮਿੱਤਰ ਸ਼ਮਲ ਹੋਏ, ਉਥੇ ਕੈਲਗਰੀ ਦੇ ਨਾਮਵਰ ਵਕੀਲ ਵੀ ਸ਼ਾਮਲ ਹੋਏ। ਪ੍ਰਿੰਸੀਪਲ ਦੇ ਤੌਰ 'ਤੇ ਇਹ ਰਸਮ ਵਕੀਲ ਮਨਜੀਤ ਵਾਲੀਆ ਨੇ ਨਿਭਾਈ। ਜੱਜ ਨੇ ਆਪਣੇ ਵਲੋਂ ਸਿਵੀਆ ਨੂੰ ਸ਼ੁੱਭ ਇਛਾਵਾਂ ਤੇ ਹਾਜ਼ਰੀਨ ਨੂੰ ਵਧਾਈਆਂ ਦਿੱਤੀਆਂ। ਕ੍ਰਿਸ਼ਨਜੀਤ ਸਿੰਘ ਦਾ ਪਿਛੋਕੜ ਮੁਕਤਸਰ ਸਾਹਿਬ ਸ਼ਹਿਰ ਦਾ ਹੈ। ਉਨ੍ਹਾਂ ਦੇ ਪਿਤਾ ਬਲਦੇਵ ਸਿੰਘ ਸਿਵੀਆ ਸੀਨੀਅਰ ਵਕੀਲ ਹਨ। ਉਨ੍ਹਾਂ ਦੀ ਪ੍ਰੇਰਨਾ ਸਦਕਾ ਸਿਵੀਆ ਨੇ ਪੰਜਾਬ ਤੋਂ ਐਲ.ਐਲ.ਬੀ. ਦੀ ਡਿਗਰੀ ਲਈ ਅਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਵਜੋਂ ਅਤੇ ਅਸਿਸਟੈਂਟ ਤੇ ਡਿਪਟੀ ਐਡਵੋਕੇਟ ਜਨਰਲ ਪੰਜਾਬ ਦੇ ਤੌਰ 'ਤੇ 20 ਸਾਲ ਤੋਂ ਉਪਰ ਕੰਮ ਕੀਤਾ। ਸਾਲ 2009 ਵਿਚ ਉਹ ਕੈਲਗਰੀ ਵਿਚ ਵਸ ਗਏ। ਇਥੇ ਵੀ ਉਨ੍ਹਾਂ ਨੇ ਸਖ਼ਤ ਮਿਹਨਤ ਕਰ ਕੇ ਕਨੇਡੀਅਨ ਲਾਅ ਪਾਸ ਕਰ ਲਿਆ। ਇਸ ਤਰ੍ਹਾਂ ਉਨ੍ਹਾਂ ਨੂੰ ਕਨੇਡੀਅਨ ਬੈਰਿਸਟਰ ਸੋਲਿਸਟਰ ਐਂਡ ਨੋਟਰੀ ਪਬਲਿਕ ਦੀ ਡਿਗਰੀ ਪ੍ਰਾਪਤ ਹੋ ਗਈ। ਹੁਣ ਉਹ ਭਵਿੱਖ ਵਿਚ ਪੰਜਾਬੀ ਕਮਿਊਨਿਟੀ ਦੀ ਸੇਵਾ ਵਿਚ ਹਾਜ਼ਰ ਹੋ ਜਾਣਗੇ।

## ਭੋਗਲ ਪਰਿਵਾਰ ਨੂੰ ਸਦਮਾ

ਬੇਕਰਜ਼ਫ਼ੀਲਡ (ਨਦਬ) : ਇੰਡੋ-ਅਮਰੀਕਨ ਕਲਚਰਲ ਆਰਗੇਨਾਈਜ਼ੇਸ਼ਨ ਦੇ ਫ਼ਾਊਂਡਰ ਮੈਂਬਰ ਤੇ ਸਾਬਕਾ ਖ਼ਜ਼ਾਨਚੀ ਪ੍ਰਿਤਪਾਲ ਸਿੰਘ ਭੋਗਲ ਤੇ ਸਮੁੱਚੇ ਭੋਗਲ ਪਰਿਵਾਰ ਨੂੰ ਉਸ ਸਮੇਂ ਗਹਿਰ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਪਿਤਾ ਅਜੀਤ ਸਿੰਘ ਭੋਗਲ ਦੀ ਬੀਤੀ ਦਿਨੀਂ ਮੌਤ ਹੋ ਗਈ। ਇਹ ਵਿਛੋੜਾ ਜਿਥੇ ਭੋਗਲ ਪਰਿਵਾਰ ਲਈ ਅਸਹਿ ਹੈ, ਉਥੇ ਹੀ ਬੇਕਰਜ਼ਫ਼ੀਲਡ ਵਿਚ ਰਹਿੰਦੇ ਸਮੁੱਚੇ ਭਾਈਚਾਰੇ ਤੇ ਇੰਡੋ-ਅਮਰੀਕਨ ਕਲਚਰਲ ਆਰਗੇਨਾਈਜ਼ੇਸ਼ਨ ਲਈ ਵੀ ਦੁਖਦਾਈ ਹੈ। ਸੂੰਢ (ਸ਼ਹੀਦ ਭਗਤ ਸਿੰਘ ਨਗਰ) ਵਾਸੀ ਅਜੀਤ ਸਿੰਘ ਭੋਗਲ ਦੀ ਘਾਟ ਹਮੇਸ਼ਾ ਮਹਿਸੂਸ ਹੁੰਦੀ ਰਹੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਫ਼ੋਨ ਨੰਬਰ 661-978-5100, 661-754-2044, 661-344-8246 ਅਤੇ 661-319-1980 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਭਰਪੂਰ ਢਿੱਲੋਂ ਨੂੰ ਸਦਮਾ, ਦਾਦੇ ਦਾ ਦੇਹਾਂਤ

ਐਡਮਿੰਟਨ (ਨਦਬ) : ਐਡਮਿੰਟਨ ਵਾਸੀ ਭਰਪੂਰ ਢਿੱਲੋਂ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਦਾਦਾ ਅਮਰ ਸਿੰਘ ਢਿੱਲੋਂ ਜੋ ਇਸ ਵਕਤ ਨਇਆਂ ਗਰਾਉਂ, ਚੰਡੀਗੜ੍ਹ ਵਿਖੇ ਰਹਿ ਰਹੇ ਸਨ, ਦਾ ਲੰਘੀ 30 ਮਈ ਨੂੰ ਦੇਹਾਂਤ ਹੋ ਗਿਆ। ਅਮਰ ਸਿੰਘ ਢਿੱਲੋਂ 92 ਵਰ੍ਹਿਆਂ ਦੇ ਸਨ। ਅਦਾਰਾ 'ਨਵੀਂ ਦੁਨੀਆ' ਢਿੱਲੋਂ ਪਰਿਵਾਰ ਨਾਲ ਇਸ ਦੁੱਖ ਦੀ ਘੜੀ ਵਿਚ ਸ਼ਾਮਲ ਹੁੰਦਾ ਹੈ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਭਰਪੂਰ ਢਿੱਲੋਂ ਦੇ ਫ਼ੋਨ ਨੰਬਰ 780-996-1913 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਕਹਾਣੀਕਾਰ ਜਰਨੈਲ ਸਿੰਘ ਗਰਚਾ ਨਹੀਂ ਰਹੇ

ਬਰੈਂਪਟਨ (ਨਦਬ) : ਉੱਘੇ ਕਹਾਣੀਕਾਰ ਜਰਨੈਲ ਸਿੰਘ ਗਰਚਾ ਦਾ ਬੀਤੇ ਦਿਨੀਂ ਇੱਥੇ ਦਿਹਾਂਤ ਹੋ ਗਿਆ। ਉਹ ਲੰਬੇ ਸਮੇਂ ਤੋਂ ਕੈਂਸਰ ਦੀ ਬਿਮਾਰੀ ਨਾਲ ਜੂਝ ਰਹੇ ਸਨ। ਲੰਮਾ ਸਮਾਂ ਅਧਿਆਪਕ ਵਜੋਂ ਸੇਵਾਵਾਂ ਨਿਭਾਅ ਚੁੱਕੇ ਗਰਚਾ ਰਾਮ ਸਰੂਪ ਅਣਖੀ ਦੇ ਕਰੀਬੀ ਦੋਸਤ ਸਨ। ਲੇਖਕ ਹੋਣ ਦੇ ਨਾਲ-ਨਾਲ ਉਹ ਵਧੀਆ ਖਿਡਾਰੀ ਵੀ ਸਨ। ਹਾਕੀ, ਕਬੱਡੀ ਅਤੇ ਵਾਲੀਬਾਲ ਖੇਡਣ ਵਿਚ ਪੂਰੇ ਨਿਪੁੰਨ ਸਨ। 1949-50 ਤਕ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਹਾਕੀ ਅਲੈਵਨ ਦੀ ਟੀਮ ਵਿਚ ਖੇਡੇ, ਮੁਰਾਦਾਬਾਦ, ਯੂ.ਪੀ. ਵਿਖੇ ਕਾਰੋਨੇਸ਼ਨ ਹਿੰਦੂ ਐਜੂਕੇਸ਼ਨ ਦੀ ਟੀਮ ਦੇ ਵਧੀਆ ਖਿਡਾਰੀ ਰਹੇ ਅਤੇ ਕਈ ਟੂਰਨਾਮੈਂਟ ਜਿੱਤੇ। 1950 ਵਿਚ ਪਿੰਡ ਬਿਲਗੇ ਦੀ ਕਬੱਡੀ ਟੀਮ ਬਹੁਤ ਮਸ਼ਹੂਰ ਸੀ ਤੇ ਗਰਚਾ ਉਸ ਟੀਮ ਦਾ ਹਿੱਸਾ ਰਹੇ ਅਤੇ ਆਲੇ ਦੁਆਲੇ ਦੇ ਪਿੰਡਾਂ ਦੇ ਸਾਰੇ ਟੂਰਨਾਮੈਂਟ ਜਿੱਤਦੇ ਰਹੇ। 1950 ਵਿਚ ਪੰਜਾਬ ਦੀ ਪਹਿਲੀ ਕਬੱਡੀ ਚੈਂਪੀਅਨਸ਼ਿਪ ਪ੍ਰੇਮ ਸਿੰਘ ਲਾਲਪੇਰਾ ਨੇ ਕਰਵਾਈ, ਉਸ ਵਿਚ ਪਿੰਡ ਵਲੋਂ ਖੇਡਣ ਦਾ ਮੌਕਾ ਮਿਲਿਆ ਅਤੇ ਦੂਜਾ ਸਥਾਨ ਲਿਆ। ਉਸ ਸਮੇਂ ਦੌਰਾਨ ਦੋਰਾਹੇ ਵਿਚ ਵੱਡਾ ਕਬੱਡੀ ਟੂਰਨਾਮੈਂਟ ਹੋਇਆ ਸੀ, ਜਿਸ ਵਿਚ ਪਾਕਿਸਤਾਨ ਦੀ ਟੀਮ ਨੂੰਹਰਾ ਨੇ ਟੂਰਨਾਮੈਂਟ ਜਿੱਤਿਆ, ਕਿਲ੍ਹਾ ਰਾਏਪੁਰ ਦਾ ਟੂਰਨਾਮੈਂਟ ਛੇ ਵਾਰ ਜਿੱਤਿਆ, ਲੁਧਿਆਣਾ ਦੇ ਟੂਰਨਾਮੈਂਟ ਵਿਚ ਪਿੰਡ ਸਵੱਦੀ ਦੀ ਟੀਮ ਨੂੰ ਹਰਾ ਕੇ ਦੋ ਵਾਰ ਮੈਚ ਜਿੱਤਿਆ। ਵਾਲੀਵਾਲ ਵਿਚ ਪਿੰਡ ਹਠੂਰ ਦੀ ਟੀਮ ਵਿਚ 5 ਸਾਲ ਖੇਡਣ ਦਾ ਮੌਕਾ ਮਿਲਿਆ, ਕਨੇਡਾ ਆ ਕੇ 1991 ਤੋਂ 2002 ਤਕ ਸਨ ਸ਼ਾਈਨ ਸੀਨੀਅਰਜ਼ ਕਲੱਬ ਵਿਚ ਖੇਡਿਆ। ਲਿਖਣ ਦਾ ਸ਼ੌਕ ਮੁੱਢ ਤੋਂ ਹੀ ਸੀ। ਪਹਿਲਾ ਕਹਾਣੀ ਸੰਗ੍ਰਹਿ 'ਲਿੱਲੀ' 1996 ਵਿਚ ਛਪਿਆ, ਦੂਜਾ 'ਸੱਚ ਦਾ ਮੁੱਲ' 2002 ਵਿਚ ਅਤੇ ਤੀਜਾ ਸੰਪਾਦਤ ਕਹਾਣੀ ਸੰਗ੍ਰਹਿ 'ਸੰਤਾਪ' 2001 ਵਿਚ ਛਪਿਆ। ਗਰਚਾ ਨੇ ਪੰਜਾਬੀ ਕਲਮਾਂ ਦੇ ਕਾਫ਼ਲਾ



ਦਾ 1992 ਤੋਂ ਹੁਣ ਤਕ ਕਈ ਸਾਲ ਸੰਚਾਲਨ ਵੀ ਕੀਤਾ ਤੇ ਉਹ ਪੰਜਾਬੀ ਕਹਾਣੀ ਮੰਚ ਟੋਰਾਂਟੋ, ਪੰਜਾਬੀ ਸੀਨੀਅਰਜ਼ ਕਲੱਬ ਬਰੈਂਪਟਨ ਦੇ ਮੈਂਬਰ ਵੀ ਰਹੇ। ਉਨ੍ਹਾਂ ਨੂੰ ਪੰਜਾਬੀ ਲਿਖਾਰੀ ਸਭਾ ਰਾਮਪੁਰ ਵਲੋਂ ਕਹਾਣੀ ਸੰਗ੍ਰਹਿ 'ਸੱਚ ਦਾ ਮੁੱਲ' ਲਈ ਸਨਮਾਨਤ ਵੀ ਕੀਤਾ ਗਿਆ ਤੇ ਇਸ ਤੋਂ ਇਲਾਵਾ ਹੋਰ ਵੀ ਕਈ ਮਾਣ-ਸਨਮਾਨ ਮਿਲੇ। ਉਨ੍ਹਾਂ ਦੀ ਹਮੇਸ਼ਾ ਇਹੀ ਇੱਛਾ ਰਹੀ ਕਿ ਉਹ ਆਖ਼ਰੀ ਦਮ ਤਕ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਦਾ ਰਹਿਣ, ਜੋ ਉਨ੍ਹਾਂ ਨੇ ਕੀਤੀ।

ਗਰਚਾ ਆਪਣੇ ਪਿਛੇ ਪਤਨੀ ਸੁਖਬੀਰ ਕੌਰ ਗਰਚਾ, ਬੇਟਾ ਹਰਪ੍ਰੀਤ ਸਿੰਘ ਗਰਚਾ, ਬੇਟੀ ਸਵਰਾਜ ਕੌਰ ਬੋਪਾਰਾਏ ਅਤੇ ਨੂੰਹ ਸਤਿੰਦਰ ਕੌਰ ਗਰਚਾ ਛੱਡ ਗਏ ਹਨ। ਉਨ੍ਹਾਂ ਦੀ ਮੌਤ 'ਤੇ ਟੋਰਾਂਟੋ ਦੇ ਅਦੀਬਾਂ ਬਲਰਾਜ ਚੀਮਾ, ਪੂਰਨ ਸਿੰਘ ਪਾਂਧੀ, ਡਾ. ਵਰਿਆਮ ਸਿੰਘ ਸੰਧੂ, ਡਾ. ਗੁਰਮਿੰਦਰ ਸਿੱਧੂ, ਡਾ. ਗੁਰਬਖਸ਼ ਭੰਡਾਲ, ਪ੍ਰੋ. ਜਗੀਰ ਸਿੰਘ ਕਾਹਲੋਂ, ਸੱਤਪਾਲ ਜੌਹਲ, ਕਰਨ ਅਜਾਇਬ ਸਿੰਘ ਸੰਘਾ, ਸੁਖਮਿੰਦਰ ਰਾਮਪੁਰੀ, ਜੋਗਿੰਦਰ ਅਣਖੀਲਾ, ਕੁਲਜੀਤ ਮਾਨ, ਹਰਜੀਤ ਗਿੱਲ, ਤਲਵਿੰਦਰ ਸਿੰਘ ਮੰਡ, ਮਲੂਕ ਸਿੰਘ ਕਾਹਲੋਂ, ਸੁਖਦੇਵ ਸਿੰਘ ਝੰਡ, ਪਰਮਪਾਲ ਸਿੰਘ ਸੰਧੂ, ਪਰਮਜੀਤ ਸਿੰਘ ਢਿੱਲੋਂ, ਕੁਲਵਿੰਦਰ ਖਹਿਰਾ, ਵਕੀਲ ਕਲੇਰ, ਓਂਕਾਰਪ੍ਰੀਤ, ਬਲਜਿੰਦਰ ਘੁਲਾਟੀ, ਪ੍ਰਿੰਸੀਪਲ ਸਰਵਣ ਸਿੰਘ ਪ੍ਰਿੰਸੀਪਲ ਬਲਕਾਰ ਸਿੰਘ ਬਾਜਵਾ, ਸੁਖਿੰਦਰ, ਬਲਬੀਰ ਮੋਮੀ, ਮੇਜਰ ਮਾਂਗਟ, ਇਕਬਾਲ ਮਾਹਲ, ਇਕਬਾਲ ਰਾਮੂਵਾਲੀਆ, ਗੁਰਜੀਤ ਸਿੰਘ, ਪਿਆਰਾ ਸਿੰਘ ਕੁੱਦੋਵਾਲ, ਸੁਰਜੀਤ ਕੌਰ, ਪਰਮਜੀਤ ਦਿਓਲ, ਜਤਿੰਦਰ ਰੰਧਾਵਾ, ਬਲਬੀਰ ਸੰਘੇੜਾ ਆਦਿ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਅਦਾਰਾ 'ਨਵੀਂ ਦੁਨੀਆ' ਵੀ ਇਸ ਦੁੱਖ ਦੀ ਘੜੀ ਵਿਚ ਗਰਚਾ ਪਰਿਵਾਰ ਨਾਲ ਦੁੱਖ ਸਾਂਝਾ ਕਰਦਾ ਹੈ।

HERBALIFE Independent Distributor

Health Nutrition, Fitness & Skincare

Natural Weight Management!!

ਕੀ ਤੁਸੀਂ ਆਪਣੇ ਵਧੇ ਹੋਏ ਭਾਰ ਤੋਂ ਪ੍ਰੇਸ਼ਾਨ ਹੋ ? ਕਿਉਂਕਿ ਵਧਿਆ ਭਾਰ ਆਪਣੇ ਨਾਲ ਸੌ ਬਿਮਾਰੀਆਂ ਲੈ ਕੇ ਆਉਂਦਾ ਹੈ ? ਜਾਂ ਤੁਸੀਂ ਸਭ ਕੁਝ ਕਰ ਕੇ ਥੱਕ ਚੁੱਕੇ ਹੋ ਤੇ ਭਾਰ ਘਟਣ ਦਾ ਨਾਮ ਨਹੀਂ ਲੈ ਰਿਹਾ ਤਾਂ ਫਿਕਰ ਨਾ ਕਰੋ। ਹੁਣੇ ਹੀ ਰਸ਼ਮਿੰਦਰ ਦਿਓਲ ਨਾਲ ਗੱਲ ਕਰੋ। ਉਹ ਕੁਦਰਤੀ ਤਰੀਕੇ ਨਾਲ ਭਾਰ ਘਟਾਉਣ ਵਿਚ ਤੁਹਾਡੀ ਮਦਦ ਕਰਨਗੇ। ਉਹ ਹਰ ਹਫ਼ਤੇ ਤੁਹਾਡੇ ਭਾਰਤ ਨੂੰ ਮੋਨੀਟਰ ਵੀ ਕਰਨਗੇ।

Rashminder Deol

have lots of energy, feel & look great

BUSINESS OPPORTUNITY

Tel : 403-293-0162 Cell : 403-477-4547



J. Oza & Associates

Immigration Services

Office : 204-480-1891, 204-227-0720

Unit 10 – 998 Keewatin Street, Winnipeg

- PNP
- Family & Spouse Sponsership
- Super/ Vistor Visa
- Study & Work Permit
- Affidavits
- Free Passport Photo with all secvices
- ਇਮੀਗਰੇਸ਼ਨ ਅਤੇ ਪਾਸਪੋਰਟ ਫੋਟੋ ਲਈ ਮਿਲੋ

Email : info@thecicg.com

Licensed Immigration Advocate & Practitioner

Member of ICCRC & Commis-sioner for Oaths.

# ਪੰਜਾਬ

## ਅੱਜ-ਕੱਲ੍ਹ

ਪੰਜਾਬ ਪਾਲ

## ਬਲੂ ਸਟਾਰ ਦੀ ਬਰਸੀ ਮੌਕੇ ਅਕਾਲ ਤਖ਼ਤ 'ਤੇ ਤਲਵਾਰਾਂ ਚੱਲੀਆਂ

ਸਾਕਾ ਨੀਲਾ ਤਾਰਾ ਦੀ 30ਵੀਂ ਬਰਸੀ ਮੌਕੇ ਅਕਾਲ ਤਖ਼ਤ 'ਤੇ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ 'ਚ ਸਿੱਖ ਧਿਰਾਂ, ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ, ਮਾਨ ਸਮਰਥਕਾਂ ਤੇ ਹੋਰ ਸਿੱਖ ਜਥੇਬੰਦੀਆਂ ਦੇ ਕਾਰਕੁਨਾਂ ਵਿਚਾਲੇ ਹਿੰਸਕ ਝੜਪਾਂ ਹੋਈਆਂ, ਜਿਸ ਵਿੱਚ ਕਿਰਪਾਨਾਂ ਚੱਲੀਆਂ, ਇਕ ਦੂਜੇ ਦੀਆਂ ਦਸਤਾਰਾਂ ਉਤਾਰੀਆਂ ਗਈਆਂ ਅਤੇ ਖ਼ੂਨ ਡੁੱਲਿਆ। ਇਨ੍ਹਾਂ ਝੜਪਾਂ ਵਿੱਚ ਦੋਹਾਂ ਧਿਰਾਂ ਦੇ 12 ਤੋਂ ਵੱਧ ਕਾਰਕੁਨ ਜ਼ਖ਼ਮੀ ਹੋਏ ਹਨ। ਸ਼੍ਰੋਮਣੀ ਕਮੇਟੀ ਨੇ ਇਸ ਘਟਨਾ ਲਈ ਸਿਮਰਨਜੀਤ ਸਿੰਘ ਮਾਨ ਅਤੇ ਅਮਰੀਕ ਸਿੰਘ ਅਜਨਾਲਾ ਧੜੇ ਨੂੰ ਜ਼ਿੰਮੇਵਾਰ ਠਹਿਰਾਇਆ ਹੈ ਜਦੋਂਕਿ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਸ ਮਾਮਲੇ ਦੀ ਜਾਂਚ ਕਰਵਾਉਣ ਦੀ ਗੱਲ ਆਖੀ ਹੈ।

ਵੇਰਵਿਆਂ ਅਨੁਸਾਰ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕਰਨ ਦੀ ਕਾਰਵਾਈ ਜਿਵੇਂ ਹੀ ਖ਼ਤਮ ਹੋਈ ਤਾਂ ਉਥੇ ਮੌਜੂਦ ਨੌਜਵਾਨਾਂ ਤੇ ਹੋਰਨਾਂ ਨੇ ਖ਼ਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਇਸ ਸਬੰਧ ਵਿੱਚ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਨੇੜੇ ਬੈਠੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੂੰ ਇਹ ਨਾਅਰੇ ਬੰਦ ਕਰਾਉਣ ਲਈ ਕਿਹਾ। ਇਸ 'ਤੇ ਸ੍ਰੀ ਮਾਨ ਨੇ ਮਾਈਕ 'ਤੇ ਸੰਬੋਧਨ ਕਰਨ ਦੀ ਆਗਿਆ ਮੰਗੀ ਪਰ ਉਨ੍ਹਾਂ ਨੂੰ ਆਗਿਆ ਨਹੀਂ ਦਿੱਤੀ ਗਈ। ਇਸ ਤੋਂ ਬਾਅਦ ਉਹ ਤੁਰੰਤ ਹੇਠਾਂ ਆ ਗਏ ਅਤੇ ਅਕਾਲ ਤਖ਼ਤ ਦੇ ਸਾਹਮਣੇ ਇਕੱਠੀ ਹੋਈ ਸੰਗਤ ਨੂੰ ਸੰਬੋਧਨ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦੀ ਆਵਾਜ਼ ਸੰਗਤ ਤੱਕ ਨਾ ਪੁੱਜਣ ਕਾਰਨ ਕੁਝ ਮਾਨ ਸਮਰਥਕ ਉਪਰ ਅਕਾਲ ਤਖ਼ਤ 'ਚ ਰੱਖੇ ਮਾਈਕ ਨੂੰ ਲੈਣ ਲਈ ਚਲੇ ਗਏ, ਜਿਥੇ ਪ੍ਰਬੰਧਕਾਂ ਵੱਲੋਂ ਨਾਂਹ ਕਰਨ 'ਤੇ ਤਕਰਾਰ ਸ਼ੁਰੂ ਹੋ ਗਈ। ਇਹ ਤਕਰਾਰ ਹੱਥੋਪਾਈ ਵਿੱਚ ਬਦਲ ਗਈ ਅਤੇ ਅਕਾਲ ਤਖ਼ਤ ਦੇ ਪੰਜ ਪਿਆਰਿਆਂ ਵਿੱਚ ਸ਼ਾਮਲ ਭਾਈ ਸਤਨਾਮ ਸਿੰਘ ਜ਼ਖ਼ਮੀ ਹੋ ਗਏ। ਇਸ ਦੌਰਾਨ ਮਾਨ ਸਮਰਥਕ ਅਤੇ ਹੋਰ ਸਿੱਖ ਜਥੇਬੰਦੀਆਂ ਦੇ ਕਾਰਕੁਨ ਖ਼ਾਲਿਸਤਾਨ ਜ਼ਿੰਦਾਬਾਦ ਅਤੇ ਅਕਾਲੀ ਸਰਕਾਰ ਮੁਰਦਾਬਾਦ ਆਦਿ ਦੇ ਨਾਅਰੇ ਲਾਉਂਦੇ ਹੋਏ ਮੁੜ ਅਕਾਲ ਤਖ਼ਤ 'ਚ ਪਹੁੰਚ ਗਏ, ਜਿਥੇ ਉਸ ਵੇਲੇ ਤੱਕ ਵੱਡੀ ਗਿਣਤੀ ਵਿੱਚ ਟਾਸਕ ਫੋਰਸ ਦੇ ਕਰਮਚਾਰੀ ਵੀ ਇਕੱਠੇ ਹੋ ਗਏ ਸਨ। ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿੱਚ ਹੀ ਦੋਹਾਂ ਧਿਰਾਂ ਵਿਚਾਲੇ ਮੁੜ ਤਕਰਾਰ ਸ਼ੁਰੂ ਹੋ ਗਈ ਅਤੇ ਜਲਦੀ ਹੀ ਇਹ ਤਕਰਾਰ ਹਿੰਸਕ ਝੜਪ ਵਿੱਚ ਬਦਲ ਗਈ। ਦੋਹਾਂ ਧਿਰਾਂ ਨੇ ਕਿਰਪਾਨਾਂ ਖਿੱਚ ਲਈਆਂ ਅਤੇ ਇਕ ਦੂਜੇ 'ਤੇ ਵਾਰ ਕਰਨੇ ਸ਼ੁਰੂ ਕਰ ਦਿੱਤੇ। ਟਾਸਕ ਫੋਰਸ ਦੇ ਕਰਮਚਾਰੀਆਂ ਨੇ ਹਮਲਾ ਬੋਲਦਿਆਂ ਇਨ੍ਹਾਂ ਸਾਰਿਆਂ ਨੂੰ ਇਕ ਵਾਰ ਅਕਾਲ ਤਖ਼ਤ ਤੋਂ ਖਦੇੜ ਦਿੱਤਾ। ਉਸ ਵੇਲੇ ਅਕਾਲ ਤਖ਼ਤ ਦੀ ਪਹਿਲੀ ਅਤੇ ਹੇਠਲੀ ਮੰਜ਼ਿਲ 'ਤੇ ਅਖੰਡ ਪਾਠ ਚਲ ਰਹੇ ਸਨ। ਹਿੰਸਕ ਝਗੜੇ ਕਾਰਨ ਪੈਦਾ ਹੋਏ ਤਣਾਅ ਦੇ ਸਿੱਟੇ ਵਜੋਂ ਪਾਠ ਕਰ ਰਹੇ ਪਾਠੀ ਵੀ ਭੱਜ ਗਏ।



ਝੜਪਾਂ ਦੌਰਾਨ ਅੰਦਰ ਹੀ ਕਈ ਵਿਅਕਤੀ ਜ਼ਖ਼ਮੀ ਹੋਏ, ਜਿਨ੍ਹਾਂ ਦੇ ਖ਼ੂਨ ਨੇ ਹੇਠਾਂ ਵਿਛੀਆਂ ਚਿੱਟੀਆਂ ਚਾਦਰਾਂ ਦਾਗ਼ਦਾਰ ਕਰ ਦਿੱਤੀਆਂ। ਇਸ ਕਾਰਵਾਈ ਤੋਂ ਬਾਅਦ ਪ੍ਰਬੰਧਕਾਂ ਨੇ ਤੁਰੰਤ ਅਕਾਲ ਤਖ਼ਤ ਦੇ ਸਾਰੇ ਦਰਵਾਜ਼ੇ ਬੰਦ ਕਰ ਦਿੱਤੇ, ਜੋ ਕੁਝ ਸਮਾਂ ਬੰਦ ਰਹੇ ਅਤੇ ਸੰਗਤਾਂ ਨੂੰ ਵੀ ਮੱਥਾ ਟੇਕਣ ਲਈ ਨਹੀਂ ਜਾਣ ਦਿੱਤਾ ਗਿਆ।

ਮੁੜ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਅੰਦਰ ਤਾਇਨਾਤ ਚਿੱਟ ਕੱਪੜੀਏ ਪੁਲੀਸ ਵਾਲੇ ਵੀ ਇਕੱਠੇ ਹੋ ਗਏ, ਜਿਨ੍ਹਾਂ ਦੀ ਅਗਵਾਈ ਐਸਪੀ ਐਚਐਸ ਬਰਾੜ ਕਰ ਰਹੇ ਸਨ। ਉਹ ਲੰਮਾ ਸਮਾਂ ਦੋਹਾਂ ਧਿਰਾਂ ਵਿਚਾਲੇ ਕੰਧ ਬਣ ਕੇ ਖੜ੍ਹੇ ਰਹੇ ਅਤੇ ਹੱਥ ਜੋੜ ਕੇ ਝਗੜੇ ਨੂੰ ਖ਼ਤਮ ਕਰਨ ਦੀ ਅਪੀਲ ਕਰਦੇ ਰਹੇ।

## ਬਾਦਲਾਂ ਵਾਲੇ ਵਿਭਾਗਾਂ ਵਿੱਚ ਹੀ ਵੱਧ ਭ੍ਰਿਸ਼ਟਾਚਾਰ

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ, ਮੁੱਖ ਸੰਸਦੀ ਸਕੱਤਰਾਂ, ਵਿਧਾਇਕਾਂ, ਹਲਕਾ ਇੰਚਾਰਜਾਂ, ਜ਼ਿਲ੍ਹਾ ਜਥੇਦਾਰਾਂ ਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਾਹਮਣੇ ਖੁਲਾਸਾ ਕੀਤਾ ਹੈ ਕਿ ਪੁਲੀਸ, ਮਾਲ ਅਤੇ ਬਿਜਲੀ ਵਿਭਾਗ ਦੇ ਭ੍ਰਿਸ਼ਟਾਚਾਰ ਕਾਰਨ ਸਰਕਾਰ ਦਾ ਲੋਕਾਂ ਵਿੱਚ ਅਕਸ ਵਿਗੜ ਰਿਹਾ ਹੈ। ਮੁਹਾਲੀ, ਸੰਗਰੂਰ, ਫਤਿਹਗੜ੍ਹ ਸਾਹਿਬ, ਨਵਾਂਸ਼ਹਿਰ ਤੇ ਹੋਰਨਾਂ ਕਈ ਜ਼ਿਲ੍ਹਿਆਂ ਦੇ ਅਕਾਲੀਆਂ ਨੇ ਕਿਹਾ ਕਿ ਹਾਲ ਹੀ 'ਚ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਜਿੱਥੇ ਰੇਤ ਬੱਜਰੀ, ਪ੍ਰਾਪਰਟੀ ਟੈਕਸ, ਕਲੋਨੀਆਂ ਨਿਯਮਤ ਕਰਨ ਲਈ ਲਗਾਈ ਫੀਸ ਆਦਿ ਦੇ ਮੁੱਦੇ ਭਾਰੂ ਰਹੇ ਉਥੇ ਇਨ੍ਹਾਂ ਵਿਭਾਗਾਂ ਦੇ ਭ੍ਰਿਸ਼ਟਾਚਾਰ ਕਾਰਨ ਵੀ ਲੋਕਾਂ 'ਚ ਸਰਕਾਰ ਵਿਰੁੱਧ ਰੋਹ ਹੈ। ਰੋਚਕ ਤੱਥ ਇਹ ਹੈ ਕਿ ਬਿਜਲੀ ਵਿਭਾਗ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇਖ ਰਹੇ ਹਨ। ਪੁਲੀਸ ਵਿਭਾਗ ਸੁਖਬੀਰ ਸਿੰਘ ਬਾਦਲ ਅਤੇ ਮਾਲ ਮਹਿਕਮੇ ਦੇ ਮੰਤਰੀ ਬਿਕਰਮ ਸਿੰਘ ਮਜੀਠੀਆ ਹਨ। ਇਹ ਮੀਟਿੰਗਾਂ ਪਾਰਟੀ ਆਗੂਆਂ ਤੋਂ ਲੋਕ ਸਭਾ ਚੋਣਾਂ ਵਿੱਚ ਹਾਰ ਦੇ ਕਾਰਨਾਂ ਦੀ ਸਮੀਖਿਆ ਲਈ ਬੁਲਾਈਆਂ ਗਈਆਂ ਸਨ। ਸੁਖਬੀਰ ਬਾਦਲ ਆਪਣੇ ਵਿਭਾਗਾਂ ਵਿੱਚ ਰਿਸ਼ਵਤਖੋਰੀ ਬਿਨਾਂ ਕੰਮ ਨਾ ਹੋਣ ਅਤੇ ਅਫਸਰਾਂ ਦੇ ਬੇਲਗਾਮ ਹੋਣ ਦੇ ਤੱਥ ਸੁਣਕੇ ਹੈਰਾਨ ਰਹਿ ਗਏ ਕਿਉਂਕਿ ਪ੍ਰਸ਼ਾਸਕੀ ਸੁਧਾਰਾਂ ਨੂੰ ਲਾਗੂ ਕਰਦਿਆਂ ਸ੍ਰੀ ਬਾਦਲ ਨੇ ਇਨ੍ਹਾਂ ਵਿਭਾਗਾਂ ਨੂੰ ਭ੍ਰਿਸ਼ਟਾਚਾਰ ਮੁਕਤ ਕਰਨ ਦਾ ਦਾਅਵਾ ਕੀਤਾ ਸੀ।



ਸੂਤਰਾਂ ਮੁਤਾਬਕ ਅਕਾਲੀ ਦਲ ਦੇ ਆਗੂਆਂ ਨੇ ਦੱਸਿਆ ਕਿ ਪੁਲੀਸ ਵਿੱਚ ਭ੍ਰਿਸ਼ਟਾਚਾਰ ਇਸ ਹੱਦ ਤਕ ਹੈ ਕਿ ਸਿਫ਼ਾਰਿਸ਼ਾਂ ਤੋਂ ਬਾਅਦ ਵੀ ਪੁਲੀਸ ਮੁਲਾਜ਼ਮ ਵੱਢੀ ਲਏ ਬਿਨਾਂ ਕਿਸੇ ਦਾ ਕੰਮ ਨਹੀਂ ਕਰਦੇ। ਅਕਾਲੀ ਆਗੂਆਂ ਨੇ ਪੁਲੀਸ ਮੁਲਾਜ਼ਮਾਂ ਦੀ ਅਮਰਵੇਲ ਵਾਂਗ ਵਧਦੀ ਜਾਇਦਾਦ 'ਤੇ ਵੀ ਸਵਾਲ ਖੜ੍ਹੇ ਕੀਤੇ। ਕਈ ਆਗੂਆਂ ਨੇ ਪੁਲੀਸ ਜ਼ਿਆਦਤੀਆਂ ਦੇ ਮੁੱਦੇ ਵੀ ਚੁੱਕੇ। ਮੀਟਿੰਗ ਵਿੱਚ ਸ਼ਾਮਲ ਆਗੂਆਂ ਨੇ ਦੱਸਿਆ ਕਿ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਹੀ ਸਵਾਲ ਪੁੱਛਿਆ ਕਿ ਸਰਕਾਰ ਵੱਲੋਂ ਵਿਕਾਸ ਕਾਰਜ ਕਰਨ ਦੇ ਬਾਵਜੂਦ ਲੋਕ ਹਾਕਮ ਪਾਰਟੀਆਂ ਵਿਰੁੱਧ ਕਿਉਂ ਭੁਗਤੇ। ਅਕਾਲੀ ਆਗੂਆਂ ਨੇ ਪਾਰਟੀ ਪ੍ਰਧਾਨ ਨੂੰ ਦੱਸਿਆ ਕਿ ਮਾਲ ਵਿਭਾਗ ਵਿੱਚ ਪਟਵਾਰੀ ਤੋਂ ਤਹਿਸੀਲਦਾਰ ਤੱਕ ਰਿਸ਼ਵਤਖੋਰੀ ਦਾ ਜੋ ਰੁਝਾਨ ਸੀ ਉਸ ਵਿੱਚ ਕੋਈ ਕਮੀ ਨਹੀਂ ਆਈ ਸਗੋਂ ਭ੍ਰਿਸ਼ਟਾਚਾਰ ਪਹਿਲਾਂ ਨਾਲੋਂ ਵੀ ਵਧਿਆ ਹੈ। ਇਸੇ ਤਰ੍ਹਾਂ ਬਿਜਲੀ ਨਿਗਮ ਦਾ ਹਰ ਕਰਮਚਾਰੀ ਪੈਸੇ ਲੈ ਕੇ ਹੀ ਕੰਮ ਕਰਦਾ ਹੈ ਤਾਂ ਲੋਕ ਵੋਟਾਂ ਵੇਲੇ ਸਰਕਾਰ ਵਿਰੁੱਧ ਗੁੱਸਾ ਕੱਢਣ ਤੱਕ ਚਲੇ ਗਏ।

ਮੀਟਿੰਗ 'ਚ ਸ਼ਾਮਲ ਹੋਏ ਅਕਾਲੀ ਆਗੂਆਂ ਨੇ ਕਿਹਾ ਕਿ ਰੇਤ ਬਜਰੀ ਦੇ ਭਾਅ ਆਸਮਾਨੀ ਚੜ੍ਹਨ ਤੇ ਕਿੱਲਤ ਕਾਰਨ ਸਰਕਾਰ ਪ੍ਰਤੀ ਲੋਕਾਂ ਵਿੱਚ ਬਹੁਤ ਜਿਆਦਾ ਨਾਰਾਜ਼ਗੀ ਹੈ। ਵਿਭਾਗਾਂ ਵਿੱਚ ਭ੍ਰਿਸ਼ਟਾਚਾਰ ਦੇ ਤੱਥਾਂ ਨੂੰ ਉਪ ਮੁੱਖ ਮੰਤਰੀ ਸਿਰਫ਼ ਲਿਖਦੇ ਹੀ ਰਹੇ ਤੇ ਕੋਈ ਟਿੱਪਣੀ ਨਹੀਂ ਕੀਤੀ। ਉਹ ਸ਼ਾਇਦ ਇਸ ਕਰਕੇ ਕਿਉਂਕਿ ਵਿਭਾਗ ਤਾਂ ਬਾਦਲ ਪਰਿਵਾਰ ਹੀ ਦੇਖ ਰਿਹਾ ਹੈ।

## ਮਾਲਵੇ ਦੇ ਪੋਸਤੀਆਂ ਵੱਲੋਂ ਤਰਨ ਤਾਰਨ ਵੱਲ ਮੁਹਾਰਾਂ



ਰਾਜਸਥਾਨ ਸਰਕਾਰ ਵੱਲੋਂ ਪੋਸਤ ਦੀ ਖੁੱਲ੍ਹੀ ਵਿਕਰੀ 'ਤੇ ਲਗਾਈ ਪਾਬੰਦੀ ਤੋਂ ਬਾਅਦ ਪੰਜਾਬ ਦੇ ਪੋਸਤ ਖਾਣ ਦੇ ਆਦੀ ਕਈ ਵਿਅਕਤੀ ਆਪਣੀਆਂ ਜਾਨਾਂ ਗਵਾ ਚੁੱਕੇ ਹਨ। ਪੋਸਤ ਨਾ ਮਿਲਣ ਕਾਰਨ ਪੰਜਾਬ ਦੇ ਖਾਸ ਕਰ ਮਾਲਵੇ ਅਤੇ ਦੁਆਬੇ ਦੇ ਰਹਿਣ ਵਾਲੇ ਪੋਸਤੀਆਂ ਦੀ ਜਾਨ ਨੂੰ ਬਣ ਆਈ ਹੈ, ਹੁਣ ਇਨ੍ਹਾਂ ਪੋਸਤੀਆਂ ਨੇ ਪੋਸਤ ਦੀ ਤੋੜ ਨੂੰ ਖਤਮ ਕਰਨ ਲਈ ਦਿੱਤੀ ਜਾਂਦੀ ਦਵਾਈ ਲੈਣ ਲਈ ਤਰਨ ਤਾਰਨ ਵੱਲ ਵਹੀਰਾਂ ਘੱਤ ਦਿੱਤੀਆਂ ਹਨ। ਰੋਜ਼ਾਨਾ ਹੀ ਵੱਡੀ ਗਿਣਤੀ ਵਿਚ ਇਹ ਪੋਸਤੀ ਤਰਨ ਤਾਰਨ ਸਿਵਲ ਹਸਪਤਾਲ ਤੋਂ ਦਵਾਈ ਲੈ ਕੇ ਆਪਣਾ ਡੰਗ ਟਪਾ ਰਹੇ ਹਨ। ਇਥੇ ਇਲਾਜ ਕਰਵਾਉਣ ਵਾਲੇ ਨਸ਼ੇੜੀਆਂ ਦੀ ਰੋਜ਼ਾਨਾ ਦੀ ਗਿਣਤੀ 500 ਤੋਂ ਵੱਧ ਹੈ ਅਤੇ ਸੂਬੇ ਦੇ ਕਿਸੇ ਵੀ ਹੋਰ ਹਸਪਤਾਲ ਵਿਚ ਇੰਨੀ ਵੱਡੀ ਗਿਣਤੀ ਵਿਚ ਨਸ਼ੇ ਦੇ ਮਰੀਜ਼ ਨਹੀਂ ਪਹੁੰਚਦੇ। ਰਾਜਸਥਾਨ ਵਿਚੋਂ ਪੋਸਤ ਨਾ ਮਿਲਣ ਕਾਰਨ ਸਰੀਰ ਨੂੰ ਆਉਣ ਵਾਲੇ ਕਸ਼ਟਾਂ ਤੋਂ ਛੁਟਕਾਰਾ ਪਾਉਣ ਲਈ ਇਹ ਪੋਸਤੀ ਹੁਣ ਰਾਤ ਨੂੰ ਹੀ ਤਰਨ ਤਾਰਨ ਪਹੁੰਚ ਜਾਂਦੇ ਹਨ। ਇਥੇ ਰਾਤ ਨੂੰ ਸਰਾਂਵਾਂ ਵਿਚ ਰਹਿਣ ਤੋਂ ਬਾਅਦ ਤੜਕਸਾਰ 6 ਵਜੇ ਹੀ ਇਹ ਪੋਸਤੀ ਸਿਵਲ ਹਸਪਤਾਲ ਪਹੁੰਚ ਕੇ ਕਤਾਰਾਂ ਵਿਚ ਲੱਗ ਜਾਂਦੇ ਹਨ। ਪਰਚੀ ਬਣਾਉਣ ਤੋਂ ਬਾਅਦ ਨਸ਼ਾ ਛੁਡਾਊ ਕੇਂਦਰ ਦੀ ਓ. ਪੀ. ਡੀ. ਵਿਚੋਂ ਉਨ੍ਹਾਂ ਨੂੰ ਬਕਾਇਦਾ ਨੰਬਰ ਦਿੱਤੇ ਜਾਂਦੇ ਹਨ ਅਤੇ ਇਹ ਨੰਬਰ ਸਿਰਫ 11 ਵਜੇ ਤੱਕ ਹੀ ਦਿੱਤੇ ਜਾਂਦੇ ਹਨ। ਇਸ ਤੋਂ ਬਾਅਦ ਆਉਣ ਵਾਲੇ ਵਿਅਕਤੀਆਂ ਨੂੰ ਅਗਲੇ ਦਿਨ ਦੇ ਨੰਬਰ ਦੇ ਦਿੱਤੇ ਜਾਂਦੇ ਹਨ। ਸਿਵਲ ਹਸਪਤਾਲ ਤਰਨ ਤਾਰਨ ਵਿਚ ਮਨੋਰੋਗ ਮਾਹਿਰ ਡਾਕਟਰ ਅਤੇ ਨਸ਼ਾ ਛੁਡਾਊ ਕੇਂਦਰ ਦੇ ਇੰਚਾਰਜ ਡਾ: ਰਾਣਾ ਰਣਬੀਰ ਸਿੰਘ ਰੋਜ਼ਾਨਾ ਹੀ 500 ਤੋਂ ਵੱਧ ਮਰੀਜ਼ਾਂ ਦਾ ਇਲਾਜ ਕਰਦੇ ਹਨ। ਮਾਲਵੇ ਵਿਚੋਂ ਆਏ ਗੁਰਦੀਪ ਸਿੰਘ, ਭਜਨ ਸਿੰਘ, ਮੁਖਤਾਰ ਸਿੰਘ ਆਦਿ ਨੇ ਦੱਸਿਆ ਕਿ ਉਹ ਮਹੀਨੇ ਵਿਚ ਕਰੀਬ 10 ਕਿਲੋ ਪੋਸਤ ਖਾ ਜਾਂਦੇ ਹਨ। ਡਾ: ਰਾਣਾ ਰਣਬੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਕੋਲ ਜ਼ਿਆਦਾ ਮਰੀਜ਼ ਹੈਰੋਇਨ ਪੀਣ ਦੇ ਆਉਂਦੇ ਸਨ, ਪਰ ਕੁਝ ਸਮੇਂ ਦੌਰਾਨ ਪੋਸਤ ਖਾਣ ਵਾਲੇ ਵਿਅਕਤੀ ਵੀ ਵੱਡੀ ਗਿਣਤੀ ਵਿਚ ਇਲਾਜ ਕਰਵਾਉਣ ਲਈ ਆ ਰਹੇ ਹਨ।

## ਖੁੱਸਦਾ ਜਨ ਆਧਾਰ ਦੇਖ ਕੇ ਅਕਾਲੀ ਦਲ ਨੇ ਨੀਤੀਆਂ 'ਚ ਕੀਤਾ ਬਦਲਾਅ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਲੋਕ ਸਭਾ ਚੋਣਾਂ 'ਚ ਲੱਗੇ ਝਟਕਿਆਂ ਤੋਂ ਬਾਅਦ ਆਪਣੀ ਕਾਰਜਸ਼ੈਲੀ ਬਦਲਣ ਲਈ ਮਜਬੂਰ ਹੋ ਗਏ ਹਨ। ਪਾਰਟੀ ਦੇ ਸੀਨੀਅਰ ਆਗੂਆਂ ਨਾਲ ਤਿੰਨ ਦਿਨ ਚੱਲੀਆਂ ਮੀਟਿੰਗਾਂ ਦੌਰਾਨ ਇਹ ਗੱਲ ਨਿੱਤਰ ਕੇ ਸਾਹਮਣੇ ਆਈ ਹੈ ਕਿ ਦਲ ਦੇ ਪ੍ਰਧਾਨ ਦੀ ਕਾਰਜਸ਼ੈਲੀ ਕਾਰਨ ਟਕਸਾਲੀ ਆਗੂ ਨੁਕਰੇ ਲੱਗ ਗਏ, ਨੌਜਵਾਨ ਵਰਗ ਦੂਰ ਹੋ ਗਿਆ ਤੇ ਸਰਕਾਰ ਵਿੱਚਲੇ ਭ੍ਰਿਸ਼ਟ ਤੰਤਰ ਤੋਂ ਲੋਕ ਦੁਖੀ ਹੋ ਗਏ ਹਨ।

ਸ੍ਰੀ ਬਾਦਲ ਨੇ ਪਾਰਟੀ ਦਾ ਪ੍ਰਧਾਨ ਬਣਨ ਤੋਂ ਬਾਅਦ ਪਹਿਲੀ ਵਾਰ ਐਲਾਨ ਕੀਤਾ ਹੈ ਕਿ ਉਹ ਪਾਰਟੀ ਦਫ਼ਤਰ ਵਿੱਚ ਬੈਠ ਕੇ ਆਮ ਲੋਕਾਂ ਤੇ ਵਰਕਰਾਂ ਦੀਆਂ ਸ਼ਿਕਾਇਤਾਂ ਸੁਣਨਗੇ। ਇਸ ਤੋਂ ਪਹਿਲਾਂ ਉਹ ਪਾਰਟੀ ਨੂੰ ਇਕ ਕੰਪਨੀ ਦੇ ਕਾਰਜਕਾਰੀ ਅਧਿਕਾਰੀ (ਸੀਈਓ) ਵਾਂਗ ਚਲਾਉਣ ਦੇ ਦਾਅਵੇ ਕਰਦੇ ਸਨ। ਸਾਲ 2007 ਵਿੱਚ ਸਰਕਾਰ ਬਣਨ ਤੋਂ ਬਾਅਦ ਅਕਾਲੀ ਦਲ ਦੀ ਚੜ੍ਹਤ ਦਾ ਦੌਰ ਹੀ ਮੰਨਿਆ ਜਾਂਦਾ ਹੈ। ਹੁਕਮਰਾਨ ਪਾਰਟੀ ਨੇ ਤਕਰੀਬਨ ਵੱਡੀਆਂ ਚੋਣਾਂ ਹੀ ਫ਼ਤਿਹ ਨਹੀਂ ਸੀ ਕੀਤੀਆਂ ਸਗੋਂ 2012 ਵਿੱਚ ਸੱਤਾ 'ਤੇ ਮੁੜ ਤੋਂ ਕਾਬਜ਼ ਹੋ ਕੇ ਇਤਿਹਾਸ ਵੀ ਸਿਰਜਿਆ। ਕਾਂਗਰਸ ਦੇ ਵੱਡੇ ਛੋਟੇ ਆਗੂ ਅਕਾਲੀ ਦਲ ਵੱਲ ਖਿੱਚੇ ਜਾਣ ਲੱਗੇ ਸਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਕਾਂਗਰਸੀਆਂ ਦੀਆਂ ਦਲਬਦਲੀਆਂ ਨੂੰ ਉਤਸ਼ਾਹਤ ਕਰਦੇ ਆ ਰਹੇ ਹਨ। ਕਾਂਗਰਸ ਦੇ ਸਾਬਕਾ ਮੰਤਰੀਆਂ ਦੀ ਤਾਂ ਗੱਲ ਛੱਡੋ ਦੋ ਮੌਜੂਦਾ ਵਿਧਾਇਕ ਕਾਂਗਰਸ ਛੱਡ ਕੇ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ ਸਨ। ਸ਼੍ਰੋਮਣੀ ਅਕਾਲੀ ਦਲ ਦੇਸ਼ ਦੀਆਂ ਪੁਰਾਣੀਆਂ ਤੇ ਇਤਿਹਾਸਕ ਪਾਰਟੀਆਂ ਵਿੱਚੋਂ ਇਕ ਹੈ। ਸੁਖਬੀਰ ਸਿੰਘ ਬਾਦਲ ਦੇ ਪਾਰਟੀ ਪ੍ਰਧਾਨ ਬਣਨ ਤੋਂ ਬਾਅਦ ਵੱਡੀਆਂ ਤਬਦੀਲੀਆਂ ਨਜ਼ਰ ਆ ਰਹੀਆਂ ਹਨ। ਸਭ ਤੋਂ ਵੱਡੀ ਤਬਦੀਲੀ ਇਹੀ ਹੈ ਕਿ ਪਾਰਟੀ ਵਿੱਚ ਹੁਣ ਬਾਦਲ ਪਰਿਵਾਰ ਤੋਂ ਬਿਨਾਂ ਸੁਪਰੀਮ ਕੋਈ ਦਿਖਾਈ ਨਹੀਂ ਦੇ ਰਿਹਾ। ਪਾਰਟੀ ਦੇ ਸੀਨੀਅਰ ਆਗੂ ਖੁਦ ਬਿਆਨ ਕਰਦੇ ਹਨ ਕਿ ਜੋ ਵੀ ਵੱਡੇ ਫ਼ੈਸਲੇ ਲਏ ਜਾਂਦੇ ਹਨ, ਉਹ ਸਿਰਫ਼ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਦੇ ਪੱਧਰ 'ਤੇ ਹੀ ਲਏ ਜਾਂਦੇ ਹਨ। ਤਾਜ਼ਾ ਲੋਕ ਸਭਾ ਚੋਣਾਂ ਦੌਰਾਨ ਅਕਾਲੀ ਦਲ ਦੀ ਕਾਰਗੁਜ਼ਾਰੀ ਨੇ ਪਾਰਟੀ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਇਹ ਤਬਦੀਲੀ ਆਮ ਆਦਮੀ ਪਾਰਟੀ (ਆਪ) ਨੂੰ ਮਿਲੀ ਹਮਾਇਤ ਕਾਰਨ ਹੋਈ ਮੰਨੀ ਜਾ ਰਹੀ ਹੈ। ਸੁਖਬੀਰ ਬਾਦਲ ਨੇ ਕਈ ਸਾਲਾਂ ਬਾਅਦ ਪਾਰਟੀ ਆਗੂਆਂ ਤੋਂ ਜ਼ਮੀਨੀ ਹਕੀਕਤਾਂ ਦੀ ਜਾਣਕਾਰੀ ਲਈ।



ਪਾਰਟੀ ਆਗੂਆਂ ਦਾ ਦੱਸਣਾ ਹੈ ਕਿ ਸੁਖਬੀਰ ਸਿੰਘ ਬਾਦਲ ਨੇ ਮੰਤਰੀਆਂ ਦੀ ਖਿਚਾਈ ਵੀ ਕੀਤੀ ਹੈ। ਮੰਤਰੀਆਂ ਨੂੰ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਲਈ ਜ਼ਿਲ੍ਹਿਆਂ ਵਿੱਚ ਬੈਠਣ ਲਈ ਕਿਹਾ। ਮੰਤਰੀ ਵੀ ਆਪਣੇ ਵਿਭਾਗਾਂ ਵਿੱਚੋਂ ਸਫਾਈ ਕਰਨ ਲੱਗੇ ਹਨ। ਇਸੇ ਦੌਰਾਨ ਨਸ਼ਿਆਂ ਦੀ ਸਮਗਲਿੰਗ ਵਿੱਚ ਵੀ ਹਾਕਮ ਪਾਰਟੀ ਦੇ ਆਗੂਆਂ ਦਾ ਨਾਮ ਬੋਲਣ ਲੱਗ ਪਿਆ। ਨਸ਼ਿਆਂ ਦੀ ਸਮਗਲਿੰਗ ਦੇ ਮਾਮਲੇ 'ਤੇ ਸਰਕਾਰ ਬਦਨਾਮੀ ਦਾ ਦਾਗ਼ ਧੋਣ ਲਈ ਸਰਗਰਮ ਤਾਂ ਹੋ ਗਈ ਹੈ ਪਰ ਇਸ ਵਿੱਚ ਕਾਮਯਾਬੀ ਕਿੰਨੀ ਕੁ ਮਿਲਦੀ ਹੈ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

# Komagata Maru Centennial Commemoration 2014

**A Tribute to Patriots and Heroes of the Komagata Maru Movement**



Organizer

**Progressive Peoples Foundation of Edmonton (PPFE)**

&

**Punjab United Sports & Haritage Association of Edmonton (PUSHA)**



## 7th Shaheed Bhagat Singh Sports Tournament

Dedicated to Shaheed Bhagat Singh and his co-patriots Raj Guru & Sukhdev

*To provide a platform for our youth to play Soccer with a mission to strengthen community participation & infuse leadership spirit among them.*

## Saturday June 28 & Sunday June 29, 2014





**Camp Day & Time:**

**Every Saturday 2 to 4 pm (June 7, 14 & 21)**

## @Pollard Meadows School (1751 48 St NW Edmonton AB)

**For more information please contact:**

*Dr. P.R Kalia: 780 485 2989, Mohinder Banga: 780 913 1820, Iqbal Mahal: 780 995 7035, Gurvarinder Gill: 780 497 8801*
*Gurcharan Brar: 780 265 3752, Bakhash Sangha: 780 660 7520, Jasbir Sangha: 780 863 4055, Kamaljit Sidhu: 780 499 9913*
*Raju Virk: 780 298 4499, Dalbir Sangione: 780 995 5475, Gursewak Mann: 587 920 7710, Jagdev Sohi: 780 940 9941*
*Navtej Bains: 780 200 2872, Joginder Randhawa: 780 914 6251, Usha Bhachhu: 780 200 3078, Surinder Deol: 780 239 9038*
*Parminder Sooch: 780 297 6105, Jasvir Deol 780 906 4497, Harmandeep: 780 394 1940, Jagjeet Deol: 780 995 9508*


Punjabi Folk Dance Academy
ਪੰਜਾਬੀ Folk Dance Academy
Advance Overhead & Garage Doors Ltd.
ਆਓ ਅਨੰਦ ਮਾਣੀਏ ਝੂੰਮਰ, ਮਲਵਈ ਗਿੱਧਾ, ਭੰਗੜਾ ਤੇ ਬੋਲੀਆਂ ਦਾ
PRESENTS
Pammi Bai
Live in Concert
First time in Canada
Sunday, June 29, 2014 @ 4.00pm
Door Open 3:30 pm
Festival Place Sherwood Park, AB.
ਪੰਮੀ ਬਾਈ ਟੀਮ ਸਮੇਤ
ਪਹਿਲੀ ਵਾਰ ਕੈਨੇਡਾ ਵਿਚ
Tickets VIP & $25
ਟਿਕਟਾਂ ਸਾਰੇ ਭਾਰਤੀ ਗਰੋਸਰੀ ਸਟੋਰਾਂ 'ਤੇ ਉਪਲੱਬਧ ਹਨ।
FOR MORE INFO
Lalli Dhillon 780-885-3600
Tejinder Brar 780-709-7979
Gursewak Sidhu 780-399-8400
Sukhdev Dhanoa 780-700-5022
Jack Sandhu 780-695-9595
Sukhraman 587-708-2627
Jaskaran Brar 780-935-6565
Gurcharan Brar 780-278-7052
Shavinder Brar 780-710-3793
Tejwant Brar 780-708-0905
Karmjit Sohal 780-908-0360
Pritpal Sekhon 780-970-8302
Kuldeep Brar 780-297-8085
Sponsor's
Road King Truck Wash
Hand Wash, Wash Outs, Waxing, Polishing, Motorhomes
FULL SERVICE & SELF WASH
26 Strathmoor Drive Sherwood Park, AB
Phone : (780) 417-9409
Four Way Concrate 780- 935-6565
Balkar Randhawa
Sippy Toor
Baljinder Gill Road King Liquor Store
Wattan TV
Desh Videsh Times
Des Pardes Times
Lok Awaaz
Asian Times
Naib Sidhu
Daily Ajit
Baldev Dhailwal
Asian Grocery Store (Balkar Thind)
Alta Appliaces 780-446-7659
Har-G Brar Trucking Ltd
A1 Trussess (1993 Ltd.) 780-955-2225
All India Grocery Store
Ranjit Dhanoa
Manjinder Atwal 780-271-0434
ਨਵੀਂ ਦੁਨੀਆ
Nawi Dunia
Phone: 780-465-9118 info@nawidunia.com
Radio Sur Sangam
Radio Desh Punjab
Bikker Gill
Designed & Printed By Rainbow Copy & Printing (780) 461- 6000

# ALBERTA CARPET CENTRE LTD.

FLOOR COVERING CARPET LINO TILES GRANITE SLATE AREA RUGS HARDWOOD & LAMINATE

4238 99 St. Edmonton

GLASS MOSAICS STARTING AT 4.99/SF (4260 SF IN STOCK)

CARPET REM UNDER 7' x 12' ONLY 00.50 ¢/SQ FT
CARPET REM OVER 7' x 12' ONLY 00.89 ¢/SQ FT

MILLION DOLLAR INVENTORY REDUCTION SALE

PATTERNED CARPET 1.99/ SQ FT ( 11000+ S.Y IN STOCK)
100% BCF NYLON ONLY $ 1.39/SQ FT (1150 S.Y IN STOCK)
BERBER 0.79 ¢/SQ FT (8000 S.Y IN STOCK)

SEVERAL PATTERNS TO CHOOSE
PATTERNED COMMERTIAL CARPET (3500+ S.Y IN STOCK)
100 % BCF NYLON STARTING AT 1.39/SF
TEXTURED CARPET 100% BCF NYLON

MAPLEHARDWOOD 4/4 x 5/8" 3.99 / SF (4,000 SF IN STOCK)

HUGE SELECTION OF TILES TO CHOOSE
TILES STARTING AT $ 1.29 / SF (OVER 350,000 SF IN STOCK)
CERAMIC 13.5" x 13.5" 1.29/SF (8870 IN STOCK) 2 COLORS TO CHOOSE
PORCELEIN TILE 13" x 13" 1.79/ SF (20,239 SF IN STOCK) 4 COLORS TO CHOOSE

SUPER BLOWOUT SALE!

CALL BALBIR SINGH JAGGI
780 435 9410
Fax: 780 435 2596



# ROCKY'S PIZZA

Phone 780-423-2323
4227 - 23 Ave Edmonton, AB T6L 5Z8

Now Open - Take Out and Delivery
Hockey Game Day Specials
Open until 11:00 PM Weekdays & 12:00 AM Friday & Saturday

ROCKY'S PIZZA
PACKS A LOT OF PUNCH!!
780 423 2323



# Lunch & Dinner Buffet





ALL INDIA
RESTAURANT & SWEETS
780-463-7770 • 4249 – 23 Ave Edmonton, AB T6L 5Z8 • www.allindiarestaurant.ca

# A-WIN Insurance

## What we Offer

- Home
- Auto Insurance
- RV Insurance
- Travel Insurance
- Emergency Road Services
- Auto Mobile Warranty Services
- Commercial Insurance
- D & O Coverage
- E & O Insurance

ਕਾਰ, ਮੋਟਰਸਾਈਕਲ, ਘਰ, ਕੰਡੋਮੀਨੀਅਮ, ਕਿਰਾਏਦਾਰ, ਟਰੱਕ, ਲੌਂਗਹਾਲ , ਗਰੈਵਲ, ਕਮਰਸ਼ੀਅਲ, ਬਿਜ਼ਨਸ, ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

**ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਫ਼ੋਨ ਕਰੋ**

Quick Quotes When You Need Them



Discounts up to 60%
Payment Options available

### Western Canada's

Biggest Brokers Team, designed to serve Canadian's with solutions for your personal and professional insurance needs.

### When Time and Money Matters

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

*MON - FRI : 9:00 a.m -- 5:00 pm*
*SAT till 2:00 p.m by appointments only*
*Closed on Sunday & Stat Holidays.*







A-WIN: MAKING LIFE EASY

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ।

We Provide Services In English, Punjabi, Hindi & Urdu.

SMI SASKATCHEWAN MUTUAL INSURANCE COMPANY
PROVIDING PEACE OF MIND 100 YEARS & BEYOND

**Edmonton: 780-465-6900**
ਜਸਵੀਰ ਦਿਓਲ, ਨਵਤੇਜ ਬੈਂਸ, ਰਮਨ ਗਿੱਲ, ਰਾਜਬੀਰ ਸਿੰਘ, ਮਨਿੰਦਰ ਕੌਰ, ਜ਼ੌਸ਼ ਡੈਨੀਅਲ, ਅਮਨ ਖਰੌੜ

**Calgary: 403-775-2100**
ਜੈਸੀ ਸਿੰਘ, ਰੂਪੀ ਚੇਰਾ, ਹਰਪ੍ਰੀਤ ਉੱਪਲ, ਤਰਨਪ੍ਰੀਤ ਮੈਹਦਵਾਨ

**ADVANCED Roofing Systems Ltd.**

RESIDENTIAL COMMERCIAL

- Residential/Commercial Insurance Claims
- Asphalt & Specialty Shingles
- Siding, Soffits, Fascia
- 2 Ply Membranes (SBS)
- Cedar Shakes
- New & Re-Roof Specialists
- Condominiums Welcome
- Steep Roofs Welcome
- Licaenced & Insured
- Pine Shake Replacement
- Roof Top Snow removel
- FREE Estimates



Gill Olson (Manager)

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365

**Gurkeerat Holding Ltd.**



- We Build New House
- We Build Basement
- We Do Renovation
- Kitchen Cabinets

ਨਵਾਂ ਘਰ, ਨਵੀਂ ਬੇਸਮੈਂਟ, ਰੈਨੋਵੇਸ਼ਨ ਕਰਵਾਉਣ, ਸਸਤੀਆਂ ਅਤੇ ਵਧੀਆ ਕਿਚਨ ਕੈਬਨਿਟਾਂ ਲਈ ਵਧੀਆ ਕੰਮ ਅਤੇ ਵਾਜਬ ਰੇਟ ਲਈ ਸਾਨੂੰ ਕਾਲ ਕਰੋ

Ph. 780-996-2873

**G DRIVING SCHOOL LTD.**

Authorised teach Certification Course



Gurcharan Singh Garcha (M.Sc. M.Ed.)

EDMONTON'S NO. 1 DRIVING SCHOOL

ਕਿਸੇ ਵੀ ਤਰ੍ਹਾਂ ਦਾ ਡਰਾਇਵਿੰਗ ਲਾਇਸੈਂਸ ਲੈਣ ਲਈ ਭਰੋਸੇਮੰਦ ਨਾਮ G DRIVING SCHOOL

Services available in English, Punjabi, Hindi & Urdu



Male & Female Instructors are available | VEHICLE PROVIDE FOR ROAD TEST | Free Pickup & Drop Off in Edmonton & Area

9866-41 Ave. Edmonton AB T6E 5L6

Ph. : Off 780-229-1332, Cell : 780-907-0332, Fax : 780-229-0593

E-mail : info@gdrivingshool.com, www.gdrivingschool.com

**PIZZA 99**





Serving for over 16 years

Call (780) 450-9900

ਮਸਾਲੇਦਾਰ ਮੱਛੀ ਦੇ ਪਕੌੜੇ, ਵਧੀਆ ਸਰਵਿਸ, ਵਧੀਆ ਫੂਡ, ਵਾਜਬ ਕੀਮਤਾਂ ਲਈ ਸੰਪਰਕ ਕਰੋ:- ਪਰਮਜੀਤ ਸਿੰਘ ਬਾਠ

FREE DELIVERY Millwoods ONLY

Buy any Pizza at regular price & get Second Pizza of equal or less value Free or Chicken wings Free and 3rd Pizza Half Price.

ਪਰਮਜੀਤ ਸਿੰਘ ਬਾਠ

www.pizza99.com

Opening Hours: Monday to Thursday 3pm to 11.30pm, Friday 3pm to 1.30am, Saturday 12 noon to 1.30am, Sunday 12 noon to 11.30pm

RENNET FREE CHEESE 1543 Millwoods Road East, Edmonton AB.

**Sidhu Stucco Ltd.**

Residential & Commercial

ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ।

Stucco is a versatile, beautiful, durable and fire resistant cladding.



All kind of Stucco
Acrylic & Rain Screen

Harinder Dhaliwal (780) 297-9165

**EconoLodge** BY CHOICE HOTELS

**Red Deer Econo Lodge Inn & Suites**

www.choicehotels.com

Reservations 1-877-424-6423





403-346-4188
Cell: 403-505-4188
Email: econolodgereddeer@shaw.ca



Varinder Sidhu
President

37433 Highway 2 South, East Side Gasoline Alley
Red Deer, Alberta T4E 1B3

**$299,900**

Incl. Home, lot & net GST

ਕੀਮਤ ਘਰ, ਲਾਟ ਅਤੇ ਨੈਟ ਜੀ ਐਸ ਟੀ ਸਮੇਤ ਹੈ

$299,900

SOUTH EAST
2 Storey
3 bedrooms
2 1/2 baths
1290sq.ft
Single Garage
6 Appliances





$318,800

2 storey
Detached home
3 bedrooms
1 1/2 baths
1260 sq.ft
6 Appliances
double Garage

SOUTH WEST
2 Storey
3 bedrooms
2 1/2 baths
1711sq.ft
Bonus Room
Attached Garage



$375,000



ਫਾਇਨੈਂਸਿੰਗ ਦੀ ਸੁਵਿਧਾ ਹੈ
ਡਾਊਨ ਪੇਮੈਂਟ, ਨੋ ਪਰਾਬਲਮ

FINANCING AVAILABLE

No Down Payment, No Problem

Call Rennie @ 780-966-1688

rennie1688@gmail.com

# ਸਭਿਆਚਾਰ ਦੀਆਂ ਮਹਿਕਾਂ ਖਿਲਾਰਨ 'ਚ ਕਾਮਯਾਬ ਰਿਹਾ 'ਪੰਜਾਬੀ ਫ਼ੋਕ ਫ਼ੈਸਟੀਵਲ'





ਐਡਮਿੰਟਨ (ਨਦਬ) : ਪੰਜਾਬੀ ਫ਼ੋਕ ਡਾਂਸ ਅਕੈਡਮੀ ਵਲੋਂ ਚੌਥਾ ਸਾਲਾਨਾ ਸਭਿਆਚਾਰਕ ਸਮਾਗਮ 'ਫ਼ੋਕ ਫ਼ੈਸਟੀਵਲ 2014' ਪ੍ਰੋਗਰਾਮ ਦੀ ਸ਼ੁਰੂਆਤ ਜੋਬਨਪ੍ਰਤਾਪ ਅਤੇ ਸਾਹਿਲ ਪ੍ਰਤਾਪ ਨੇ ਇਕ ਧਾਰਮਕ ਗੀਤ ਨਾਲ ਕੀਤੀ। ਉਪਰੰਤ ਬੱਚਿਆਂ ਦੇ ਵੱਖ-ਵੱਖ ਗਰੁੱਪਾਂ ਵਲੋਂ ਗਿੱਧੇ-ਭੰਗੜੇ ਤੋਂ ਇਲਾਵਾ ਸਭਿਆਚਾਰ ਦੀਆਂ ਹੋਰ ਵੰਨਗੀਆਂ ਵੀ ਪੇਸ਼ ਕੀਤੀਆਂ ਜਿਨ੍ਹਾਂ ਨੂੰ ਦਰਸ਼ਕਾਂ ਨੇ ਬੇਹੱਦ ਪਸੰਦ ਕੀਤਾ। ਸਮਾਗਮ ਦੌਰਾਨ 'ਨੰਨ੍ਹੀ ਪੰਜਾਬਣ' ਨਾਂ ਦੇ ਮੁਕਾਬਲੇ ਵਿਚ 10 ਤੋਂ 16 ਸਾਲ ਤਕ ਦੀਆਂ 30 ਬੱਚੀਆਂ ਨੇ ਹਿੱਸਾ ਲਿਆ ਜਿਸ ਵਿਚੋਂ ਸਿਮਰਨ ਪਨੇਸਰ ਜੇਤੂ ਰਹੀ। ਗਿੱਧਿਆਂ ਦੀ ਰਾਣੀ ਦਾ ਖ਼ਿਤਾਬ ਅਰਸ਼ ਗਿੱਲ, ਬੈਸਟ ਸਮਾਈਲ ਪ੍ਰਿਯਾ ਹੀਰ, ਬੈਸਟ ਪੰਜਾਬੀ ਡਰੈਸ ਅਰਸ਼ਦੀਪ ਝੱਜ, ਮੋਸਟ ਇਨਟੈਲੀਜੈਂਟ ਪੰਜਾਬਣ ਪੁਨੀਤ ਸਿੱਧੂ ਅਤੇ ਮੋਸਟ ਟੇਲੈਂਟ ਪੰਜਾਬਣ ਦਾ ਖ਼ਿਤਾਬ ਸਵਰੀਨਾ ਮਾਨ ਦੇ ਹਿੱਸੇ ਆਇਆ। ਸਮਾਗਮ ਦੌਰਾਨ ਅਕੈਡਮੀ ਦੀਆਂ 12 ਟੀਮਾਂ 'ਚ ਗਿੱਧੇ-ਭੰਗੜੇ ਦੇ ਮੁਕਾਬਲੇ ਵੀ ਕਰਵਾਏ ਗਏ। ਇਸ ਮੌਕੇ ਸਭਿਆਚਾਰ ਨਾਲ ਸਬੰਧਤ ਪੁਰਾਤਨ ਵਸਤਾਂ ਦੀ ਪ੍ਰਦਰਸ਼ਨੀ ਖਿੱਚ ਦਾ ਕੇਂਦਰ ਰਹੀ। ਸਟੇਜ ਦੀ ਭੂਮਿਕਾ ਹਰਜੀਤ ਸੰਧੂ ਅਤੇ ਵੈਨਕੂਵਰ ਤੋਂ ਪੁੱਜੀ ਮੀਰਾ ਗਿੱਲ ਨੇ ਬਾਖ਼ੂਬੀ ਨਿਭਾਈ। ਸਮਾਗਮ ਦੌਰਾਨ ਵਿਸ਼ੇਸ਼ ਤੌਰ 'ਤੇ ਪੁੱਜੇ ਕਨੇਡਾ ਦੇ ਮੰਤਰੀ ਟਿੰਮ ਉਪਲ ਅਤੇ ਵਿਧਾਇਕ ਪੀਟਰ ਸੰਧੂ ਨੇ ਬੱਚਿਆਂ ਨੂੰ ਵਿਰਸੇ ਨਾਲ ਜੋੜਨ ਲਈ ਅਕੈਡਮੀ ਵਲੋਂ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ। ਪ੍ਰੋਗਰਾਮ ਦੇਅੰਤ ਵਿਚ ਅਕੈਡਮੀ ਦੇ ਪ੍ਰਬੰਧਕ ਗੁਰਸੇਵਕ ਸਿੱਧੂ ਅਤੇ ਅਮਰਜੀਤ ਧਾਲੀਵਾਲ ਨੇ ਸਭਿਆਚਾਰਕ ਸਮਾਗਮ ਨੂੰ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਸਮੂਹ ਭਾਈਚਾਰੇ ਦਾ ਧੰਨਵਾਦ ਕੀਤਾ। ਇਸ ਮੌਕੇ ਸੈਮ ਝੱਜ, ਉਘੇ ਟਰਾਂਸਪੋਰਟ ਬਾਬੀ ਗਿੱਲ, ਹਰਜਿੰਦਰ ਹੈਰੀ ਤੋਂ ਇਲਾਵਾ ਹੋਰ ਵੀ ਭਾਈਚਾਰਾ ਮੌਜੂਦ ਸੀ।

# ਗੁਰਦੁਆਰੇ ਦੇ ਸਾਧਨ ਤੇ ਜ਼ਮੀਨ ਸੰਵਿਧਾਨ ਅਨੁਸਾਰ ਵਰਤੇ ਜਾਣ: ਸਲਾਹਕਾਰ ਕਮੇਟੀ

ਐਡਮਿੰਟਨ (ਪੰਜਾਬੀ ਮੀਡੀਆ ਐਸੋਸੀਏਸ਼ਨ) : ਕੁਝ ਹਫ਼ਤੇ ਪਹਿਲਾਂ ਪੰਜਾਬੀ ਮੀਡੀਆ ਐਸੋਸੀਏਸ਼ਨ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਬੰਧਕਾਂ ਵਲੋਂ ਦਿੱਤੀ ਜਾਣਕਾਰੀ ਦੇ ਆਧਾਰ 'ਤੇ ਖ਼ਬਰ ਪ੍ਰਕਾਸ਼ਤ ਕੀਤੀ ਗਈ ਸੀ ਜਿਸ ਸਬੰਧੀ ਗੁਰਦੁਆਰਾ ਸਾਹਿਬ ਦੀ ਸਲਾਹਕਾਰ ਕਮੇਟੀ ਨੇ ਪ੍ਰੈੱਸ ਕਾਨਫ਼ਰੰਸ ਕਰ ਕੇ ਇਸ ਖ਼ਬਰ ਨੂੰ ਕਈ ਪੱਖਾਂ ਤੋਂ ਅਧੂਰੀ ਦੱਸਿਆ। ਮੀਡੀਏ ਸਾਹਮਣੇ ਆਪਣਾ ਪੱਖ ਉਨ੍ਹਾਂ ਕਿਹਾ ਕਿ ਸਲਾਹਕਾਰ ਕਮੇਟੀ ਦੇ ਬਹੁ-ਗਿਣਤੀ ਮੈਂਬਰ ਗੁਰਦੁਆਰੇ ਦਾ ਸੰਵਿਧਾਨ ਤਿਆਰ ਕਰਨ ਤੋਂ ਲੈ ਕੇ ਵੱਖ-ਵੱਖ ਸਮਿਆਂ 'ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਵੀ ਸੇਵਾਵਾਂ ਨਿਭਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸਾਹਿਬ ਦੀ ਜ਼ਮੀਨ ਖ਼ਰੀਦਣ ਤੋਂ ਲੈ ਕੇ ਕਈ ਹੋਰ ਅਹਿਮ ਫ਼ੈਸਲਿਆਂ ਸਮੇਂ ਇਨ੍ਹਾਂ ਮੈਂਬਰਾਂ 'ਚੋ ਬਹੁਤੇ ਮੈਂਬਰ ਪ੍ਰਬੰਧਕ ਕਮੇਟੀ ਵਿਚ ਸਨ, ਇਸ ਕਰ ਕੇ ਸਾਡੇ ਕੋਲ ਇਨ੍ਹਾਂ ਮਤਿਆਂ ਦੀ ਅਸਲੀਅਤ ਸਬੰਧੀ ਕਾਫੀ ਲਿਖਤੀ ਜਾਣਕਾਰੀ ਹੈ। ਸਲਾਹਕਾਰ ਕਮੇਟੀ ਨੇ ਮੀਡੀਏ ਨੂੰ ਇਸ ਅਹਿਮ ਮਸਲੇ ਨਾਲ ਜੁੜੇ ਕਈ ਲਿਖਤੀ ਮਤਿਆਂ ਸਬੰਧੀ ਖ਼ਾਸ ਜਾਣਕਾਰੀ ਮੁਹੱਈਆ ਕਰਵਾਉਂਦਿਆਂ ਦੱਸਿਆ ਕਿ ਗੁਰਦੁਆਰਾ ਸਾਹਿਬ ਦੇ ਰਿਕਾਰਡ ਵਿਚ ਦਰਜ ਕਈ ਮਤੇ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ 1985 ਤੋਂ ਲੈ ਕੇ ਅੱਜ ਤੱਕ ਚਲਦੇ ਆ ਰਹੇ ਪੰਜਾਬੀ ਸਕੂਲ (ਸੰਡੇ ਸਕੂਲ) ਨੂੰ ਹੀ ਪਹਿਲਾਂ 'ਖ਼ਾਲਸਾ ਸਕੂਲ' ਕਿਹਾ ਜਾਂਦਾ ਸੀ। ਇਸ ਕਰ ਕੇ ਕਮੇਟੀ ਵਲੋਂ ਗੁਰਦੁਆਰਾ ਸਾਹਿਬ ਦੇ ਆਪਣੇ ਪ੍ਰਬੰਧ ਅਧੀਨ ਚੱਲਣ ਵਾਲੇ ਇਸ ਖ਼ਾਲਸਾ (ਪੰਜਾਬੀ) ਸਕੂਲ ਦੀਆਂ ਗਰਾਊਂਡਾਂ ਅਤੇ ਗੁਰਦੁਆਰਾ ਸਾਹਿਬ ਨਾਲ ਸਬੰਧਤ ਕਮਿਊਨਿਟੀ ਦੀਆਂ ਭਵਿੱਖੀ ਲੋੜਾਂ ਨੂੰ ਮੁੱਖ ਰੱਖਦਿਆਂ 1998 ਵਿਚ ਅਲਰਸਲੀ ਰੋਡ ਅਤੇ 50 ਸਟਰੀਟ ਉੱਪਰ ਜ਼ਮੀਨ ਖਰੀਦੀ ਗਈ ਸੀ। ਸਲਾਹਕਾਰ ਕਮੇਟੀ ਨੇ ਕਿਹਾ ਕਿ ਜ਼ਮੀਨ ਖ਼ਰੀਦਣ ਤੋਂ ਤਿੰਨ ਸਾਲ ਬਾਅਦ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਤੋਂ ਵੱਖਰੀ, ਮੁਕੰਮਲ ਤੌਰ 'ਤੇ ਆਜ਼ਾਦ ਪ੍ਰਬੰਧ ਵਾਲੀ, ਗੁਰਦੁਆਰੇ ਤੋਂ ਵੱਖਰੇ ਸੰਵਿਧਾਨ ਅਧੀਨ ਚੱਲਣ ਵਾਲੀ ਅਤੇ ਵੱਖਰਾ ਚੈਰੀਟੇਬਲ ਦਰਜਾ ਰੱਖਦੀ ਸੰਸਥਾ ਐਡਮਿੰਟਨ ਖ਼ਾਲਸਾ ਸਕੂਲ ਐਜੂਕੇਸ਼ਨ ਐਸੋਸੀਏਸ਼ਨ ਨਾਲ 2001 ਤੋਂ ਪਹਿਲਾਂ ਵਾਲੇ ਮਤਿਆਂ ਨੂੰ ਜੋੜਨਾ ਕਿਸੇ ਵੀ ਤਰਾਂ ਜਾਇਜ਼ ਨਹੀਂ ਹੈ।



ਸਲਾਹਕਾਰ ਕਮੇਟੀ ਨੇ ਦੱਸਿਆ ਕਿ ਜ਼ਮੀਨ ਖ਼ਰੀਦਣ ਲਈ 21 ਜੂਨ 1998 ਨੂੰ ਸੱਦੀ ਜਾਣ ਵਾਲੀ ਜਨਰਲ ਬਾਡੀ ਮੀਟਿੰਗ ਦੀ ਤਰੀਕ ਅਤੇ ਏਜੰਡਾ ਤੈਅ ਕਰਨ ਲਈ 6 ਜੂਨ 1998 ਨੂੰ ਹੋਈ ਪ੍ਰਬੰਧਕ ਕਮੇਟੀ ਦੀ ਮੀਟਿੰਗ ਦੇ ਰਿਕਾਰਡ ਵਿਚ ਕਮਿਊਨਿਟੀ ਲਈ ਫਿਊਨਲ ਹਾਲ ਬਣਾਉਣ ਬਾਰੇ ਲਿਖਿਆ ਹੋਇਆ ਹੈ। ਕਮੇਟੀ ਨੇ ਗੁਰਦੁਆਰਾ ਸੰਵਿਧਾਨ ਦੇ ਆਰਟੀਕਲ 5 ਦੇ ਸੈਕਸ਼ਨ 12 (ਕਨਫਲੈਕਟ ਆਫ਼ ਇੰਨਟਰੈਸਟ) ਦੀ ਗੱਲ ਕਰਦਿਆਂ ਕਿਹਾ ਕਿ ਕੁਝ ਲੋਕ ਗੁਰਦੁਆਰਾ ਸਾਹਿਬ ਦੇ ਸੰਵਿਧਾਨ ਦੀ ਇਸ ਧਾਰਾ ਦੀ ਉਲੰਘਣਾ ਕਰਦਿਆਂ ਗੁਰਦੁਆਰਾ ਸਾਹਿਬ ਦੇ ਸਾਧਨਾਂ ਦੀ ਦੁਰਵਰਤੋਂ ਕਰਨ ਦੀ ਤਾਕ 'ਚ ਹਨ। ਕਮੇਟੀ ਮੈਂਬਰਾਂ ਵਲੋਂ ਇਸ ਗੱਲ 'ਤੇ ਖ਼ਾਸ ਜ਼ੋਰ ਦਿੱਤਾ ਗਿਆ ਕਿ ਗੁਰਦੁਆਰਾ ਸਾਹਿਬ ਦੇ ਸਾਧਨ ਅਤੇ ਜ਼ਮੀਨ ਜਾਇਦਾਦ ਨੂੰ ਕਿਸੇ ਵੱਖਰੀ ਆਜ਼ਾਦ ਤੇ ਪ੍ਰਾਈਵੇਟ ਸੰਸਥਾ ਦੇ ਉਦੇਸ਼ਾਂ ਲਈ ਧੱਕੇ ਨਾਲ ਵਰਤਣਾ ਗੁਰਦੁਆਰਾ ਸਾਹਿਬ ਦੇ ਹਿਤਾਂ ਨਾਲ ਬੇਇਨਸਾਫ਼ੀ ਹੈ। ਅਖੀਰ ਵਿਚ ਕਮੇਟੀ ਦੇ ਮੈਂਬਰਾਂ ਨੇ ਕਿਹਾ ਕਿ ਉਨ੍ਹਾਂ ਦਾ ਕਿਸੇ ਵਿਅਕਤੀ ਜਾਂ ਸੰਸਥਾ ਨਾਲ ਕੋਈ ਵਿਰੋਧ ਨਹੀਂ ਹੈ ਪਰ ਗੁਰਦੁਆਰੇ ਦੇ ਹਿਤਾਂ ਦੀ ਰਾਖੀ ਕਰਨ ਲਈ ਇਸ ਦੇ ਮੈਂਬਰਾਂ ਨੂੰ ਸੁਚੇਤ ਕਰਨਾ ਕਮੇਟੀ ਦੀ ਕਾਨੂੰਨੀ ਅਤੇ ਨੈਤਿਕ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਇਸ ਕਰ ਕੇ ਅਸੀਂ ਮੀਡੀਏ ਰਾਹੀਂ ਇਹ ਜਾਣਕਾਰੀ ਭਾਈਚਾਰੇ ਨਾਲ ਸਾਂਝੀ ਕਰਨ ਦਾ ਉਪਰਾਲਾ ਕੀਤਾ ਹੈ।






## ਕਾਮਾਗਾਟਾ ਮਾਰੂ ਸ਼ਤਾਬਦੀ ਨੂੰ ਸਮਰਪਤ 'ਸਿੱਖਿਆਰਥੀ ਚੇਤਨਾ ਕੈਂਪ' 27 ਤੋਂ

ਜਲੰਧਰ (ਨਦਬ) : ਦੇਸ਼ ਭਗਤ ਯਾਦਗਾਰ ਕਮੇਟੀ ਦੇ ਬੋਰਡ ਆਫ਼ ਟਰੱਸਟ ਦੀ ਮੀਟਿੰਗ ਵਿਚ ਕਾਮਾਗਾਟਾ ਮਾਰੂ ਦੀ 100 ਵੀਂ ਵਰ੍ਹੇਗੰਢ ਦੇ ਮੱਦੇਨਜ਼ਰ ਭਵਿੱਖੀ ਸਰਗਰਮੀਆਂ ਦਾ ਖਾਕਾ ਉਲੀਕਿਆ ਗਿਆ। ਇਸ ਤੋਂ ਇਲਾਵਾ ਹੋਰ ਸਰਗਰਮੀਆਂ ਅਤੇ ਯਾਦਗਾਰ ਕੰਪਲੈਕਸ ਨਾਲ ਜੁੜੇ ਮਹੱਤਵਪੂਰਨ ਕਾਰਜੇ ਨੇਪਰੇ ਚਾੜ੍ਹਨ ਦਾ ਫ਼ੈਸਲਾ ਵੀ ਕੀਤਾ ਗਿਆ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਦਰਬਾਰਾ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਲਏ ਮਹੱਤਵਪੂਰਨ ਫ਼ੈਸਲਿਆਂ ਬਾਰੇ ਪ੍ਰੈੱਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਡਾ. ਰਘਬੀਰ ਕੌਰ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ 23 ਜੁਲਾਈ 1914 ਨੂੰ ਜਿਸ ਦਿਨ ਕਾਮਾਗਾਟਾ ਮਾਰੂ ਜਹਾਜ਼ ਨੂੰ ਗੈਰ ਜਮਹੂਰੀਅਤ ਅਤੇ ਧੱਕੜ ਕਾਰਵਾਈ ਕਰਦਿਆਂ ਵੈਨਕੂਵਰ ਦੇ ਪਾਣੀਆਂ 'ਚੋਂ ਵਾਪਸ ਮੋੜਿਆ ਗਿਆ, ਇਸ ਦਿਨ ਦੇਸ਼ ਭਗਤ ਯਾਦਗਾਰ ਹਾਲ ਅੰਦਰ ਇਤਿਹਾਸਕ ਅਤੇ ਭਖਦੇ ਮੁੱਦਿਆਂ 'ਤੇ ਗੰਭੀਰ ਵਿਚਾਰ-ਚਰਚਾ ਕੀਤੀ ਜਾਏਗੀ। ਕਾਮਾਗਾਟਾ ਮਾਰੂ ਦੇ ਇਤਿਹਾਸ, ਅਗਲੀਆਂ ਲਹਿਰਾਂ 'ਤੇ ਪ੍ਰਭਾਵ ਅਤੇ ਅਜੋਕੀਆਂ ਚੁਣੌਤੀਆਂ ਵਿਚ ਗ਼ਦਰ ਲਹਿਰ ਦੀ ਮਹੱਤਤਾ, ਬੁਰੀ ਤਰ੍ਹਾਂ ਤਬਾਹ ਕੀਤੀ ਜਾ ਰਹੀ ਨੌਜਵਾਨ ਪੀੜ੍ਹੀ ਲਈ ਸਿਹਤਮੰਦ ਦਿਸ਼ਾ ਬਾਰੇ, ਮੁਲਕ ਅੰਦਰ ਵੱਧ ਰਹੇ ਫ਼ਿਰਕਾਪ੍ਰਸਤੀ ਅਤੇ ਭਰਾਵਾਂ ਵਿਚ ਫੁੱਟ ਪਾਊ ਪਾੜੇ ਅਤੇ ਮਾਰਕਸਵਾਦ ਦੀ ਅਜੋਕੇ ਸਮੇਂ ਮਹੱਤਤਾ ਆਦਿ ਵਿਸ਼ਿਆਂ ਉੱਪਰ ਇਸ ਵਾਰ ਸਿੱਖਿਆਰਥੀ ਚੇਤਨਾ ਕੈਂਪ 27, 28, ਅਤੇ 29 ਜੂਨ ਨੂੰ ਹੋਏਗਾ। ਇਸ ਕੈਂਪ ਵਿਚ ਡਾ. ਪਰਮਿੰਦਰ ਸਿੰਘ, ਹਰਵਿੰਦਰ ਭੰਡਾਲ, ਜਗਰੂਪ ਅਤੇ ਮੰਗਤ ਰਾਮ ਪਾਸਲਾ ਦੇਸ਼ ਭਗਤ ਯਾਦਗਾਰ ਕਮੇਟੀ ਦੀ ਤਰਫ਼ੋਂ ਮੁੱਖ ਬੁਲਾਰੇ ਹੋਣਗੇ। ਹਰ ਰੋਜ਼ ਸ਼ਾਮ ਨੂੰ ਸਮੇਂ ਸਮੇਂ ਦਸਤਾਵੇਜ਼ੀ ਫ਼ਿਲਮ, ਨੁੱਕੜ ਨਾਟਕ, ਨਾਟਕ ਅਤੇ ਗੀਤ-ਸੰਗੀਤ ਹੋਏਗਾ। ਅਖੀਰਲੇ ਦਿਨ ਸਿੱਖਿਆਰਥੀਆਂ ਦਾ ਕਮੇਟੀ ਵਲੋਂ ਸਨਮਾਨ ਕੀਤਾ ਜਾਏਗਾ। ਕਾਮਾਗਾਟਾ ਮਾਰੂ ਦੀ 100ਵੀਂ ਵਰ੍ਹੇਗੰਢ 'ਤੇ ਮਾਝਾ, ਮਾਲਵਾ ਅਤੇ ਦੁਆਬਾ ਵਿਚ ਕੇਂਦਰਤ ਸਮਾਗਮਾਂ ਤੋਂ ਇਲਾਵਾ ਵੱਖ-ਵੱਖ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ 1 ਨਵੰਬਰ 2014 ਗ਼ਦਰੀ ਬਾਬਿਆਂ ਦੇ ਮੇਲੇ ਦੀ ਸਿਖਰ ਤੱਕ ਇਹ ਮੁਹਿੰਮ ਜਾਰੀ ਰਹੇਗੀ। ਗ਼ਦਰੀ ਬਾਬਾ ਗੁਰਮੁਖ ਸਿੰਘ ਹਾਲ ਉੱਪਰ ਉਸਰੇ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਨੂੰ ਮੁਕੰਮਲ ਕਰਨ ਦਾ ਕਾਰਜ ਤਰਜੀਹੀ ਕਾਰਜ ਵਜੋਂ ਹੱਥ ਲੈਣ ਦਾ ਫ਼ੈਸਲਾ ਕੀਤਾ ਗਿਆ। ਇਸ ਹਾਲ ਲਈ ਦਰਸ਼ਕਾਂ ਅਤੇ ਸਰੋਤਿਆਂ ਦੀ ਸੁਵਿਧਾ ਨੂੰ ਧਿਆਨ ਵਿਚ ਰੱਖਦਿਆਂ ਰੈਂਪ ਵੀ ਬਣਾਇਆ ਜਾਵੇਗਾ। ਇਉਂ ਹੀ ਗ਼ਦਰੀ ਬਾਬਾ ਜਵਾਲਾ ਸਿੰਘ ਆਡੀਟੋਰੀਅਮ ਵਿਚ ਸ਼ਾਮਲ ਹੋਣ ਲਈ ਢੁਕਵੀਂ ਸੁਵਿਧਾ ਨੂੰ ਧਿਆਨ ਵਿਚ ਰੱਖਦਿਆਂ ਨਵਾਂ ਰੈਂਪ ਜੋੜਿਆ ਜਾਏਗਾ। ਦੇਸ਼ ਭਗਤ ਯਾਦਗਾਰ ਕਮੇਟੀ 'ਦੇਸ਼ ਭਗਤ ਪ੍ਰਕਾਸ਼ਨ' ਨਾਂਅ ਦੇ ਆਪਣੇ ਪ੍ਰਕਾਸ਼ਨ ਨੂੰ ਜਲਦੀ ਹੀ ਮੁੜ ਸ਼ੁਰੂ ਕਰੇਗੀ।



ਪੰਜਾਬੀ ਕਲਚਰਲ ਐਸੋਸੀਏਸ਼ਨ ਆਫ਼ ਅਲਬਰਟਾ ਵੱਲੋਂ ਮਹਾਰਾਜਾ ਬੈਕਿਊਂਟ ਹਾਲ ਵਿਖੇ ਕਰਵਾਏ ਗਏ 16ਵੇਂ ਮੇਲਾ ਮਾਵਾਂ ਧੀਆਂ ਦੌਰਾਨ ਜਾਜ਼ਰ ਪ੍ਰਬੰਧਕ ਅਤੇ ਹੋਰ। ਤਸਵੀਰ: ਬਲਜੀਤ ਲੱਲ



ਅਕਾਲ ਯੂਨੀਵਰਸਿਟੀ ਲਈ ਐਡਮਿੰਟਨ ਵਿਖੇ ਫ਼ੰਡ ਰੇਹਿੰਗ ਦੌਰਾਨ ਬੜੂ ਸਾਹਿਬ ਅਕੈਡਮੀ ਦੇ ਚੇਸਰਮੈਨ ਬਾਬਾ ਇਕਬਾਲ ਸਿੰਘ ਤੇ ਸਾਬਕਾ ਵਾਈਸ ਚਾਂਸਲਰ ਡਾ. ਖੇਮ ਸਿੰਘ। ਤਸਵੀਰ: ਬਲਜੀਤ ਲੱਲ

# ਕਾਮਾਗਾਟਾਮਾਰੂ ਸ਼ਤਾਬਦੀ ਸਬੰਧੀ ਸੈਮੀਨਾਰ

ਕੈਲਗਰੀ (ਨਦਬ) : ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਕਾਮਾਗਾਟਾਮਾਰੂ ਸ਼ਤਾਬਦੀ ਸਬੰਧੀ ਸੈਮੀਨਾਰ ਕੀਤਾ ਗਿਆ, ਜਿਸ ਦੇ ਮੁੱਖ ਬੁਲਾਰੇ ਰੇਡੀਓ ਰੈੱਡ.ਐਫ਼.ਐਮ . ਦੇ ਨਿਊਜ਼ ਡਾਇਰੈਕਟਰ ਰਿਸ਼ੀ ਨਾਗਰ ਅਤੇ ਗੁਰਬਚਨ ਬਰਾੜ ਸਨ। ਫਰੈਂਚ ਇਕੋਨੋਮਿਸਟ ਪਕੈਟੀ ਦੀ ਸੰਸਾਰ ਵਿਚ ਚਰਚਿਤ ਕਿਤਾਬ 'ਇੱਕੀਵੀਂ ਸਦੀ 'ਚ ਨਾ-ਬਰਾਬਰਤਾ' ਬਾਰੇ ਵਿਚਾਰ ਚਰਚਾ ਕੀਤੀ ਗਈ।

ਇਸ ਮੌਕੇ ਰਿਸ਼ੀ ਨਾਗਰ ਨੇ 1914 ਅਤੇ 2014 ਦੇ ਫ਼ਰਕ ਨੂੰ ਨਵੇਕਲੇ ਅਤੇ ਦਿਲਚਸਪ ਢੰਗ ਨਾਲ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਮੌਜੂਦਾ ਕਾਨੂੰਨਾਂ ਅਨੁਸਾਰ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਨੂੰ ਮਨੁੱਖੀ ਤਸਕਰੀ ਦੇ ਦੋਸ਼ ਹੇਠ ਦੋਸ਼ੀ ਠਹਿਰਾ ਕੇ ਸਜ਼ਾ ਦਿੱਤੀ ਜਾਣੀ ਸੀ ਤੇ ਫਿਰ ਵਾਪਸ ਭਾਰਤ ਭੇਜਿਆ ਜਾਣਾ ਸੀ। ਉਨ੍ਹਾਂ ਦੇ ਨਾਲ ਆਏ ਬਾਕੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਣਾ ਸੀ, 16 ਸਾਲ ਤੋਂ ਘੱਟ ਉਮਰ ਵਾਲੇ ਬੱਚੇ ਵੀ 'ਅੰਦਰ' ਕੀਤੇ ਜਾਣੇ ਸਨ। ਉਨ੍ਹਾਂ ਦੀ ਪਛਾਣ ਦੀ ਪੁਸ਼ਟੀ ਕਰ ਕੇ ਵਾਪਸ ਭੇਜਣਾ ਜਾਂ ਇੱਥੇ ਰਿਫ਼ਿਊਜੀ ਵਜੋਂ ਰੱਖਣ ਦਾ ਫ਼ੈਸਲਾ ਲਿਆ ਜਾਣਾ ਸੀ। ਵਰਤਮਾਨ ਨਿਯਮਾਂ ਤੇ ਕਾਨੂੰਨਾਂ ਦੀ ਗੱਲ ਕਰਦਿਆਂ ਰਿਸ਼ੀ ਨਾਗਰ ਨੇ ਕਿਹਾ ਕਿ ਅਜੇ ਵੀ ਭੇਦਭਾਵ ਕਰਨ ਵਾਲੇ ਕਾਨੂੰਨ ਮੌਜੂਦ ਹਨ। ਉਦਾਹਰਣ ਵਜੋਂ, ਰੋਮਾਨੀਆ ਤੋਂ ਆਉਣ ਵਾਲੇ ਸ਼ਰਨਾਰਥੀਆਂ (ਰਫ਼ਿਊਜੀਆਂ) ਨੂੰ ਸਾਰੀਆਂ ਸੁਵਿਧਾਵਾਂ ਪਰ ਹੰਗਰੀ ਤੋਂ ਆਉਣ ਵਾਲੇ ਸ਼ਰਨਾਰਥੀਆਂ ਨੂੰ ਕੋਈ ਸੁਵਿਧਾਵਾਂ ਨਹੀਂ ਦਿੱਤੀਆਂ ਜਾਂਦੀਆਂ। ਸਿਟੀਜ਼ਨਸ਼ਿਪ ਦਿੱਤੇ ਜਾਣ ਲਈ ਅੰਗਰੇਜ਼ੀ ਭਾਸ਼ਾ ਦੀ ਜਾਣਕਾਰੀ ਦੀ ਸ਼ਰਤ ਲਗਾ ਕੇ ਯੂਰਪੀਅਨ ਦੇਸ਼ਾਂ ਦੇ ਲੋਕਾਂ ਦੀ ਆਮਦ ਸੁਖਾਲੀ ਕਰ ਲਈ ਗਈ ਹੈ, ਏਸ਼ੀਅਨ ਦੇਸ਼ਾਂ ਦੇ ਲੋਕਾਂ ਲਈ ਇਸ ਨੂੰ ਪਾਸ ਕਰਨਾ ਔਖਾ ਹੈ। 'ਬੈਚਲਰਜ਼ ਸੁਸਾਇਟੀ' (ਭਾਵ ਅਣਵਿਆਹਿਆਂ ਦਾ ਸਮਾਜ) ਬਣਾਉਣ ਦਾ ਪ੍ਰਬੰਧ ਕੀਤਾ ਗਿਆ ਹੈ; ਪਹਿਲਾਂ ਵੀ ਪਰਿਵਾਰਾਂ ਨੂੰ ਲਿਆਉਣ 'ਤੇ ਪਾਬੰਦੀ ਸੀ। ਰਿਸ਼ੀ ਨਾਗਰ ਨੇ ਕਿਹਾ ਕਿ ਅੱਜ ਦਾ ਕਾਨੂੰਨ 1914 ਦੇ ਕਾਨੂੰਨ ਤੋਂ ਸੌਖਾ ਨਹੀਂ ਸਗੋਂ ਵਧੇਰੇ ਗੁੰਝਲਦਾਰ ਤੇ ਔਖਾ ਕਰ ਦਿੱਤਾ ਗਿਆ ਹੈ।

ਗੁਰਬਚਨ ਬਰਾੜ ਨੇ ਕਿਹਾ ਕਿ ਆਓ ਕਾਮਾਗਾਟਾਮਾਰੂ ਕਾਂਡ ਦੀ ਪਹਿਲੀ ਸ਼ਤਾਬਦੀ















ਮੌਕੇ ਭਾਰਤ ਦੀ ਜੰਗੇ-ਏ-ਅਜ਼ਾਦੀ ਦੀ ਲਹਿਰ ਦੇ ਇਸ ਸੁਨਹਿਰੀ ਕਾਂਡ ਦੇ ਪੰਨੇ ਪਲਟੀਏ ਅਤੇ ਉਨ੍ਹਾਂ ਹਾਲਤਾਂ ਦੇ ਰੂਬਰੂ ਹੋਈਏ; ਜਿਨ੍ਹਾਂ ਹਾਲਤਾਂ ਵਿਚ ਰੋਟੀ ਰੋਜ਼ੀ ਦੀ ਭਾਲ 'ਚ ਕਨੇਡਾ ਗਏ ਪੰਜ ਦਰਿਆਵਾਂ ਦੀ ਧਰਤੀ ਦੇ ਜਾਏ ਸੂਰਮੇ ਜੁਝਾਰਾਂ ਵਿਚ ਤਬਦੀਲ ਹੋਏ ਅਤੇ ਰਣ-ਤੱਤੇ ਵਿਚ ਜੂਝੇ। ਉਨ੍ਹਾਂ ਆਪਣੇ ਪੇਪਰ ਵਿਚ ਇਸ ਘਟਨਾ ਬਾਰੇ ਸਭ ਪੱਖਾਂ ਤੋਂ ਵਿਸਥਾਰਤ ਜਾਣਕਾਰੀ ਸਰੋਤਿਆਂ ਅੱਗੇ ਰੱਖੀ।

ਜੀਤ ਇੰਦਰਪਾਲ ਨੇ 21ਵੀਂ ਸਦੀ ਵਿਚ ਫਰਾਂਸ ਦੇ ਟੌਮਸ ਪਿਕੈਟੀ ਦੀ 'ਬੈੱਸਟ ਸੈਲਰ' ਬੁੱਕ ਜੋ ਵਿਕਸਤ ਦੇਸ਼ਾਂ ਦੇ 250 ਸਾਲ ਦੇ ਅੰਕੜਿਆਂ 'ਤੇ ਆਧਾਰਤ ਹੈ, ਬਾਰੇ ਜਾਣਕਾਰੀ ਪ੍ਰੋਜੈਕਟਰ ਰਾਹੀਂ ਸਰੋਤਿਆਂ ਅੱਗੇ ਪੇਸ਼ ਕੀਤੀ। ਲੇਖਕ ਅਨੁਸਾਰ ਸੀਮਤ ਤਨਖ਼ਾਹ ਲੈਣ ਵਾਲਿਆਂ ਦੀ ਸੈਲਰੀ 'ਚ ਵਾਧਾ ਉਸ ਮਿਕਦਾਰ ਨਾਲ ਨਹੀਂ ਹੁੰਦਾ, ਜਿੰਨਾ ਵਾਧਾ ਨਿਵੇਸ਼ 'ਚ ਹੁੰਦਾ ਹੈ। ਇਸ ਕਾਰਨ ਹੀ ਨਾ-ਬਰਾਬਰੀ ਵਧਦੀ ਜਾਂਦੀ ਹੈ। ਉਨ੍ਹਾਂ ਅੰਕੜਿਆਂ ਨਾਲ ਦਰਸਾਇਆ ਕਿ ਅਮਰੀਕਾ ਵਿਚ ਨਾ-ਬਰਾਬਰੀ ਸੰਸਾਰ ਵਿਚ ਸਭ ਤੋਂ ਵੱਧ ਹੈ। ਇਸ ਦਾ ਹੱਲ ਪੇਸ਼ ਕਰਦਿਆਂ ਉਨ੍ਹਾਂ ਕਿਹਾ ਕਿ ਅਮੀਰਾਂ 'ਤੇ ਜ਼ਿਆਦਾ ਟੈਕਸ ਲਾ ਕੇ ਉਸ ਪੈਸੇ ਨੂੰ ਜਨਤਕ ਖੇਤਰ ਵਿਚ ਲਾਇਆ ਜਾਵੇ ਤਾਂ ਹੀ ਨਾ-ਬਰਾਬਰੀ ਦੇ ਵਰਤਾਰੇ ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਲੇਖਕ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ 2020 ਤੱਕ ਨਾ-ਬਰਾਬਰਤਾ ਇੰਨੀ ਵੱਧ ਜਾਵੇਗੀ, ਜਿਸ ਕਾਰਨ ਸਰਮਾਏਦਾਰੀ ਪ੍ਰਬੰਧ ਖ਼ਤਮ (ਕੋਲੈਪਸ) ਹੋ ਜਾਵੇਗਾ। ਇਸ ਦਾ ਪੰਜਾਬੀ ਵਿਚ ਉਲੱਥਾ ਕਮਲਪ੍ਰੀਤ ਕੌਰ ਪੰਧੇਰ ਨੇ ਬਾਖ਼ੂਬੀ ਕੀਤਾ।

ਇਸ ਕਿਤਾਬ 'ਤੇ ਵਿਚਾਰ ਪੇਸ਼ ਕਰਦਿਆਂ ਸੋਹਣ ਮਾਨ ਨੇ ਕਿਹਾ ਕਿ ਨਿੱਜੀ ਪ੍ਰਾਪਰਟੀ ਹੀ ਨਾ-ਬਰਾਬਰੀ ਦੀ ਜੜ੍ਹ ਹੈ। ਸਮਾਜਵਾਦੀ ਪ੍ਰਬੰਧ ਤੋਂ ਬਿਨਾਂ ਨਾ-ਬਰਾਬਰੀ ਖ਼ਤਮ ਨਹੀਂ ਕੀਤੀ ਜਾ ਸਕਦੀ। ਸਮਾਜਵਾਦੀ ਪ੍ਰਬੰਧ ਨੂੰ ਰੂਸ, ਚੀਨ ਆਦਿ ਦੇਸ਼ਾਂ ਵਿਚ ਕੁਝ ਗ਼ਲਤੀਆਂ ਕਾਰਨ ਢਾਹ ਲੱਗੀ ਹੈ ਪਰ ਸਮਾਜਵਾਦੀ ਪ੍ਰਬੰਧ ਫ਼ੇਲ੍ਹ ਹੋਣ ਦਾ ਪ੍ਰਾਪੇਗੰਡਾ ਬਿਲਕੁਲ ਝੂਠਾ ਹੈ। ਸੰਸਥਾ ਦੇ ਡਾਇਰੈਕਟਰ ਪ੍ਰੋ. ਗੋਪਾਲ ਕਾਉਂਕੇ ਵਲੋਂ ਮਤਾ ਰੱਖਿਆ ਗਿਆ :

ਅੱਜ ਦਾ ਇਕੱਠ 23 ਮਈ 1914 ਨੂੰ 100 ਸਾਲ ਪਹਿਲਾਂ ਕਾਮਾਗਾਟਾਮਾਰੂ ਜਹਾਜ਼ ਦੇ 376 ਪੰਜਾਬੀ/ਭਾਰਤੀ ਮੁਸਾਫ਼ਰਾਂ ਨੂੰ ਕਨੇਡਾ ਵਿਚ ਦਾਖ਼ਲ ਨਾ ਹੋਣ ਦੇਣ, ਬਰਤਾਨਵੀ ਸਰਕਾਰ ਦੇ ਦਬਾਅ ਕਾਰਨ ਨਸਲੀ ਵਿਤਕਰਾ ਕਰਨ, ਜਬਰ ਜ਼ੁਲਮ ਕਰਨ, ਬਜ-ਬਜ ਘਾਟ 'ਤੇ ਸ਼ਹੀਦ, ਜ਼ਖਮੀ ਕਰਨ ਦੀ ਪੁਰਜ਼ੋਰ ਨਿੰਦਾ ਕਰਦਾ ਹੈ। ਅਸੀਂ ਮੰਗ ਕਰਦੇ ਹਾਂ ਕਿ ਕਨੇਡਾ ਸਰਕਾਰ ਪਾਰਲੀਮੈਂਟ ਵਿਚ ਮੁਆਫ਼ੀ ਮੰਗੇ ਅਤੇ ਸਕੂਲੀ ਸਿਲੇਬਸ ਵਿਚ ਇਸ ਨੂੰ ਦਰਜ ਕੀਤਾ ਜਾਵੇ। ਬਲਜਿੰਦਰ ਸੰਘਾ, ਹਰਨੇਕ ਬੱਧਨੀ, ਜਸਵੰਤ ਸਿੰਘ ਸੇਖੋਂ, ਸੁਰਿੰਦਰ ਗੀਤ ਅਤੇ ਦਲਜੀਤ ਸਿੰਘ ਸੰਧੂ ਨੇ ਕਵਿਤਾਵਾਂ, ਗੀਤਾਂ ਰਾਹੀ ਹਾਜ਼ਰੀ ਲਵਾਈ। ਪੰਜਾਬੀ ਸਹਿਤ ਸਭਾ ਦੇ ਸਕੱਤਰ ਇੰਜ. ਗੁਰਦਿਆਲ ਖਹਿਰਾ ਨੇ ਜਾਣਕਾਰੀਆਂ ਸਾਂਝੀਆਂ ਕੀਤੀਆਂ। ਮੰਚ ਸੰਚਾਲਨ ਐਸੋਸੀਏਸ਼ਨ ਦੇ ਜਨਰਲ ਸਕੱਤਰ ਮਾ. ਭਜਨ ਸਿੰਘ ਨੇ ਕੀਤਾ। ਪ੍ਰੈੱਸ ਸਕੱਤਰ ਜਤਿੰਦਰ ਸਵੈਚ ਨੇ ਦੱਸਿਆ ਕਿ 30 ਅਗਸਤ ਨੂੰ 5ਵਾਂ ਤਰਕਸ਼ੀਲ ਸਭਿਆਚਾਰਕ ਨਾਟਕ ਸਮਾਗਮ ਹੋਵੇਗਾ, ਜਿਸ ਵਿਚ ਪੰਜਾਬ ਤੋਂ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੇ ਪ੍ਰਧਾਨ ਸੁਰਿੰਦਰ ਸ਼ਰਮਾ ਅਤੇ ਨਿਰਦੇਸ਼ਕ ਹਰਕੇਸ਼ ਚੌਧਰੀ ਵਿਸ਼ੇਸ਼ ਤੌਰ 'ਤੇ ਪੁੱਜ ਰਹੇ ਹਨ।

PAKISTANI & EAST AFRICAN MENU

BEEF RIB, MOGO,
MISHKAKI, CHOPS,
CHAPPALI KABAB,
SEEKH KABAB

Party Hall Available

Catering in Town or Out of Town

Tuesday Closed

ASK For
(780) 462-3556

3444-93 Street Edmonton, AB T6B 6A4, Fax : (780) 462-3575, Toll Free : 1-866-362-3556

# ਪੰਜਾਬੀ ਲਿਖ਼ਾਰੀ ਸਭਾ ਵਲੋਂ ਮੋਹਨ ਗਿੱਲ ਦਾ ਸਨਮਾਨ

ਕੈਲਗਰੀ (ਨਦਬ) ਪੰਜਾਬੀ ਲਿਖ਼ਾਰੀ ਸਭਾ ਦਾ 15ਵਾਂ ਸਾਲਾਨਾ ਸਮਾਗਮ ਵ੍ਹਾਈਟਹੌਰਨ ਕਮਿਊਨਟੀ ਹਾਲ ਵਿਚ ਹੋਇਆ। ਭਰਵੇਂ ਹਾਲ ਨੂੰ ਦੇਖ ਕੇ ਲਗਦਾ ਸੀ, ਜਿਸ ਤਰ੍ਹਾਂ ਸਾਰੀ ਕੈਲਗਰੀ ਸਾਹਿਤ ਨੂੰ ਪਿਆਰ ਕਰਨ ਲੱਗ ਪਈ ਹੋਵੇ। ਪ੍ਰਧਾਨਗੀ ਮੰਡਲ ਤੋਂ ਮਨਜ਼ੂਰੀ ਲੈ ਕੇ ਸਟੇਜ ਸਕੱਤਰ ਸੁਖਪਾਲ ਪਰਮਾਰ ਨੇ ਸਮਾਗਮ ਦੀ ਸ਼ੁਰੂਆਤ ਕੀਤੀ। ਪ੍ਰਧਾਨ ਹਰੀਪਾਲ ਨੇ ਸਭ ਨੂੰ ਜੀ ਆਇਆਂ ਕਿਹਾ ਅਤੇ ਪਿਛਲੇ ਸਮੇ ਵਿਚ ਲਿਖ਼ਾਰੀ ਸਭਾ ਵਲੋ ਕੀਤੇ ਕੰਮਾਂ ਬਾਰੇ ਜਾਣਕਾਰੀ ਦਿੱਤੀ। ਵੈਨਕੂਵਰ ਤੋਂ ਆਏ ਜਰਨੈਲ ਸੇਖਾ ਨੇ ਸਮਾਗਮ ਦੇ ਮੁੱਖ ਮਹਿਮਾਨ ਮੋਹਨ ਗਿੱਲ ਬਾਰੇ ਪਰਚਾ ਪੜ੍ਹਿਆ ਅਤੇ ਪੰਜਾਬੀ ਲਿਖ਼ਾਰੀ ਸਭਾ ਵਲੋਂ ਕੀਤੀ ਵਧੀਆ ਚੋਣ ਦੀ ਵੀ ਸ਼ਲਾਘਾ ਕੀਤੀ। ਪੰਜਾਬੀ ਲਿਖ਼ਾਰੀ ਸਭਾ ਵਲੋਂ ਮੋਹਨ ਗਿੱਲ ਨੂੰ ਸਨਮਾਨਤ ਕੀਤਾ ਗਿਆ। ਜਿਸ ਵਿਚ ਹਜ਼ਾਰ ਡਾਲਰ ਦੀ ਰਾਸ਼ੀ, ਪਲੈਕ ਅਤੇ ਹਰਪ੍ਰਕਾਸ਼ ਜਨਾਗਲ ਵਲੋਂ ਬਣਾਈ ਵਡਮੁੱਲੀ ਤਸਵੀਰ ਦੇ ਨਾਲ ਪੰਜਾਬੀ ਲਿਖ਼ਰੀ ਸਭਾ ਦੇ ਲੇਖਕਾਂ ਦੀਆਂ ਕਿਤਾਬਾਂ ਦਾ ਸੈਟ ਵੀ ਭੇਟ ਕੀਤਾ ਗਿਆ। ਮੋਹਨ ਗਿੱਲ ਨੇ ਆਪਣੀਆਂ ਲਿਖਤਾਂ ਦੀ ਸਰੋਤਿਆਂ ਨਾਲ ਸਾਂਝ ਪਾਈ ਅਤੇ ਜਪਾਨੀ ਵਿਧਾ ਵਿਚ ਲਿਖੀ ਜਾਣ ਵਾਲੀ ਕਵਿਤਾ 'ਹਾਈਕੂ ਸੁਣਾਈ। ਬੁਲਾਰਿਆਂ ਵਿਚ ਖ਼ਾਲਸਾ ਢਾਡੀ ਜਥੇ ਨੇ ਜੋਗਾ ਸਿੰਘ ਜੋਗੀ ਦੀ ਕਵੀਸ਼ਰੀ 'ਸ਼ਾਇਰਾਂ ਦੀ ਨਮਸਕਾਰ ਹੈ ਪੁੱਤਰਾਂ ਦੇ ਦਾਨੀ ਨੂੰ' ਗਾਈ। ਇਸ ਤੋਂ ਇਲਵਾ ਬਲਵੀਰ ਗੋਰਾ, ਅਸੋ ਭਾਰਗੋ, ਮੰਗਾ ਬਾਸੀ, ਜਰਨੈਲ ਚਿੱਤਰਕਾਰ, ਨਛੱਤਰ ਬਰਾੜ, ਬਲਜਿੰਦਰ ਸੰਘਾ, ਜੋਗਾ ਸਹੋਤਾ, ਸੁਰਿੰਦਰ ਗੀਤ, ਤਰਲੋਚਨ ਸੈਂਭੀ, ਸਰੂਪ ਸਿੰਘ ਮਡੇਰ, ਜਸਵੰਤ ਸੇਖੋਂ, ਸ਼ਮਸ਼ੇਰ ਸੰਧੂ, ਗੁਰਮੀਤ ਕੌਰ ਸਰਪਾਲ, ਮਹਿੰਦਰਪਾਲ ਐਸ ਪਾਲ, ਦੇ ਨਾਲ ਸਭ ਤੋ ਛੋਟੀ ਉਮਰ ਦੇ ਬਾਲ ਕਲਾਕਾਰ ਯੁਵਰਾਜ ਸਿੰਘ ਨੇ ਵੀ ਹਿੱਸਾ ਲਿਆ। ਇਨ੍ਹਾਂ ਤੋਂ ਇਲਾਵਾ ਹੋਰ ਜਥੇਬੰਦੀਆਂ ਵਲੋਂ ਸਹਿਯੋਗ ਵੀ ਦਿੱਤਾ ਗਿਆ, ਜਿਨ੍ਹਾਂ ਵਿਚੋ ਸਾਹਿਤ ਸਭਾ, ਰਾਈਟਰਜ਼ ਫੋਰਮ, ਮੀਡੀਆ, ਕਲੱਬ, ਦਸਮੇਸ਼ ਕਲਚਰ ਅਸੋਸੀਏਸ਼ਨ, ਰੋਇਲ ਵੋਮੈਨ ਅਸੋਸੀਏਸ਼ਨ, ਸੁਰਸੰਗਮ ਰੇਡਿਉ, ਸਬਰੰਗ ਰੇਡਿਉ, ਰੈਡ.ਐਫ.ਐਮ ਰੇਡਿਉ, ਕਿੰਗ ਅਲੈਵਨ ਹਾਕੀ ਕਲੱਬ ਦਾ ਨਾਮ ਵਰਨਣ ਯੋਗ ਹੈ। ਡਾਕਟਰ ਦਰਸ਼ਨ ਗਿੱਲ ਨਾਂ ਦਾ ਪੁਰਸਕਾਰ ਕੈਲਗਰੀ ਦੇ ਨੌਜਵਾਨ ਲੇਖਕ ਦਵਿੰਦਰ ਮਲਹਾਂਸ ਨੂੰ ਉਨ੍ਹਾਂ ਦੇ ਵਧੀਆ ਕਹਾਣੀ ਸੰਗਰਿਹ ਲਈ ਦਿੱਤਾ ਗਿਆ। ਹਾਲ ਅੰਦਰ ਵੜਦਿਆਂ ਕਿਤਾਬਾਂ ਦਾ ਸਟਾਲ ਸਾਰੇ ਸਮਾਗਮ ਦੀ ਖਿੱਚ ਦਾ ਕੇਂਦਰ ਰਿਹਾ। ਕਿਤਾਬਾਂ ਨੂੰ ਵੇਚਣ ਦੀ ਜ਼ਿੰਮੇਵਾਰੀ ਮੰਗਲ ਚੱਠਾ, ਰਣਜੀਤ 'ਲਾਡੀ' (ਗੋਬਿੰਦਪੁਰੀ) ਨੇ ਨਿਭਾਈ। ਚਾਹ ਦੀ ਸੇਵਾ ਸਿਮਰ ਚੀਮਾ, ਸੁਰਿਦਰ ਚੀਮਾ, ਹਰਮਿੰਦਰ ਕੋਰ ਢਿੱਲੋਂ, ਜੋਗਿੰਦਰ ਸੰਘਾਂ ਨੇ ਕੀਤੀ। ਸਾਉਂਡ ਦੀ ਜ਼ਿੰਮੇਵਾਰੀ ਅਵਨਿੰਦਰ ਨੂਰ ਨੇ ਨਿਭਾਈ। ਫੋਟੋਗ੍ਰਾਫੀ ਬਲਜਿੰਦਰ ਸੰਘਾ ਨੇ ਕੀਤੀ। ਬਲਵੀਰ ਗੋਰਾ ਸਕੱਤਰ ਕੋਆਡੀਨੇਟਰ ਰਹੇ। ਨਿਰਪਾਲ ਕਲੇਰ, ਸਾਧੂ ਸਿੰਘ, ਬਲਜਿੰਦਰ ਭੁੱਲਰ ਜਸਵੀਰ ਸਿੱਧੂ, ਜਸਜੀਤ ਧਾਮੀ, ਸੁਰਿੰਦਰ ਰਨਦੇਵ, ਜਸਵੀਰ ਸਹੋਤਾ, ਪਰਮੰਦਿਰ ਗਰੇਵਾਲ, ਹਰਚਰਨ ਪਰਹਾਰ, ਗੁਰਦਿਆਲ ਖਹਿਰਾ, ਹਰਨੇਕ ਬੰਧਨੀ, ਭਜਨ ਗਿੱਲ, ਜਸਵੀਰ ਸਹੋਤਾ, ਗੁਰਦੀਪ ਪਰਹਾਰ, ਜਸਵੰਤ ਗਿੱਲ, ਇਕਬਾਲ ਅਰਪਨ ਦੀ ਪਤਨੀ ਹਰਜੀਤ ਅਰਪਨ ਵੀ ਹਾਜ਼ਰ ਸਨ। ਕੈਲਗਰੀ ਦੇ ਸਰੋਤਿਆਂ ਨੇ ਕਵੀ ਦਰਬਾਰ ਦਾ ਅਨੰਦ ਮਾਣਿਆ। ਤਰਲੋਚਨ ਸੈਂਭੀ ਅਤੇ ਬਲਵੀਰ ਗੋਰੇ ਦੀ ਕਵੀਸ਼ਰੀ ਨਾਲ ਸਮਾਗਮ ਦੀ ਸਮਾਪਤੀ ਕੀਤੀ ਗਈ। ਪੰਜਾਬੀ ਲਿਖਾਰੀ ਸਭਾ ਦੀ ਅਗਲੀ ਮੀਟਿੰਗ 15 ਜੂਨ, ਐਤਵਾਰ 2 ਵਜੇ ਹੋਵੇਗੀ, ਜਿਹੜੀ ਕਾਮਾਗਾਟਾ ਮਾਰੂ ਦੀ ਸ਼ਤਾਬਦੀ ਨੂੰ ਸਮਰਪਤ ਕੀਤੀ ਜਾਵੇਗੀ। ਉਸ ਵਿਚ ਵੈਨਕੂਵਰ ਦੇ ਲੇਖਕ ਮੋਹਣ ਗਿੱਲ ਵਲੋਂ ਤਿਆਰ ਕੀਤਾ ਸੋਵੀਨਰ ਵੀ ਰਿਲੀਜ਼ ਕੀਤਾ ਜਾਵੇਗਾ। ਸਾਰੇ ਲੇਖਕਾਂ ਅਤੇ ਪਾਠਕਾਂ ਨੂੰ ਆਉਣ ਲਈ ਖੁੱਲ੍ਹਾ ਸੱਦਾ ਹੈ।



# ਨਸ਼ਿਆਂ ਬਾਰੇ ਜਾਗਰੂਕ ਕਰਨ ਲਈ ਜ਼ੋਰਦਾਰ ਮੁਹਿੰਮ ਵਿੱਢੀ

ਕੈਲਗਰੀ (ਨਦਬ) : ਡਰੱਗ ਅਵੇਅਰਨੈੱਸ ਫ਼ਾਊਂਡੇਸ਼ਨ ਕੈਲਗਰੀ ਵਲੋਂ ਨਸ਼ਿਆਂ ਵਿਰੁੱਧ ਜ਼ੋਰਦਾਰ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸੇ ਲੜੀ ਤਹਿਤ ਮਈ ਦਾ ਦੂਜਾ ਹਫ਼ਤਾ ਜਾਗਰੂਕਤਾ ਹਫ਼ਤੇ ਵਜੋਂ ਮਨਾਇਆ ਗਿਆ। 2012 ਤੋਂ ਸ਼ੁਰੂ ਹੋਈ ਜਾਗਰੂਕਤਾ ਵਾਕ ਨੂੰ ਇਸ ਸਾਲ ਪਰੇਰੀ ਵਿੰਡ ਪਾਰਕ ਵਿਚ ਕਰਵਾਇਆ ਗਿਆ, ਜਿਸ ਵਿਚ 250-300 ਲੋਕਾਂ ਨੇ ਹਿੱਸਾ ਲਿਆ। ਜਾਗਰੂਕਤਾ ਵਾਕ ਮਗਰੋਂ ਇਕੱਠ ਨੂੰ ਸੁਰਿੰਦਰ ਦਿਆਲ, ਡਾ. ਜਰਨੈਲ ਕਲਸੀ, ਡਾ. ਅਨਮੋਲਕਪੁਰ, ਜੁਗਿੰਦਰ ਸੰਘਾ, ਮਨਮੀਤ ਭੁੱਲਰ, ਅਲ ਅਨਾਨ ਦੇ ਨੁਮਾਇੰਦੇ ਅਤੇ ਬਲਵਿੰਦਰ ਸਿੰਘ ਕਾਹਲੋਂ ਨੇ ਸੰਬੋਧਨ ਕੀਤਾ। ਸਾਰੇ ਬੁਲਾਰਿਆਂ ਨੇ ਸਮਾਜ ਨੂੰ ਨਸ਼ਾ ਮੁਕਤ ਕਰਨ ਦੀਆਂ ਕੋਸ਼ਿਸ਼ਾਂ ਵਿਚ ਯੋਗਦਾਨ ਪਾਉਣ ਦੀ ਅਪੀਲ ਕੀਤੀ।



# ਅਜਾਇਬ ਸਿੰਘ ਸੇਖੋਂ ਦੀ ਕਿਤਾਬ ਰਿਲੀਜ਼



ਕੈਲਗਰੀ (ਨਦਬ): ਅਰਪਨ ਲਿਖਾਰੀ ਸਭਾ ਦੀ ਇਕੱਤਰਤਾ ਸਤਨਾਮ ਸਿੰਘ ਢਾਅ ਅਤੇ ਅਜਾਇਬ ਸਿੰਘ ਸੇਖੋਂ ਦੀ ਪ੍ਰਧਾਨਗੀ ਹੇਠ ਕੋਸੋ ਹਾਲ ਵਿਚ ਹੋਈ। ਸਭਾ ਜਨਰਲ ਸਕੱਤਰ ਇਕਬਾਲ ਖ਼ਾਨ ਨੇ ਟੋਰਾਂਟੋ ਨਿਵਾਸੀ ਜਰਨੈਲ ਸਿੰਘ ਗਰਚਾ ਬਾਰੇ ਸ਼ੋਕ ਸਮਾਚਾਰ ਸਾਂਝਾ ਕੀਤਾ। ਕੇਸਰ ਸਿੰਘ ਨੀਰ ਨੇ ਉਨ੍ਹਾਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਜਨਰਲ ਸਕੱਤਰ ਇਕਬਾਲ ਖ਼ਾਨ ਨੇ ਸਭਾ ਦੇ ਪ੍ਰਧਾਨ ਨੂੰ ਅਜਾਇਬ ਸਿੰਘ ਸੇਖੋਂ ਦੀ ਕਿਤਾਬ ਰਿਲੀਜ਼ ਕਰਨ ਦੀ ਬੇਨਤੀ ਕੀਤੀ। ਜਸਪਾਲ ਕੰਗ ਨੇ ਕਿਤਾਬ ਬਾਰੇ ਵਿਚਾਰ ਪ੍ਰਗਟ ਕਰਦਿਆਂ ਕੈਲਗਰੀ ਦੀਆਂ ਸਾਰੀਆਂ ਸਭਾ ਸੁਸਾਇਟੀਆਂ ਨੂੰ ਲੋਕਹਿਤੂ ਕੰਮਾਂ ਲਈ ਇਕੱਠੇ ਹੋਣ ਦੀ ਬੇਨਤੀ ਕੀਤੀ। ਪ੍ਰਸ਼ੋਤਮ ਭਾਰਦਵਾਜ ਨੇ ਇੰਡੋ-ਕਨੇਡੀਅਨ ਸੀਨੀਅਰ ਸੁਸਾਇਟੀ ਵਲੋਂ ਵਧਾਈ ਦਿੱਤੀ। ਸਤਪਾਲ ਕੌਸ਼ਲ, ਪਰਮਿੰਦਰ ਗਰੇਵਾਲ, ਜਸਬੀਰ ਸਿੰਘ ਸਿਹੋਤਾ ਨੇ ਵਿਚਾਰ ਸਾਂਝੇ ਕੀਤੇ।

ਬਲਜਿੰਦਰ ਢਿੱਲੋਂ, ਮਾਸਟਰ ਬਚਿਤਰ ਸਿੰਘ, ਗੁਰਦਿਆਲ ਸਿੰਘ ਖਹਿਰਾ, ਡਾ. ਬਲਵਿੰਦਰ ਕੌਰ ਬਰਾੜ, ਕਮਲਜੀਤ ਸ਼ੇਰਗਿੱਲ, ਮਾ. ਭਜਨ ਗਿੱਲ, ਸਤਪਾਲ ਕੌਰ ਬੱਲ, ਗੁਰਨਾਮ ਸਿੰਘ ਗਿੱਲ, ਸੁਰਜੀਤ ਸਿੰਘ ਸੀਤਲ ਪੰਨੂ, ਅਜਾਇਬ ਸਿੰਘ ਸੇਖੋਂ ਨੇ ਵੀ ਆਪਣੀਆਂ ਰਚਨਾਵਾਂ ਰਾਹੀਂ ਹਾਜ਼ਰੀ ਲਵਾਈ।

ਅਰਪਨ ਲਿਖਾਰੀ ਸਭਾ ਕੈਲਗਰੀ ਵਲੋਂ 14 ਜੂਨ ਨੂੰ ਸਾਲਾਨਾ ਸਮਾਗਮ ਵਿਚ ਹਰਜੀਤ ਸਿੰਘ ਦੌਧਰੀਆਂ ਨੂੰ 'ਇਕਬਾਲ ਅਰਪਨ ਯਾਦਗਾਰੀ ਪੁਰਸਕਾਰ' ਨਾਲ ਸਨਮਾਨਤ ਕੀਤਾ ਜਾ ਰਿਹਾ ਹੈ।

# ਰਾਈਟਰਜ਼ ਫੋਰਮ, ਕੈਲਗਰੀ ਦੀ ਮਾਸਿਕ ਇਕੱਤਰਤਾ

ਕੈਲਗਰੀ (ਨਦਬ): ਰਾਈਟਰਜ਼ ਫੋਰਮ, ਕੈਲਗਰੀ ਦੀ ਮਾਸਿਕ ਇਕੱਤਰਤਾ ਕਾਊਂਸਲ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਹਾਲ ਵਿਚ ਹੋਈ। ਫੋਰਮ ਦੇ ਜਨਰਲ ਸਕੱਤਰ ਜੱਸ ਚਾਹਲ ਨੇ ਸਭ ਨੂੰ ਜੀ ਆਇਆਂ ਆਖਦੇ ਹੋਏ ਪ੍ਰੋ. ਸਮਸ਼ੇਰ ਸਿੰਘ ਸੰਧੂ ਅਤੇ ਸੁਰਿੰਦਰ ਸਿੰਘ ਢਿੱਲੋਂ ਹੋਰਾਂ ਨੂੰ ਸਭਾ ਦੀ ਪ੍ਰਧਾਨਗੀ ਕਰਨ ਦੀ ਬੇਨਤੀ ਕੀਤੀ। ਸੱਤਪਾਲ ਕੌਸ਼ਲ ਨੇ 'ਗਲੋਬਲ ਪਰਵਾਸੀ ਸੀਨੀਅਰ ਸੁਸਾਇਟੀ' ਬਾਰੇ ਜਾਣਕਾਰੀ ਸਾਂਝੀ ਕੀਤੀ। ਰਣਜੀਤ ਸਿੰਘ ਮਿਨਹਾਸ ਨੇ ਆਪਣੀ ਕਵਿਤਾ 'ਖੋਤਿਆਂ ਦੀ ਮੰਗ' ਸੁਣਾਈ। ਪ੍ਰੋ. ਸ਼ਮਸ਼ੇਰ ਸਿੰਘ ਸੰਧੂ ਨੇ ਗ਼ਜ਼ਲ ਸੁਰਿੰਦਰ ਸਾਗਰ ਦੀ ਆਵਾਜ਼ ਵਿਚ ਫੋਨ 'ਤੇ ਰਿਕਾਰਡ ਕੀਤੀ ਸੁਣਾਈ। ਰਫ਼ੀ ਅਹਿਮਦ ਨੇ ਬਲਵੰਤ ਸਿੰਘ ਦੀ ਲਿਖੀ ਕਹਾਣੀ 'ਜੱਗਾ' ਨੂੰ ਅਪਣੇ ਖ਼ਾਸ ਅੰਦਾਜ਼ ਵਿਚ ਪੇਸ਼ ਕੀਤਾ। ਰਾਜੇਸ਼ ਅੰਗਰਾਲ ਨੇ ਤੀਸਰੇ ਸਬਰੰਗ ਵਿਸਾਖੀ ਮੇਲੇ ਦਾ ਸਨਮਾਨ ਪੱਤਰ ਰਾਈਟਰਜ਼ ਫੋਰਮ ਕੈਲਗਰੀ ਨੂੰ ਭੇਟ ਕੀਤਾ। ਕਰਾਰ ਬੁਖਾਰੀ, ਸੁਖਵਿੰਦਰ ਤੂਰ, ਜਸਵੀਰ ਸਿੰਘ ਸਿਹੋਤਾ, ਜਰਨੈਲ ਸਿੰਘ ਤੱਗੜ, ਜੱਸ ਚਾਹਲ, ਹਰਨੇਕ ਸਿੰਘ ਬੱਧਨੀ, ਡਾ. ਮਜ਼ਹਰ ਸਿੱਦੀਕੀ, ਮੋਹਨ ਸਿੰਘ ਮਿਨਹਾਸ, ਰੋਮੇਸ਼ ਆਨੰਦ ਜਗਜੀਤ ਸਿੰਘ ਰਾਹਸੀ, ਸੁਰਿੰਦਰ ਸਿੰਘ ਢਿੱਲੋਂ ਨੇ ਆਪਣੀਆਂ-ਆਪਣੀਆਂ ਰਚਨਾਵਾਂ ਸੁਣਾਈਆਂ। ਇਨ੍ਹਾਂ ਤੋਂ ਇਲਾਵਾ ਹਰਬਖਸ਼ ਸਿੰਘ ਸਰੋਆ, ਜਸਵੰਤ ਸਿੰਘ ਹਿੱਸੋਵਾਲ ਅਤੇ ਮਹਿੰਦਰ ਕੌਸ਼ਲ ਹੋਰਾਂ ਵੀ ਸਭਾ ਦੀ ਰੌਣਕ ਵਧਾਈ।

ਰਾਈਟਰਜ਼ ਫੋਰਮ ਵਲੋਂ ਹਾਜ਼ਰੀਨ ਲਈ ਚਾਹ ਅਤੇ ਸਨੈਕਸ ਦਾ ਢੁਕਵਾਂ ਪ੍ਰਬੰਧ ਕੀਤਾ ਗਿਆ ਸੀ। ਜੱਸ ਚਾਹਲ ਨੇ ਸਭਾ ਵਿਚ ਆਉਣ ਲਈ ਸਭ ਦਾ ਧੰਨਵਾਦ ਕੀਤਾ ਤੇ ਅਗਲੀ ਇਕੱਤਰਤਾ ਲਈ ਸਾਰਿਆਂ ਨੂੰ ਪਿਆਰ ਭਰਿਆ ਸੱਦਾ ਦਿੱਤਾ।

ਰਾਈਟਰਜ਼ ਫੋਰਮ ਦਾ ਮੁੱਖ ਉਦੇਸ਼ ਕੈਲਗਰੀ ਨਿਵਾਸੀ ਪੰਜਾਬੀ, ਹਿੰਦੀ, ਉਰਦੂ ਤੇ ਅੰਗਰੇਜ਼ੀ ਦੇ ਸਾਹਿਤ ਪ੍ਰੇਮੀਆਂ ਤੇ ਲਿਖਾਰੀਆਂ ਨੂੰ ਇਕ ਮੰਚ 'ਤੇ ਇਕੱਠੇ ਕਰਨਾ ਤੇ ਸਾਂਝਾਂ ਪਲੇਟਫਾਰਮ ਪ੍ਰਦਾਨ ਕਰਨਾ ਹੈ ਜੋ ਜੋੜਵੇਂ ਪੁਲ ਦਾ ਕੰਮ ਕਰੇਗਾ। ਸਾਹਿਤ/ਅਦਬ ਰਾਹੀਂ ਬਣੀ ਇਹ ਸਾਂਝ, ਮਾਨਵੀ ਤੇ ਅਮਨ ਹਾਮੀਂ ਤਾਕਤਾਂ ਤੇ ਯਤਨਾਂ ਨੂੰ ਵੀ ਮਜ਼ਬੂਤ ਕਰੇਗੀ ਤੇ ਏਥੋਂ ਦੇ ਜੀਵਣ ਨਾਲ ਵੀ ਸਾਂਝ ਪਾਵੇਗੀ।

ਰਾਈਟਰਜ਼ ਫੋਰਮ ਕੈਲਗਰੀ ਦੀ ਸਾਹਿਤਕ ਇਕੱਤਰਤਾ ਹਰੇਕ ਮਹੀਨੇ ਦੇ ਪਹਿਲੇ ਸ਼ਨਿੱਚਰਵਾਰ ਨੂੰ ਹੁੰਦੀ ਹੈ। ਕੈਲਗਰੀ ਦੇ ਸਾਹਿਤ ਪ੍ਰੇਮੀਆਂ ਤੇ ਸਾਹਿਤਕਾਰਾਂ ਨੂੰ ਇਸ ਵੰਨ ਸਵੰਨੀ ਸਾਹਿਤਕ ਇਕੱਤਰਤਾ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ।

New Location of
K.P. ACCOUNTING & TAX SERVICES

SAVE YOUR TAX
FOR FAST REFUND USE E-FILES

- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS

ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ ਦੇ
ਜਾਣੇ-ਪਛਾਣੇ ਅਕਾਊਂਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ

Ph. : 780-469-2677 Fax : 780-469-2026
9218 34 Ave in Plaza 34



Kapil Sharma

ਨਵੀਂ ਦੁਨੀਆ

## ਸੰਪਾਦਕੀ

# ਚੰਗੇ, ਬੁਰੇ ਦਿਨਾਂ ਦੀ ਚੱਕੀ 'ਚ ਪਿਸ ਰਿਹਾ ਭਾਰਤੀ ਅਵਾਮ

ਕੀ ਸੱਚਮੁੱਚ ਭਾਰਤੀ ਅਵਾਮ ਲਈ ਚੰਗੇ ਦਿਨ ਆ ਗਏ ਹਨ? ਭਾਰਤ ਦੇ ਨਵੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹਵਾਲੇ ਨਾਲ ਪ੍ਰਚਾਰਿਆ ਇਹੀ ਜਾ ਰਿਹਾ ਹੈ ਕਿ ਹੁਣ ਭਾਰਤੀ ਲੋਕਾਂ ਦੀਆਂ ਤਮਾਮ ਮੁਸ਼ਕਲਾਂ ਦਾ ਹੱਲ ਹੋਣ ਜਾ ਰਿਹਾ ਹੈ। ਪਰ ਸੱਚ ਇਹ ਨਹੀਂ ਹੈ। ਸੱਚ ਇਹ ਹੈ ਕਿ ਆਮ ਭਾਰਤੀ ਦੀਆਂ ਜੀਵਨ ਹਾਲਤਾਂ ਹੋਰ ਤ੍ਰਾਸਦਿਕ ਹੋਣ ਵਾਲੀਆਂ ਹਨ। ਦਿਨ ਚੰਗੇ ਨਹੀਂ ਹੋਰ ਬੁਰੇ ਆਉਣ ਵਾਲੇ ਹਨ। ਕਿਉਂ! ਆਓ ਦੇਖਦੇ ਹਾਂ।

ਪ੍ਰਧਾਨ ਮੰਤਰੀ ਦੇ ਅਹੁਦੇ ਦਾ ਹਲਫ਼ ਲੈਣ ਤੋਂ ਬਾਅਦ ਨਰਿੰਦਰ ਮੋਦੀ ਨੇ ਮੁੱਖ ਤੌਰ 'ਤੇ ਦੇਸ਼ ਦੀ ਵਿਕਾਸ ਗਤੀ ਨੂੰ ਹੁਲਾਰਾ ਦੇਣ ਲਈ ਜਿਹੜੀਆਂ ਮੁੱਖ ਤਰਜੀਹਾਂ ਮਿੱਥੀਆਂ ਹਨ, ਉਨ੍ਹਾਂ ਵਿਚ ਖੇਤੀ, ਪਾਣੀ, ਸਿੱਖਿਆ, ਸਿਹਤ-ਸੰਭਾਲ, ਰੁਜ਼ਗਾਰ, ਸ਼ਹਿਰੀ ਜੀਵਨ ਵਿਚ ਸੁਧਾਰ ਅਤੇ ਬੁਨਿਆਦੀ ਢਾਂਚੇ ਦਾ ਵਿਕਾਸ ਆਦਿ ਸ਼ਾਮਲ ਹੈ। ਉਨ੍ਹਾਂ ਕੇਂਦਰੀ ਮੰਤਰੀਆਂ ਨੂੰ ਉਪਰੋਕਤ ਤਰਜੀਹਾਂ ਦੇ ਦੁਆਲੇ ਧਿਆਨ ਕੇਂਦਰਤ ਕਰਨ ਦਾ ਸੱਦਾ ਦਿੱਤਾ ਹੈ। ਇਹ ਸਾਰੇ ਖੇਤਰ ਲਾਜ਼ਮੀ ਤੌਰ 'ਤੇ ਸਾਡੇ ਦੇਸ਼ ਦੀ ਭਵਿੱਖੀ ਤਰੱਕੀ ਲਈ ਬਹੁਤ ਹੀ ਮਹੱਤਵਪੂਰਨ ਖੇਤਰ ਹਨ ਪਰ ਮੋਦੀ ਤੋਂ ਪਹਿਲਾਂ ਡਾਕਟਰ ਮਨਮੋਹਨ ਸਿੰਘ ਵਰਗੇ ਆਰਥਕ ਮਾਹਰ ਪ੍ਰਧਾਨ ਮੰਤਰੀ ਦੀਆਂ ਤਰਜੀਹਾਂ ਵੀ ਤਾਂ ਇਹ ਹੀ ਸਨ। ਸੱਚ ਇਹ ਹੈ ਕਿ ਡਾ. ਮਨਮੋਹਨ ਸਿੰਘ ਦੀ ਅਗਵਾਈ ਵਿਚ ਲਗਾਤਾਰ 10 ਸਾਲ ਭਾਰਤ ਇਨ੍ਹਾਂ ਖੇਤਰਾਂ ਵਿਚ ਪਛੜਦਾ ਚਲਿਆ ਗਿਆ ਹੈ। ਇਹ ਜਾਣ ਲੈਣਾ ਜ਼ਰੂਰੀ ਹੈ ਕਿ ਡਾ. ਮਨਮੋਹਨ ਸਿੰਘ ਦੀ ਅਗਵਾਈ ਵਿਚ ਮੁਲਕ ਵਿਚ ਜਿਹੜੀਆਂ ਨੀਤੀਆਂ ਲਾਗੂ ਕੀਤੀਆਂ ਗਈਆਂ; ਉਨ੍ਹਾਂ ਨੂੰ ਹੀ ਹੋਰ ਤੇਜ਼ੀ ਨਾਲ ਨਰਿੰਦਰ ਮੋਦੀ ਅੱਗੇ ਲਿਜਾਣ ਵਾਲੇ ਹਨ, ਕਿਉਂਕਿ ਸੰਸਾਰ ਬਾਜ਼ਾਰ ਨੂੰ ਸੰਚਾਲਤ ਕਰਨ ਵਾਲੀਆਂ ਜਿਨ੍ਹਾਂ ਤਾਕਤਾਂ ਨੇ ਡਾ. ਮਨਮੋਹਨ ਸਿੰਘ ਸਰਕਾਰ ਰਾਹੀਂ ਭਾਰਤ ਨੂੰ ਆਪਣੀ ਮੰਡੀ ਬਣਾਉਣ ਵੱਲ ਕਦਮ ਵਧਾਏ; ਉਨ੍ਹਾਂ ਤਾਕਤਾਂ ਨੇ ਹੀ ਆਪਣੇ ਹਿਤ ਪਾਲਣ ਲਈ ਹੁਣ ਨਰਿੰਦਰ ਮੋਦੀ ਨੂੰ ਠੁਮੰਣਾ ਦੇ ਕੇ ਭਾਰਤ ਦੇ ਪ੍ਰਧਾਨ ਮੰਤਰੀ ਦੀ ਕੁਰਸੀ ਤੱਕ ਪਹੁੰਚਾਉਣ ਵਿਚ ਮਹਤਵਪੂਰਨ ਭੂਮਿਕਾ ਨਿਭਾਈ ਹੈ।

ਸਾਨੂੰ ਇਹ ਵੀ ਜ਼ਰੂਰ ਹੀ ਦੇਖ ਲੈਣਾ ਚਾਹੀਦਾ ਹੈ ਕਿ 66 ਸਾਲਾਂ ਬਾਅਦ ਵੀ ਭਾਰਤ ਦੇ ਜਨ-ਸਾਧਾਰਨ ਦੇ ਜੀਵਨ ਪੱਧਰ ਵਿਚ ਕੋਈ ਬਿਹਤਰੀ ਨਜ਼ਰ ਆਉਂਦੀ ਹੈ ਜਾਂ ਨਹੀਂ। ਬਿਨਾਂ ਸ਼ੱਕ ਸਾਨੂੰ ਆਜ਼ਾਦ ਦੇਸ਼ ਦੇ ਗੁਲਾਮਾਂ ਦੀਆਂ ਭੀੜਾਂ ਨਜ਼ਰ ਆਉਣਗੀਆਂ। ਇਕ ਆਮ ਬੰਦੇ ਦੇ ਸੁਪਨਿਆਂ ਦਾ ਇੱਥੇ ਜੋ ਹਸ਼ਰ ਆਏ ਦਿਨ ਅਸੀਂ ਦੇਖਦੇ ਹਾਂ, ਉਹ ਸਾਡੇ ਕਾਲੇ-ਕਲੂਟੇ ਭਵਿੱਖ ਦੀ ਜ਼ਾਮਨੀ ਭਰਦਾ ਹੈ। ਆਰਥਕ ਤੌਰ 'ਤੇ ਭਾਰਤ ਦੀ ਗੁਲਾਮੀ ਹੁਣ ਕੋਈ ਲੁਕੀ-ਛਿਪੀ ਸ਼ੈਅ ਨਹੀਂ ਹੈ।

ਮਹਿੰਗਾਈ ਪਹਿਲਾਂ ਵੀ ਲਗਾਤਾਰ ਵਧਦੀ ਆਈ ਹੈ ਅਤੇ ਇਹ ਅਗਾਂਹ ਵੀ ਵਧੇਗੀ ਪਰ ਜਿਸ ਤੇਜ਼ੀ ਨਾਲ ਪਿਛਲੇ ਕੁਝ ਵਰ੍ਹਿਆਂ ਵਿਚ ਮਹਿੰਗਾਈ ਨੇ ਛਾਲਾਂ ਮਾਰੀਆਂ ਹਨ, ਉਹ ਪ੍ਰੇਸ਼ਾਨ ਹੀ ਨਹੀਂ ਹੈਰਾਨ ਕਰਨ ਵਾਲੀ ਵੀ ਹੈ। ਖੇਤੀ ਲਾਗਤਾਂ ਲਗਾਤਾਰ ਵਧੀ ਜਾ ਰਹੀਆਂ ਹਨ ਪਰ ਕੇਂਦਰ ਜਿਣਸਾਂ ਦਾ ਘੱਟੋ-ਘੱਟ ਚੰਗਾ ਸਹਾਇਕ ਮੁਲ ਦੇਣ ਤੋਂ ਵੀ ਸਦਾ ਹੀ ਭੱਜਦਾ ਆਇਆ ਹੈ। ਉਂਜ ਵੀ ਜ਼ਮੀਨਾਂ ਨੂੰ ਕਿਸਾਨਾਂ ਹੱਥੋਂ ਖੋਹ ਕੇ ਬਹੁਕੌਮੀ ਕੰਪਨੀਆਂ ਅਤੇ ਆਪਣੇ ਚਹੇਤੇ ਨਿੱਜੀ ਵਪਾਰੀਆਂ ਨੂੰ ਸੌਂਪਣ ਦਾ ਸਿਲਸਿਲਾ ਹੁਣ ਹੋਰ ਤੇਜ਼ ਹੋਣ ਵਾਲਾ ਹੈ।

ਪਿਛਲੇ ਸਾਲਾਂ ਵਿਚ ਪੈਟਰੋਲ, ਡੀਜ਼ਲ ਦੀਆਂ ਲਗਾਤਾਰ ਵਧਾਈਆਂ ਗਈਆਂ ਕੀਮਤਾਂ ਨੇ ਵੀ ਜ਼ਰੂਰਤ ਦੀ ਹਰ ਚੀਜ਼ ਨੂੰ ਅਸਮਾਨੀ ਚਾੜ੍ਹ ਦਿੱਤਾ ਹੈ। ਪੈਟਰੋਲ ਡੀਜ਼ਲ ਦੀਆਂ ਕੀਮਤਾਂ ਵੀ ਕੌਮਾਂਤਰੀ ਬਾਜ਼ਾਰ ਵਿਚ ਕੱਚੇ ਤੇਲ ਦੀਆਂ ਵਧੀਆਂ ਕੀਮਤਾਂ ਦਾ ਬਹਾਨਾ ਲਾ ਕੇ ਵਧਾਈਆਂ ਜਾਂਦੀਆਂ ਰਹੀਆਂ ਹਨ ਜਦਕਿ ਅੱਜ ਤੱਕ ਕਦੇ ਸਰਕਾਰ ਨੇ ਨਹੀਂ ਦੱਸਿਆ ਕਿ ਰੁਪਇਆਂ ਵਿਚ ਕੱਚੇ ਤੇਲ ਦੀ ਅਸਲ ਕੀਮਤ ਕੀ ਬਣਦੀ ਹੈ।

ਮਹਿੰਗਾਈ ਦੇ ਇਸ ਜੰਜਾਲ ਨੇ ਆਮ ਬੰਦੇ ਦੇ ਮੂੰਹ ਦੀ ਬੁਰਕੀ ਵੀ ਖੋਹ ਲਈ ਹੈ। ਅਨਾਜ, ਦਾਲਾਂ ਦੇ ਨਾਲ-ਨਾਲ ਸਬਜ਼ੀਆਂ ਵੀ ਅਸਮਾਨੀ ਜਾ ਚੜ੍ਹੀਆਂ ਹਨ। ਹਾਲਾਤ ਇਹ ਹਨ ਕਿ ਸਾਰਾ ਮੁਲਕ ਹੀ ਬਹੁਕੌਮੀ ਕੰਪਨੀਆਂ ਅਤੇ ਨਿੱਜੀ ਵਪਾਰੀਆਂ ਅੱਗੇ ਢੇਰ ਕਰ ਛਡਿਆ ਹੈ।

ਪਹਿਲਾਂ ਹੀ ਵਿਦੇਸ਼ੀ ਕਰਜ਼ੇ ਨਾਲ ਸਾਹਸੱਤਹੀਣ ਹੋਏ ਹਿੰਦੁਸਤਾਨ ਦੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਆਪਣੇ ਪਹਿਲੇ ਬਜਟ ਵਿਚ ਹੀ ਵਿਦੇਸ਼ੀ ਨਿਵੇਸ਼ ਲਈ ਸੌ ਫ਼ੀਸਦੀ ਨਵੇਂ ਰਸਤੇ ਖੋਲ੍ਹਣ ਜਾ ਰਹੀ ਹੈ। ਇਹਦੇ ਸੰਕੇਤ ਮਲਟੀ ਬਰਾਂਡ ਲਈ ਸੌ ਫ਼ੀਸਦੀ ਵਿਦੇਸ਼ੀ ਨਿਵੇਸ਼ ਨੂੰ ਆਗਿਆ ਦੇਣ ਵਿਚੋਂ ਮਿਲ ਹੀ ਗਏ ਹਨ। ਬੇਹੱਦ ਜ਼ਰੂਰੀ ਅਤੇ ਹਰ ਦੇਸ਼ਵਾਸੀ ਦੀ ਬੁਨਿਆਦੀ ਲੋੜ ਸਿੱਖਿਆ ਅਤੇ ਸਿਹਤ ਪ੍ਰਬੰਧ ਨੂੰ ਲਗਾਤਾਰ ਨਿੱਜੀ ਹੱਥਾਂ ਵਿਚ ਸੌਂਪਦੇ ਜਾਣ ਦੀ ਨੀਤੀ ਨੂੰ ਨਰਿੰਦਰ ਮੋਦੀ ਦੀ ਸਰਕਾਰ ਅੱਗੇ ਲੈ ਜਾਣ ਵਾਲੀ ਹੈ। ਇਸ ਤੋਂ ਇਲਾਵਾ ਭ੍ਰਿਸ਼ਟਾਚਾਰ ਵਰਗੀ ਮਹਾਂਮਾਰੀ ਲਗਾਤਾਰ ਦੇਸ਼ ਦੇ ਬੁਨਿਆਦੀ ਢਾਂਚੇ ਦੀਆਂ ਜੜ੍ਹਾਂ ਵਿਚ ਤੇਲ ਦੇ ਰਹੀ ਹੈ।

ਚੋਣਾਂ ਦੌਰਾਨ ਜਿਸ ਤਰ੍ਹਾਂ ਭਾਜਪਾ ਅਤੇ ਇਸ ਦੀ ਭਾਈਵਾਲ ਸ਼ਿਵ ਸੈਨਾ ਦੇ ਆਗੂਆਂ ਵਲੋਂ ਪਾਕਿਸਤਾਨ ਵਿਰੋਧੀ ਪ੍ਰਚਾਰ ਕੀਤਾ ਜਾਂਦਾ ਰਿਹਾ, ਕੀ ਭਵਿੱਖ ਵਿਚ ਗਵਾਂਢੀ ਮੁਲਕ ਨਾਲ ਬਿਹਤਰ ਸਬੰਧਾਂ ਦੀ ਆਸ ਬਣਦੀ ਹੈ? ਯੂ.ਪੀ.ਏ. ਨੂੰ ਕਾਲਾ ਧਨ ਦੇ ਮੁੱਦੇ 'ਤੇ ਘੇਰਦੀ ਆ ਰਹੀ ਭਾਜਪਾ ਲਈ ਇਹ ਵੀ ਅਹਿਮ ਸਵਾਲ ਬਣੇਗਾ। ਨਰਿੰਦਰ ਮੋਦੀ ਦੇ ਸਫ਼ੇਦ ਕੁੜਤੇ 'ਤੇ ਗੁਜਰਾਤ ਦੰਗਿਆਂ ਦੇ ਵੀ ਦਾਗ਼ ਲੱਗੇ ਹਨ। ਇਸ ਲਈ ਘੱਟ ਗਿਣਤੀਆਂ ਦਾ ਵਿਸ਼ਵਾਸ ਜਿੱਤਣਾ ਵੀ ਉਨ੍ਹਾਂ ਲਈ ਵੱਡੀ ਚੁਣੌਤੀ ਹੋਵੇਗੀ।

ਕੁੱਝ ਸਵਾਲ ਪੰਜਾਬ ਦੇ ਹਵਾਲੇ ਨਾਲ ਵੀ ਹਨ। ਕੀ ਹੁਣ ਪੰਜਾਬ ਨੂੰ ਗਵਾਂਢੀ ਸੂਬਿਆਂ ਵਾਲੀਆਂ ਰਿਆਇਤਾਂ ਮਿਲ ਸਕਣਗੀਆਂ? ਕੀ ਪੰਜਾਬ ਦੇ ਪਾਣੀਆਂ ਦਾ ਮਸਲਾ ਹੱਲ ਹੋ ਸਕੇਗਾ? ਕੀ ਚੰਡੀਗੜ੍ਹ ਪੰਜਾਬ ਨੂੰ ਮਿਲੇਗਾ?

ਅਜਿਹੇ ਵਿਚ ਨਰਿੰਦਰ ਮੋਦੀ ਦੀਆਂ 'ਤਰਜੀਹਾਂ' ਅਤੇ 'ਇਛਾਵਾਂ' ਦਾ ਕੀ ਬਣੇਗਾ? ਇਸ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

# ਚੋਣ ਨਤੀਜੇ ਤੇ ਉਨ੍ਹਾਂ ਦੇ ਭਵਿੱਖੀ ਪ੍ਰਭਾਵ

ਹਰਕੰਵਲ ਸਿੰਘ
0181-2483033
sangrami.lehar@gmail.com



ਦੇਸ਼ ਅੰਦਰ, ਪਿਛਲੇ ਦਿਨੀਂ ਹੋਈਆਂ ਪਾਰਲੀਮਾਨੀ ਚੋਣਾਂ ਦੇ ਨਤੀਜੇ ਨਿਰੇ ਹੈਰਾਨੀਜਨਕ ਹੀ ਨਹੀਂ, ਸਗੋਂ ਵੱਡੀ ਹੱਦ ਤੱਕ ਚਿੰਤਾਜਨਕ ਵੀ ਦਿਖਾਈ ਦੇ ਰਹੇ ਹਨ।

ਇਹਨਾਂ ਚੋਣਾਂ ਤੋਂ ਪਹਿਲਾਂ ਹੀ ਬਹੁਤ ਸਾਰੇ ਸਿਆਸੀ ਚਿੰਤਕਾਂ ਵਲੋਂ ਇਹ ਅਨੁਮਾਨ ਤਾਂ ਜ਼ਰੂਰ ਲਾਏ ਜਾ ਰਹੇ ਸਨ ਕਿ ਮਨਮੋਹਨ ਸਿੰਘ ਸਰਕਾਰ ਦੀਆਂ ਹਰ ਖੇਤਰ ਵਿਚਲੀਆਂ ਅਸਫਲਤਾਵਾਂ ਅਤੇ ਇਸ ਸਰਕਾਰ ਦੇ ਕਾਰਜਕਾਲ ਦੌਰਾਨ ਉਭਰਕੇ ਸਾਹਮਣੇ ਆਏ ਵੱਡੇ ਵੱਡੇ ਵਿੱਤੀ ਘੁਟਾਲਿਆਂ ਕਾਰਨ ਕਾਂਗਰਸ ਪਾਰਟੀ, ਇਸ ਵਾਰ, ਸੱਤਾ ਦੇ ਗਲਿਆਰਿਆਂ 'ਚੋਂ ਬਾਹਰ ਜਾ ਸਕਦੀ ਹੈ। ਪ੍ਰੰਤੂ ਉਸਦੀ ਦੁਰਦਸ਼ਾ ਏਨੀ ਜ਼ਿਆਦਾ ਹੋਵੇਗੀ ? ਇਹ ਸ਼ਾਇਦ ਕਿਸੇ ਨੇ ਵੀ ਚਿਤਵਿਆ ਨਹੀਂ ਸੀ। ਏਸੇ ਤਰ੍ਹਾਂ, ਇਹ ਅਨੁਮਾਨ ਵੀ ਆਮ ਹੀ ਲਾਏ ਜਾ ਰਹੇ ਸਨ ਕਿ ਕਾਂਗਰਸ ਪਾਰਟੀ ਵਿਰੁੱਧ ਲੋਕ ਮਨਾਂ ਅੰਦਰ ਵਿਆਪਕ ਰੂਪ ਵਿਚ ਫੈਲੇ ਹੋਏ ਰੋਹ ਦਾ ਲਾਹਾ ਲੈ ਕੇ ਭਾਰਤੀ ਜਨਤਾ ਪਾਰਟੀ ਲੋਕ ਸਭਾ ਵਿਚ ਆਪਣੇ ਪ੍ਰਤੀਨਿੱਧਾਂ ਦੀ ਗਿਣਤੀ ਵਧਾ ਸਕਦੀ ਹੈ; ਪ੍ਰੰਤੂ ਇਹ ਕਿਆਸ ਵੀ ਨਹੀਂ ਸੀ ਕੀਤਾ ਜਾ ਰਿਹਾ ਕਿ ਉਹ 272 ਦਾ ਅੰਕੜਾ ਪਾਰ ਕਰ ਲਵੇਗੀ ਅਤੇ ਇਕੱਲਿਆਂ ਹੀ ਬਹੁਮਤ ਹਾਸਲ ਕਰ ਜਾਵੇਗੀ। ਇਹਨਾਂ ਪੱਖਾਂ ਤੋਂ, ਅਤੇ ਕੁਝ ਹੋਰ ਪੱਖਾਂ ਤੋਂ ਵੀ ਇਹ ਚੋਣ ਨਤੀਜੇ ਨਿਸ਼ਚੇ ਹੀ ਹੈਰਾਨੀਜਨਕ ਆਖੇ ਜਾ ਸਕਦੇ ਹਨ।

ਚੋਣ ਨਤੀਜੇ ਸਪੱਸ਼ਟ ਰੂਪ ਵਿਚ ਇਹ ਦਰਸਾਉਂਦੇ ਹਨ ਕਿ ਕਾਂਗਰਸ ਪਾਰਟੀ ਦੇ ਇਤਿਹਾਸ ਵਿਚ ਉਸਨੂੰ ਪਹਿਲੀ ਵਾਰ ਏਨੀ ਵੱਡੀ ਤੇ ਨਿਮੋਸ਼ੀਜਨਕ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਇਸ ਚੋਣ ਵਿਚ ਉਸਦੇ ਕਈ ਵਜ਼ੀਰ ਤੇ ਹੋਰ ਵੱਡੇ ਆਗੂ ਚੋਣ ਹਾਰ ਗਏ ਹਨ। ਕੇਵਲ 44 ਸੀਟਾਂ ਹੀ ਜਿੱਤ ਸਕੀ ਹੈ। ਇਸ ਨਾਲ ਤਾਂ ਉਸਨੇ ਪਾਰਲੀਮੈਂਟ ਅੰਦਰ ਵਿਰੋਧੀ ਧਿਰ ਵਜੋਂ ਮਾਨਤਾ ਹਾਸਲ ਕਰਨ ਦਾ ਸੰਵਿਧਾਨਕ ਅਧਿਕਾਰ ਵੀ ਗੁਆ ਲਿਆ ਹੈ। ਇਸ ਵਾਸਤੇ ਕੁਲ 543 ਮੈਂਬਰਾਂ ਦੇ 10% ਦੇ ਬਰਾਬਰ ਭਾਵ ਘੱਟ ਤੋਂ ਘੱਟ 55 ਮੈਂਬਰਾਂ ਦੀ ਲੋੜ ਹੁੰਦੀ ਹੈ। ਕਈ ਰਾਜਾਂ, ਜਿਵੇਂ ਕਿ ਰਾਜਸਥਾਨ, ਕੇਂਦਰੀ ਰਾਜਧਾਨੀ ਖੇਤਰ ਦਿੱਲੀ, ਗੁਜਰਾਤ, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ, ਸੀਮਾਂਧਰਾ, ਉਤਰਾਖੰਡ ਅਤੇ ਤਾਮਲਨਾਡੂ ਤੋਂ ਕਾਂਗਰਸ ਦਾ ਕੋਈ ਵੀ ਪ੍ਰਤੀਨਿੱਧ ਜਿੱਤ ਕੇ ਨਹੀਂ ਆ ਸਕਿਆ। ਦਹਾਈ ਦੇ ਆਂਕੜੇ ਨੂੰ ਤਾਂ ਇਹ ਪਾਰਟੀ ਕਿਸੇ ਵੀ ਪ੍ਰਾਂਤ ਅੰਦਰ ਹੱਥ ਨਹੀਂ ਪਾ ਸਕੀ। ਇਹ ਨਿਸ਼ਚੇ ਹੀ 129 ਵਰ੍ਹਿਆਂ ਦੇ ਲੰਬੇ ਇਤਿਹਾਸ ਉਪਰ ਮਾਣ ਕਰਨ ਵਾਲੀ 'ਤੇ ਆਜ਼ਾਦੀ ਪ੍ਰਾਪਤੀ ਉਪਰੰਤ ਸਭ ਤੋਂ ਵੱਧ ਸਮੇਂ ਲਈ ਸੱਤਾ 'ਤੇ ਬਿਰਾਜਮਾਨ ਰਹਿਣ ਵਾਲੀ ਪਾਰਟੀ ਲਈ ਬੇਹੱਦ ਨਮੋਸ਼ੀਜਨਕ ਅਵਸਥਾ ਹੈ। ਏਥੇ ਹੀ ਬਸ ਨਹੀਂ। ਇਹਨਾਂ ਚੋਣਾਂ ਵਿਚ ਕਾਂਗਰਸ ਪਾਰਟੀ ਦੀਆਂ ਸਿੱਧੇ ਜਾਂ ਅਸਿੱਧੇ ਰੂਪ ਵਿਚ ਭਾਈਵਾਲ ਰਹੀਆਂ ਕਈ ਧਿਰਾਂ, ਜਿਵੇਂ ਕਿ ਡੀ.ਐਮ.ਕੇ., ਅਜੀਤ ਸਿੰਘ ਦੀ ਪਾਰਟੀ ਆਰ.ਐਸ.ਡੀ., ਜੰਮੂ ਕਸ਼ਮੀਰ ਵਿਚਲੀ ਨੈਸ਼ਨਲ ਕਾਨਫਰੰਸ, ਅਤੇ ਬਹੁਜਨ ਸਮਾਜ ਪਾਰਟੀ ਤਾਂ ਲੋਕ ਸਭਾ ਦੀ ਇਕ ਵੀ ਸੀਟ ਨਹੀਂ ਜਿੱਤ ਸਕੀਆਂ। ਸ਼ਰਦ ਪਵਾਰ ਦੀ ਪਾਰਟੀ ਐਨ.ਸੀ.ਪੀ.ਅਤੇ ਲਾਲੂ ਯਾਦਵ ਦੀ ਪਾਰਟੀ ਆਰ.ਜੇ.ਡੀ. ਨੂੰ ਵੀ ਚੰਗਾ ਖੋਰਾ ਲੱਗਾ ਹੈ। ਮੁਲਾਇਮ ਸਿੰਘ ਦੀ ਸਮਾਜਵਾਦੀ ਪਾਰਟੀ ਵੀ ਉੱਤਰ ਪ੍ਰਦੇਸ਼ ਵਿਚ ਕੇਵਲ ਆਪਣੇ ਪਰਿਵਾਰਕ ਮੈਂਬਰਾਂ ਦੀਆਂ 5 ਸੀਟਾਂ ਹੀ ਬਚਾਅ ਸਕੀ ਹੈ। ਅਤੇ, ਨਿਤੀਸ਼ ਕੁਮਾਰ ਦੀ ਪਾਰਟੀ ਜੇ.ਡੀ. (ਯੂ) ਦੇ ਪੱਲੇ ਵੀ ਇਹਨਾਂ ਚੋਣਾਂ ਵਿਚ ਘੋਰ ਨਿਰਾਸ਼ਾ ਹੀ ਪਈ ਹੈ।

ਕਾਂਗਰਸ ਪਾਰਟੀ ਤੇ ਉਸਦੇ ਜੋਟੀਦਾਰਾਂ ਦੀ ਇਹ ਵੱਡੀ ਹਾਰ, ਅਸਲ ਵਿਚ ਉਹਨਾਂ ਨਵਉਦਾਰਵਾਦੀ ਨੀਤੀਆਂ ਦੀ ਹਾਰ ਹੈ ਜਿਹਨਾਂ ਕਾਰਨ ਦੇਸ਼ ਅੰਦਰ ਲੋਕਾਂ ਦੀ ਵਧੀ ਮੰਦਹਾਲੀ, ਮਹਿੰਗਾਈ, ਬੇਰੁਜ਼ਗਾਰੀ ਤੇ ਭਰਿਸ਼ਟਾਚਾਰ ਨੇ ਕਿਰਤੀ ਲੋਕਾਂ ਦੀਆਂ ਸਮਾਜਿਕ ਤੇ ਆਰਥਕ ਮੁਸੀਬਤਾਂ ਵਿਚ ਤਿੱਖਾ ਵਾਧਾ ਕੀਤਾ ਹੋਇਆ ਹੈ। ਇਹ ਗੱਲ ਵੱਖਰੀ ਹੈ ਕਿ ਸਾਰੇ ਕਾਂਗਰਸੀ ਆਗੂ ਲੰਬੇ ਸਮੇਂ ਤੋਂ ਇਹਨਾਂ ਨੀਤੀਆਂ ਨੂੰ ਵਿਕਾਸ ਮੁਖੀ ਤੇ ਕਲਿਆਣਕਾਰੀ ਨੀਤੀਆਂ ਵਜੋਂ ਧੁਮਾਉਂਦੇ ਆ ਰਹੇ ਹਨ ਅਤੇ ਇਹ ਦਾਅਵੇ ਵੀ ਕਰਦੇ ਆ ਰਹੇ ਹਨ ਕਿ ਇਹਨਾਂ ਸਦਕਾ ਦੇਸ਼ 21ਵੀਂ ਸਦੀ ਵਿਚ ਉੱਨਤੀ ਦੀਆਂ ਨਵੀਆਂ ਸਿਖਰਾਂ ਛੋਹ ਜਾਵੇਗਾ। ਆਮ ਲੋਕਾਂ ਦੀਆਂ ਜੀਵਨ ਹਾਲਤਾਂ ਉਪਰ ਇਹਨਾਂ ਨੀਤੀਆਂ ਦੇ ਬਹੁਤ ਹੀ ਮਾਰੂ ਪ੍ਰਭਾਵ ਪਏ ਹਨ। ਏਸੇ ਕਾਰਨ ਚੋਣਾਂ ਵਿਚ ਲੋਕਾਂ ਨੇ ਕਾਂਗਰਸ ਵਿਰੁੱਧ ਜ਼ੋਰਦਾਰ ਗੁੱਸੇ ਦਾ ਪ੍ਰਗਟਾਵਾ ਕੀਤਾ ਹੈ। ਇਸ ਲੋਕ ਰੋਹ ਸਾਹਮਣੇ ਕਾਂਗਰਸੀ ਆਗੂਆਂ ਵਲੋਂ ਪਾਰਟੀ ਦੇ ਇਤਿਹਾਸ ਅਤੇ ਨਹਿਰੂ-ਗਾਂਧੀ ਪਰਿਵਾਰ ਦੀਆਂ ਕੁਰਬਾਨੀਆਂ ਦੇ ਪਾਏ ਗਏ ਤਰਲੇ ਵੀ ਕੰਮ ਨਹੀਂ ਆਏ। ਚੋਣ ਮੁਹਿੰਮ ਦੇ ਆਖਰੀ ਪੜਾਅ 'ਤੇ ਇਸ ਪਰਿਵਾਰ ਦੀ ਬੇਟੀ-ਪ੍ਰਿਅੰਕਾ ਗਾਂਧੀ ਨੂੰ ਮੁਹਿੰਮ ਵਿਚ ਸ਼ਾਮਲ ਕਰਨ ਦਾ ਦਾਅ ਵੀ ਕਾਂਗਰਸ ਵਿਰੁੱਧ ਝੁਲ ਰਹੀ ਹਨੇਰੀ ਨੂੰ ਰੋਕ ਪਾਉਣ ਵਿਚ ਵੱਡੀ ਹੱਦ ਤੱਕ ਅਸਫਲ ਸਿੱਧ ਹੋਇਆ ਹੈ। ਇਸ ਆਧਾਰ 'ਤੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਇਹ ਨਤੀਜੇ, ਦੇਸ਼ ਅੰਦਰ ਤੇਜ਼ੀ ਨਾਲ ਪੈਰ ਪਸਾਰ ਰਹੀ, ਵੰਸ਼ਵਾਦੀ ਸਿਆਸਤ ਵਿਰੁੱਧ ਵੀ ਇਕ ਤਰ੍ਹਾਂ ਨਾਲ ਨਫਰਤ ਦਾ ਇਜ਼ਹਾਰ ਹੈ। ਇਹ ਗੱਲ ਵੱਖਰੀ ਹੈ ਕਿ ਕਾਂਗਰਸ ਪਾਰਟੀ ਅੰਦਰਲੀ ਚਾਪਲੂਸਾਂ ਦੀ ਹੇੜ ਅਜੇ ਵੀ ਕੋਈ ਨੀਤੀਗਤ ਰਾਜਸੀ ਮੋੜਾ ਕੱਟਣ ਦੀ ਥਾਂ ਰਾਹੁਲ ਗਾਂਧੀ ਦੇ ਨਾਲ ਨਾਲ ਪ੍ਰਿਅੰਕਾ ਗਾਂਧੀ ਦਾ ਵੀ ਵੰਸ਼ਵਾਦੀ ਲਾਹਾ ਲੈਣ ਲਈ ਦੁਹਾਈ ਪਾ ਰਹੀ ਹੈ।

ਪਾਰਲੀਮਾਨੀ ਚੋਣਾਂ ਦੇ ਇਹ ਨਤੀਜੇ, ਇਹ ਵੀ ਭਲੀਭਾਂਤ ਦਰਸਾਉਂਦੇ ਹਨ ਕਿ ਯੂ.ਪੀ.ਏ. ਸਰਕਾਰ ਤੇ ਕਾਂਗਰਸ ਪਾਰਟੀ ਦੇ ਲੋਕ-ਦੋਖੀ ਕਦਮਾਂ ਕਾਰਨ ਵਿਆਪਕ ਰੂਪ ਵਿਚ ਫੈਲੀ ਹੋਈ ਲੋਕ ਬੇਚੈਨੀ ਦਾ ਸਭ ਤੋਂ ਵੱਡਾ ਲਾਹਾ ਭਾਰਤੀ ਜਨਤਾ ਪਾਰਟੀ ਨੇ ਹੀ ਖੱਟਿਆ ਹੈ; ਜਿਹੜੀ ਇਕੱਲਿਆਂ ਹੀ 282 ਸੀਟਾਂ ਜਿੱਤ ਗਈ ਹੈ ਤੇ ਆਪਣੇ ਭਾਈਵਾਲਾਂ ਨਾਲ ਰਲਕੇ 336 ਸੀਟਾਂ ਤੱਕ ਪੁੱਜ ਗਈ ਹੈ। ਇਸ ਮੰਤਵ ਲਈ, ਇਸ ਵਾਰ, ਭਾਜਪਾ ਨੇ ਫਿਰਕੂ ਮੁੱਦੇ ਉਭਾਰਨ ਦੇ ਆਪਣੇ ਰਵਾਇਤੀ ਪੱਤੇ ਦੇ ਨਾਲ ਨਾਲ "ਗੁਜਰਾਤ ਦੇ ਵਿਕਾਸ ਮਾਡਲ" ਦਾ ਵੀ ਚੋਖਾ ਪ੍ਰਪੰਚ ਰਚਿਆ। 2002 ਦੇ ਗੋਧਰਾ ਕਾਂਡ ਉਪਰੰਤ ਗੁਜਰਾਤ ਵਿਚ ਮੁਸਲਮਾਨਾਂ ਦੇ ਹੋਏ ਨਰਸੰਹਾਰ ਸਦਕਾ ਦੁਨੀਆਂ ਭਰ ਦੀਆਂ ਨਜ਼ਰਾਂ ਵਿਚ ਫਿਰਕੂ-ਫਾਸ਼ੀਵਾਦ ਨੂੰ ਮੂਰਤੀਮਾਨ ਕਰ ਰਹੇ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਵਜੋਂ ਉਭਾਰਿਆ ਗਿਆ ਅਤੇ ਭਾਰਤ ਦੇ ਸਿਆਸੀ ਮਾਹੌਲ 'ਚ ਫਿਰਕੂ ਵੰਡੀਆਂ ਨੂੰ ਵੱਧ ਤੋਂ ਵੱਧ ਡੂੰਘਾ ਕਰਨ ਵਾਸਤੇ ਹਰ ਤਰ੍ਹਾਂ ਦੇ ਕੂੜ ਪ੍ਰਚਾਰ ਦਾ ਆਸਰਾ ਲਿਆ ਗਿਆ। ਇਸ ਦੇ ਨਾਲ ਹੀ, ਹਰ ਤਰ੍ਹਾਂ ਦੇ ਪਛੜੇਵੇਂ ਤੇ ਆਰਥਕ ਤੰਗੀਆਂ ਤੋਂ ਛੁਟਕਾਰਾ ਚਾਹੁੰਦੇ ਗਰੀਬ ਜਨਸਮੂਹਾਂ ਨੂੰ ਭਰਮਾਉਣ ਵਾਸਤੇ ਭਾਜਪਾ ਵਲੋਂ ਮਨਮੋਹਨ ਸਿੰਘ ਮਾਰਕਾ ਗਰੀਬ-ਦੋਖੀ ਵਿਕਾਸ ਮਾਡਲ ਨੂੰ 'ਗੁਜਰਾਤ ਮਾਡਲ' ਦਾ ਨਵਾਂ ਤੇ ਦਿਲਕਸ਼ ਜਾਮਾ ਪਹਿਨਾਉਣ ਦੀਆਂ ਬੇਹੱਦ ਫਰੇਬੀ ਚਾਲਾਂ ਵੀ ਚੱਲੀਆਂ ਗਈਆਂ। ਇਸ ਦਿਸ਼ਾ ਵਿਚ ਮੀਡੀਏ ਰਾਹੀਂ ਕੀਤੇ ਗਏ ਧੂਆਂਧਾਰ ਚੋਣ ਪ੍ਰਚਾਰ ਲਈ ਧੰਨ-ਸ਼ਕਤੀ ਦੀ ਵੀ ਮੁਜ਼ਰਮਾਨਾ ਹੱਦ ਤੱਕ ਦੁਰਵਰਤੋਂ ਕੀਤੀ ਗਈ। ਦੇਸ਼ ਅੰਦਰ ਅੱਜ ਇਹ ਤੱਥ ਵੀ ਡੂੰਘੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਕਿ ਚੋਣ ਪ੍ਰਚਾਰ ਲਈ ਭਾਜਪਾ ਵਲੋਂ ਖਰਚੇ ਗਏ ਲਗਭਗ 10 ਹਜ਼ਾਰ ਕਰੋੜ ਰੁਪਏ ਅੰਬਾਨੀ ਤੇ ਅਡਾਨੀ ਆਦਿ ਦੇ ਕਾਰਪੋਰੇਟ ਘਰਾਣਿਆਂ ਦੀਆਂ ਉਹਨਾਂ ਵੱਡੀਆਂ ਕੰਪਨੀਆਂ ਦੀਆਂ ਤਿਜੋਰੀਆਂ 'ਚੋਂ ਆਏ ਹਨ, ਜਿਹਨਾਂ ਨੂੰ ਗੁਜਰਾਤ ਅੰਦਰਲੀਆਂ ਸਰਕਾਰੀ ਜ਼ਮੀਨਾਂ ਕੌਡੀਆਂ ਦੇ ਭਾਅ ਦਿੱਤੀਆਂ ਗਈਆਂ ਸਨ। ਕਾਰਪੋਰੇਟ ਘਰਾਣਿਆਂ ਵਲੋਂ ਅਖਾਉਤੀ ਮੋਦੀ ਲਹਿਰ ਪੈਦਾ ਕਰਨ ਵਾਸਤੇ ਕੀਤੀ ਜਾ ਰਹੀ ਇਸ ਨਾਜਾਇਜ਼ ਵਿੱਤੀ ਸਹਾਇਤਾ ਵਿਰੁੱਧ ਚੋਣ ਕਮਿਸ਼ਨ ਵੀ ਕੋਈ ਅਸਰਦਾਰ ਕਾਰਵਾਈ ਨਹੀਂ ਕਰ ਸਕਿਆ। ਚੋਣਾਂ ਜਿੱਤਣ ਵਾਸਤੇ ਧੰਨ ਸ਼ਕਤੀ ਦੀ ਅਜੇਹੀ ਦੁਰਵਰਤੋਂ ਦੇਸ਼ ਅੰਦਰ ਜਮਹੂਰੀ ਕਦਰਾਂ ਕੀਮਤਾਂ ਲਈ ਇਕ ਨਵੀਂ ਚੁਣੌਤੀ ਦੇ ਰੂਪ ਵਿਚ ਸਾਹਮਣੇ ਆ ਰਹੀ ਹੈ। ਪ੍ਰੰਤੂ ਇਸ ਦੇ ਬਾਵਜੂਦ ਇਹ ਵੀ ਕਿਹਾ ਜਾ ਸਕਦਾ ਹੈ ਕਿ "ਗੁਜਰਾਤ ਮਾਡਲ" ਦਾ ਇਹ ਨਵਾਂ ਪੈਂਤੜਾ ਵੀ ਉਥੇ ਹੀ ਅਸਰਅੰਦਾਜ਼ ਹੋਇਆ ਜਿੱਥੇ ਕਿ ਭਾਜਪਾ ਦਾ ਫਿਰਕੂ ਆਧਾਰ ਪਹਿਲਾਂ ਹੀ ਸਥਾਪਤ ਸੀ ਅਤੇ ਜਿੱਥੇ ਇਸ ਪੱਖੋਂ ਤਿੱਖਾ ਧਰੁਵੀਕਰਨ ਹੋ ਚੁੱਕਾ ਸੀ। ਜਿਥੇ ਕਾਂਗਰਸ ਅਤੇ ਭਾਜਪਾ ਦੋਵਾਂ ਦਾ ਵਿਰੋਧ ਕਰਨ ਵਾਲੀ ਕੋਈ ਹੋਰ ਤਕੜੀ ਸਿਆਸੀ ਧਿਰ ਸੀ, ਉਥੇ ਮੋਦੀ ਦੀ 'ਲਹਿਰ' ਨਹੀਂ ਚੜ੍ਹ ਸਕੀ। ਇਹੋ ਕਾਰਨ ਹੈ ਕਿ ਇਹਨਾਂ ਚੋਣਾਂ ਵਿਚ ਤਾਮਲਨਾਡੂ ਅੰਦਰ ਏ.ਆਈ.ਏ.ਡੀ.ਐਮ. ਕੇ., ਓੜੀਸਾ ਵਿਚ ਬੀਜੂ ਜਨਤਾ ਦਲ ਅਤੇ ਪੱਛਮੀ ਬੰਗਾਲ ਵਿਚ ਤਰਿਨਮੂਲ ਕਾਂਗਰਸ ਨੇ ਆਪਣੀ ਤਾਕਤ ਵਧਾਉਣ ਵਿਚ ਪ੍ਰਭਾਵਸ਼ਾਲੀ ਸਫਲਤਾਵਾਂ ਪ੍ਰਾਪਤ ਕੀਤੀਆਂ ਹਨ।

ਇਹਨਾਂ ਚੋਣਾਂ ਵਿਚ ਖੱਬੀਆਂ ਸ਼ਕਤੀਆਂ ਦੀ ਕਾਰਗੁਜ਼ਾਰੀ ਵੀ ਬਹੁਤ ਮਾੜੀ ਤੇ ਚਿੰਤਾਜਨਕ ਰਹੀ ਹੈ। ਖੱਬੀ ਧਿਰ ਨੂੰ ਕੇਵਲ 12 ਸੀਟਾਂ ਹੀ ਮਿਲੀਆਂ ਹਨ। ਉਹਨਾਂ 'ਚੋਂ ਵੀ ਦੋ ਆਜ਼ਾਦ ਉਮੀਦਵਾਰ ਸਨ, ਇਕ ਸੀ.ਪੀ.ਆਈ. ਨੇ ਜਿੱਤੀ ਹੈ ਅਤੇ 9 ਸੀ.ਪੀ.ਆਈ.(ਐਮ) ਨੇ। ਸੀ.ਪੀ.ਆਈ.(ਐਮ) ਨੂੰ ਤਰੀਪੁਰਾ ਵਿਚ ਜ਼ਰੂਰ ਪਹਿਲਾਂ ਨਾਲੋਂ ਵੀ ਵੱਧ ਵੋਟਾਂ ਮਿਲੀਆਂ ਅਤੇ ਉਸਨੇ ਉਥੇ ਦੋਵੇਂ ਸੀਟਾਂ ਮੁੜ ਜਿੱਤੀਆਂ ਹਨ ਪ੍ਰੰਤੂ ਪੱਛਮੀ ਬੰਗਾਲ ਵਿਚ ਖੱਬੇ ਮੋਰਚੇ ਦਾ ਘਟਕੇ ਕੇਵਲ ਦੋ ਸੀਟਾਂ 'ਤੇ ਆ ਜਾਣਾ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ।

☛ ਬਾਕੀ ਸਫ਼ਾ 41 'ਤੇ

ਸੰਪਾਦਕੀ ਬੋਰਡ: ਨਵਤੇਜ, ਦਲਬੀਰ ਸਾਂਗਿਆਣ, ਸੁਸ਼ੀਲ ਦੁਸਾਂਝ
ਸਲਾਹਕਾਰ ਬੋਰਡ: ਡਾ. ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਕਿਰਤਮੀਤ ਕੁਹਾੜ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)
ਸੁਰਿੰਦਰ ਮਾਵੀ (ਵਿਨੀਪੈਗ ਪ੍ਰਤੀਨਿਧੀ)
ਜਗਤਾਰ ਸਾਲਮ (ਵਿਸ਼ੇਸ਼ ਪ੍ਰਤੀਨਿਧੀ)

2nd Floor 3448 – 93 Street NW,
Edmonton T6E 6A4,
Alberta (Canada)
Phone : 780 465 9118
Fax: 780 465 0661
e-mail: info@nawidunia.com
http://www.facebook.com/NawiDunia

ਲੇਖਕਾਂ ਦੀਆਂ ਰਚਨਾਵਾਂ ਅਤੇ ਇਸ਼ਤਿਹਾਰਾਂ ਵਿਚ ਵਪਾਰਕ ਅਦਾਰਿਆਂ ਵਲੋਂ ਕੀਤੇ ਦਾਅਵਿਆਂ ਨਾਲ 'ਨਵੀਂ ਦੁਨੀਆ' ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਮੋਦੀ ਦੀ ਜਿੱਤ ਅਤੇ ਮਜ਼ਦੂਰ ਵਰਗ ਲਈ ਇਸ ਦੇ ਅਰਥ

**ਹਿੰਦੀ ਰਸਾਲੇ ਮਜ਼ਦੂਰ ਬਿਗਲ ਦੀ ਸੰਪਾਦਕੀ**

16ਵੀਆਂ ਲੋਕ ਸਭਾ ਚੋਣਾਂ ਵਿਚ ਨਰਿੰਦਰ ਮੋਦੀ ਦੀ ਅਗਵਾਈ ਵਿਚ ਭਾਜਪਾ ਗਠਜੋੜ ਦੀ ਵੱਡੀ ਜਿੱਤ ਅਚਾਨਕ ਨਹੀਂ ਹੈ। ਪੂੰਜੀਵਾਦੀ ਵਿਵਸਥਾ ਦਾ ਸੰਕਟ ਉਸ ਨੂੰ ਲਗਾਤਾਰ ਇਕ ਫਾਸੀਵਾਦੀ ਹੱਲ ਵੱਲ ਧੱਕ ਰਿਹਾ ਹੈ। ਪੂੰਜੀਵਾਦ ਦਾ ਫ਼ਾਇਦਾ ਅੱਜ ਕੇਵਲ ਨਵਉਦਾਰਵਾਦੀ ਨੀਤੀਆਂ ’ਤੇ ਅਮਲ ਦੀ ਹੀ ਇਜ਼ਾਜਤ ਦਿੰਦਾ ਹੈ। ਇਨ੍ਹਾਂ ਨਵਉਦਾਰਵਾਦੀ ਨੀਤੀਆਂ ਨੂੰ ਸਖ਼ਤਾਈ ਨਾਲ ਲਾਗੂ ਕਰਨ ਲਈ ਇਕ ਜ਼ਿਆਦਾ ਤੋਂ ਜ਼ਿਆਦਾ ਬੇਲਗਾਮ ਤਾਨਾਸ਼ਾਹੀ ਸ਼ਾਸਨ ਦੀ ਜ਼ਰੂਰਤ ਹੈ। ਇਸ ਲਈ ਭਾਰਤੀ ਪੂੰਜੀਪਤੀ ਵਰਗ ਦੀ ਪਹਿਲੀ ਪਸੰਦ ਭਾਜਪਾ ਗਠਜੋੜ ਹੀ ਸੀ। ਬਹੁਤ ਪਹਿਲਾਂ ਹੀ ਦੇਸ਼ ਦੇ ਸਾਰੇ ਵੱਡੇ ਪੂੰਜੀਪਤੀਆਂ ਨੇ ਐਲਾਨ ਕਰ ਦਿੱਤਾ ਸੀ ਕਿ ਉਹ ਮੋਦੀ ਨੂੰ ਹੀ ਪ੍ਰਧਾਨ ਮੰਤਰੀ ਦੇਖਣਾ ਚਾਹੁੰਦੇ ਹਨ। ਅੰਬਾਨੀ, ਅਡਾਨੀ, ਟਾਟਾ, ਬਿਰਲਾ ਸਮੇਤ ਸਾਰੇ ਪੂੰਜੀਪਤੀ ਘਰਾਣਿਆਂ ਨੇ ਹਰ ਤਰ੍ਹਾਂ ਨਾਲ ਮੋਦੀ ਦੀ ਪ੍ਰਚਾਰ ਮੁਹਿੰਮ ਵਿਚ ਸਾਥ ਦਿੱਤਾ। ਪੂੰਜੀਪਤੀਆਂ ਦੇ ਪ੍ਰਭਾਵ ਵਾਲੇ ਸਾਰੇ ਸਮਾਚਾਰ ਚੈਨਲਾਂ ਅਤੇ ਅਖ਼ਬਾਰਾਂ, ਰਸਾਲਿਆਂ ਨੇ ਮੋਦੀ ਦੇ ਪੱਖ ਵਿਚ ਰੱਜ ਕੇ ਹਵਾ ਬਣਾਈ। ਅਰਬਾਂ ਰੁਪਏ ਖ਼ਰਚ ਕੇ ਦੇਸੀ-ਵਿਦੇਸੀ ਪੀ.ਆਰ. ਕੰਪਨੀਆਂ ਵਲੋਂ ਇੰਟਰਨੈਟ ਸੋਸ਼ਲ ਮੀਡੀਆ ਰਾਹੀਂ ਵੀ ਧੂੰਆਂ-ਧਾਰ ਪ੍ਰਚਾਰ ਕੀਤਾ ਗਿਆ। ਬੁਰਜੂਆ ਸੰਸਦੀ ਪ੍ਰਣਾਲੀ ਵਿਚ ਆਖ਼ਰ ਪੂੰਜੀ ਹੀ ਨਿਰਣਾਇਕ ਸਿੱਧ ਹੁੰਦੀ ਹੈ। ਜੇਕਰ ਸ਼ਾਸਕ ਵਰਗ ਲਗਭਗ ਆਮ ਸਹਿਮਤੀ ਨਾਲ ਮੋਦੀ ਦੇ ਪੱਖ ਵਿਚ ਸੀ ਤਾਂ ਨਤੀਜੇ ਅਜਿਹੇ ਹੀ ਆਉਣੇ ਸਨ।

ਮੋਦੀ ਦੇ ਜਿੱਤਣ ਦੀਆਂ ਸੰਭਾਵਨਾਵਾਂ ’ਤੇ ਹੀ ਦੋ ਦਿਨ ਪਹਿਲਾਂ ਹੀ ਸ਼ੇਅਰ ਬਾਜ਼ਾਰ ਵਿਚ ਸੇਂਸੇਕਸ ਉਪਰ ਚੜ੍ਹਨ ਲੱਗਾ ਸੀ ਅਤੇ 16 ਮਈ ਨੂੰ ਹੀ ਉਸ ਨੇ ਸਾਰੇ ਰਿਕਾਰਡ ਤੋੜ ਦਿੱਤੇ। ਸਾਰੇ ਬਿਜ਼ਨਸ ਚੈਨਲਾਂ ’ਤੇ ਪੂੰਜੀਪਤੀਆਂ ਤੋਂ ਆਪਣੀ ਖ਼ੁਸ਼ੀ ਛੁਪਾਇਆਂ ਨਹੀਂ ਛੁਪ ਰਹੀ ਸੀ। ਖ਼ੁਸ਼ੀ ਨਾਲ ਪਾਗਲ ਹੋਏ ਬਿਜ਼ਨਸ ਚੈਨਲਾਂ ਨੇ ਨਵੀਂ ਸਰਕਾਰ ਦਾ ਏਜੰਡਾ ਵੀ ਦੱਸਣਾ ਸ਼ੁਰੂ ਕਰ ਦਿੱਤਾ। ਸਭ ਤੋਂ ਪਹਿਲਾਂ ਜਿਹੜੀਆਂ ਫ਼ਾਇਲਾਂ ਨਿਪਟਾਉਣੀਆਂ ਹਨ, ਉਨ੍ਹਾਂ ਵਿਚ ਖ਼ਾਸ ਹਨ – ਗੈਸ ਦੀਆਂ ਕੀਮਤਾਂ ਵਧਾਉਣਾ, ਰੱਖਿਆ ਖੇਤਰ ਵਿਚ ਵਿਦੇਸ਼ੀ ਪੂੰਜੀ ਨਿਵੇਸ਼, ਬੀਮਾ ਖੇਤਰ ਵਿਚ ਵਿਦੇਸ਼ੀ ਹਿੱਸੇਦਾਰੀ 26 ਫ਼ੀਸਦੀ ਤੋਂ ਵਧਾ ਕੇ 49 ਫ਼ੀਸਦੀ ਕਰਨਾ, ਟੈਕਸ ਵਿਚ ਸੁਧਾਰ ਅਰਥਾਤ ਅਮੀਰਾਂ ’ਤੇ ਪ੍ਰਤੱਖ ਟੈਕਸ ਨੂੰ ਘਟਾਉਣਾ ਅਤੇ ਅਪ੍ਰਤੱਖ ਟੈਕਸ ਵਧਾਉਣਾ ਜਿਸ ਦੀ ਵਸੂਲੀ ਗਰੀਬਾਂ ਤੋਂ ਹੁੰਦੀ ਹੈ, ਅਪਨਿਵੇਸ਼ ਨੂੰ ਤੇਜ਼ ਕਰਨਾ ਅਰਥਾਤ ਬਚੇ-ਖੁਚੇ ਸਰਕਾਰੀ ਉਦਯੋਗਾਂ ਨੂੰ ਨਿੱਜੀ ਹੱਥਾਂ ਵਿਚ ਵੇਚਣਾ, ਆਦਿ-ਆਦਿ। ਕਹਿਣ ਦੀ ਜ਼ਰੂਰਤ ਨਹੀਂ ਕਿ ਇਨ੍ਹਾਂ ਸਾਰਿਆਂ ਦੀ ਕੀਮਤ ਦੇਸ਼ ਦੀ ਆਮ ਮਿਹਨਤਕਸ਼ ਆਬਾਦੀ ਦੀਆਂ ਹੱਡੀਆਂ ਨਿਚੋੜ ਕੇ ਹੀ ਵਸੂਲੀ ਜਾਵੇਗੀ। ਚੋਣਾਂ ਵਿਚ ਲਗਭਗ 40,000 ਕਰੋੜ ਰੁਪਏ ਦਾ ਜੋ ਭਾਰੀ ਖ਼ਰਚਾ ਹੋਇਆ ਹੈ, ਜਿਸ ਵਿਚ ਤਕਰੀਬਨ 10,000 ਕਰੋੜ ਰੁਪਏ ਦਾ ਖ਼ਰਚ ਇਕੱਲੇ ਮੋਦੀ ਦੇ ਪ੍ਰਚਾਰ ’ਤੇ ਦੱਸਿਆ ਜਾ ਰਿਹਾ ਹੈ, ਉਸ ਦੀ ਭਰਪਾਈ ਵੀ ਤਾਂ ਆਮ ਜਨਤਾ ਤੋਂ ਹੀ ਕਰਨੀ ਹੈ।

ਜਿਹੜੇ ਲੋਕ ਸਮਝ ਰਹੇ ਸਨ ਕਿ ਭਾਜਪਾ ਦੇ ਸੱਤਾ ਵਿਚ ਨਾ ਹੋਣ ਨਾਲ ਉਸ ਦਾ ਆਧਾਰ ਕਮਜ਼ੋਰ ਪੈ ਗਿਆ ਸੀ, ਉਹ ਵੱਡੀ ਗ਼ਲਤਫ਼ਹਿਮੀ ਵਿਚ ਸਨ। ਆਰ.ਐਸ.ਐਸ. ਆਪਣੇ ਸਾਰੇ ਸੰਗਠਨਾਂ ਰਾਹੀਂ ਲਗਾਤਾਰ ਆਪਣਾ ਕੰਮ ਕਰਦਾ ਰਿਹਾ ਹੈ ਅਤੇ ਆਪਣੇ ਪ੍ਰਚਾਰ ਰਾਹੀਂ ਪਿਛਲੇ ਦਸ ਸਾਲਾਂ ਦੇ ਕਾਂਗਰਸੀ ਰਾਜ ਵਿਚ ਜਨਤਾ ਦੇ ਗੁੱਸੇ ਦਾ ਫ਼ਾਇਦਾ ਲੈ ਕੇ ਉਸ ਨੇ ਵੀ ਸਮਾਜ ਵਿਚ ਆਪਣੀ ਪੈਂਠ ਹੋਰ ਵਧਾਈ ਹੈ। ਭੁਲਣਾ ਨਹੀਂ ਚਾਹੀਦਾ ਕਿ ਨਵਉਦਾਰਵਾਦੀ ਨੀਤੀਆਂ ਨੂੰ ਲਾਗੂ ਕਰਨ ਦੀ ਸ਼ੁਰੂਆਤ ਦੇਸ਼ ਵਿਚ ਕਾਂਗਰਸ ਨੇ ਹੀ ਕੀਤੀ ਸੀ ਅਤੇ ਪਿਛਲੇ ਦਸ ਸਾਲਾਂ ਦੌਰਾਨ ਵੀ ਉਸ ਨੇ ਇਨ੍ਹਾਂ ਹੀ ਨੀਤੀਆਂ ਨੂੰ ਅੱਗੇ ਵਧਾਇਆ ਸੀ। ਪਰ ਆਲਮੀ ਆਰਥਕ ਸੰਕਟ ਦੇ ਚਲਦਿਆਂ ਪੂੰਜੀਪਤੀ ਵਰਗ ਨੂੰ ਹਰ ਤਰ੍ਹਾਂ ਦੇ ਵਿਰੋਧ ਨੂੰ ਕੁਚਲ ਕੇ ਜਿੰਨੀ ਸਖ਼ਤਾਈ ਨਾਲ ਇਨ੍ਹਾਂ ਨੀਤੀਆਂ ’ਤੇ ਅਮਲ ਕਰਵਾਉਣ ਦੀ ਜ਼ਰੂਰਤ ਸੀ ਉਸ ਤਰ੍ਹਾਂ ਕਰਨ ’ਚ ਉਹ ਪੱਛੜ ਗਈ। ਇਕ ਪਾਸੇ ਪੂੰਜੀਪਤੀਆਂ ਦਾ ਚਹੇਤਾ ਬਣੇ ਰਹਿਣ ਅਤੇ ਦੂਜੇ ਪਾਸੇ ਚੋਣ ਨਤੀਜੇ ਲਈ ਲੁਭਾਉਣੀਆਂ ਗੱਲਾਂ ਅਤੇ ਯੋਜਨਾਵਾਂ ਪੇਸ਼ ਕਰਨ ਵਿਚਕਾਰ ਝੂਲਦੇ ਰਹਿਣ ਕਾਰਨ ਪੂੰਜੀਪਤੀਆਂ ਦਾ ਵੱਡਾ ਹਿੱਸਾ ਉਸ ਤੋਂ ਨਿਰਾਸ਼ ਹੋ ਗਿਆ ਸੀ। ਘੋਰ ਵਿੱਤੀ ਸੰਕਟ ਕੇ ਚਲਦਿਆਂ ਉਸ ਦੇ ਲੁਭਾਉਣੇ ਐਲਾਨ ਹਵਾ ਵਿਚ ਹੀ ਰਹਿ ਗਏ। ਰਹਿੰਦੀ ਕਸਰ ਰਿਕਾਰਡ ਤੋੜ ਘਪਲਿਆਂ-ਘੁਟਾਲਿਆਂ ਨੇ ਪੂਰੀ ਕਰ ਦਿੱਤੀ। ‘ਆਪ’ ਪਾਰਟੀ ’ਤੇ ਵੀ ਪੂੰਜੀਪਤੀ ਵਰਗ ਦੇ ਇਕ ਹਿੱਸੇ ਨੇ ਅਤੇ ਸਾਮਰਾਜਵਾਦੀ ਪੂੰਜੀ ਨੇ ਦਾਅ ਖੇਡਿਆ ਸੀ ਅਤੇ ਉਸ ਦੇ ਨੇਤਾ ਵਾਰ-ਵਾਰ ਭਰੋਸਾ ਦੇ ਰਹੇ ਸਨ ਕਿ ਉਹ ਭ੍ਰਿਸ਼ਟਾਚਾਰ ਇਸੇ ਲਈ ਦੂਰ ਕਰਨਾ ਚਾਹੁੰਦੇ ਹਨ ਤਾਂ ਕਿ ਪੂੰਜੀਪਤੀਆਂ ਨੂੰ ‘ਇਮਾਨਦਾਰੀ’ ਨਾਲ ਆਪਣਾ ਕੰਮ ਕਰਨ ਦਾ ਪੂਰਾ ਮੌਕਾ ਮਿਲ ਸਕੇ। ਪਰ ਸ਼ੁਰੂ ਤੋਂ ਹੀ ਪੂੰਜੀਪਤੀ ਵਰਗ ਦੇ ਵੱਡੇ ਹਿੱਸੇ ਦੀ ਪਹਿਲੀ ਪਸੰਦ ਮੋਦੀ ਐਂਡ ਕੰਪਨੀ ਹੀ ਸੀ ਅਤੇ ਲਗਾਤਾਰ ਕੋਸ਼ਿਸ਼ਾਂ ਰਾਹੀਂ ਉਹ ਸਾਮਰਾਜਵਾਦੀ ਪੂੰਜੀ ਨੂੰ ਵੀ ਭਰੋਸਾ ਦਿਵਾਉਣ ’ਚ ਕਾਮਯਾਬ ਰਹੇ ਕਿ ਉਨ੍ਹਾਂ ਦੇ ਹਿੱਤਾਂ ਦਾ ਚੰਗੀ ਤਰ੍ਹਾਂ ਖ਼ਿਆਲ ਰੱਖਿਆ ਜਾਵੇਗਾ।

ਮੋਦੀ ਦਾ ਸੱਤਾ ਵਿਚ ਆਉਣਾ ਪੂਰੀ ਦੁਨੀਆ ਵਿਚ ਚਲ ਰਹੇ ਸਿਲਸਿਲੇ ਦੀ ਹੀ ਇਕ ਕੜੀ ਹੈ। ਨਵਉਦਾਰਵਾਦ ਦੇ ਇਸ ਦੌਰ ਵਿਚ ਪੂੰਜੀਵਾਦੀ ਵਿਵਸਥਾ ਦਾ ਸੰਕਟ ਜਿਵੇਂ-ਜਿਵੇਂ ਗੰਭੀਰ ਹੁੰਦਾ ਜਾ ਰਿਹਾ ਹੈ, ਵੈਸੇ-ਵੈਸੇ ਦੁਨੀਆ ਭਰ ਵਿਚ ਫਾਸੀਵਾਦੀ ਉਭਾਰ ਦਾ ਇਕ ਨਵਾਂ ਦੌਰ ਦਿਖਾਈ ਦੇ ਰਿਹਾ ਹੈ। ਗ੍ਰੀਸ, ਸਪੇਨ, ਇਟਲੀ, ਫ਼ਰਾਂਸ ਅਤੇ ਯੂਕ੍ਰੇਨ ਵਰਗੇ ਯੂਰਪ ਦੇ ਕਈ ਦੇਸ਼ਾਂ ਵਿਚ ਫ਼ਾਸਿਸਟ ਕਿਸਮ ਦੀ ਧੁਰ ਦੱਖਣ ਪੰਥੀ ਪਾਰਟੀਆਂ ਦੀ ਤਾਕਤ ਵੱਧ ਰਹੀ ਹੈ। ਅਮਰੀਕਾ ਵਿਚ ਵੀ ਟੀ-ਪਾਰਟੀ ਵਰਗੀ ਧੁਰ ਦੱਖਣ ਪੰਥੀ ਸ਼ਕਤੀਆਂ ਦਾ ਪ੍ਰਭਾਵ ਵੱਧ ਰਿਹਾ ਹੈ। ਨਵ-ਨਾਜ਼ੀ ਗਰੁੱਪਾਂ ਦੀ ਹਿੰਸਾ ਤਾਂ ਇੰਗਲੈਂਡ, ਜਰਮਨੀ, ਨਾਰਵੇ ਵਰਗੇ ਦੇਸ਼ਾਂ ਵਿਚ ਵੀ ਤੇਜ਼ ਹੋ ਰਹੀ ਹੈ। ਤੁਰਕੀ, ਇੰਡੋਨੇਸ਼ੀਆ ਵਰਗੇ ਦੇਸ਼ਾਂ ਵਿਚ ਪਹਿਲਾਂ ਤੋ ਬੇਲਗਾਮ ਸੱਤਾ ਕਾਇਮ ਹੈ ਜੋ ਪੂੰਜੀਪਤੀਆਂ ਦੇ ਹਿੱਤ ਵਿਚ ਜਨਤਾ ਦਾ ਸਖ਼ਤਾਈ ਨਾਲ ਦਮਨ ਕਰ ਰਹੀ ਹੈ। ਇਨ੍ਹਾਂ ਸਾਲਾਂ ਵਿਚ ਕਈ ਥਾਂਈਂ ਅਜਿਹੀਆਂ ਤਾਕਤਾਂ ਸਿੱਧੀਆਂ ਜਾਂ ਫਿਰ ਦੂਸਰੀਆਂ ਬੁਰਜੂਆ ਪਾਰਟੀਆਂ ਨਾਲ ਗਠਜੋੜ ਵਿਚ ਸ਼ਾਮਲ ਹੋ ਕੇ ਸੱਤਾ ਵਿਚ ਆ ਚੁੱਕੀਆਂ ਹਨ। ਜਿਥੇ ਉਹ ਸੱਤਾ ਵਿਚ ਨਹੀਂ ਹਨ, ਉਥੇ ਵੀ ਬੁਰਜੂਆ ਜਨਵਾਦ ਅਤੇ ਫਾਸੀਵਾਦ ਦੇ ਵਿਚਕਾਰ ਦੀ ਵੰਡ ਵਾਲੀ ਲਾਈਨ ਛੁੱਟਦੀ ਜਾ ਰਹੀ ਹੈ ਅਤੇ ਸੜਕਾਂ ’ਤੇ ਫਾਸੀਵਾਦੀ ਹਿੰਸਾ ਵਧਦੀ ਜਾ ਰਹੀ ਹੈ।

ਫਾਸੀਵਾਦ ਵਿਰੋਧੀ ਸੰਘਰਸ਼ ਨੂੰ ਪੂੰਜੀਵਾਦ ਵਿਰੋਧੀ ਸੰਘਰਸ਼ ਨਾਲੋਂ ਵੱਖ ਕਰ ਕੇ ਨਹੀਂ ਦੇਖਿਆ ਜਾ ਸਕਦਾ। ਪੂੰਜੀਵਾਦ ਤੋਂ ਬਿਨਾ ਫਾਸੀਵਾਦ ਦੀ ਗੱਲ ਨਹੀਂ ਕੀਤੀ ਜਾ ਸਕਦੀ। ਫਾਸੀਵਾਦ ਵਿਰੋਧੀ ਸੰਘਰਸ਼ ਇਕ ਲੰਮਾ ਸੰਘਰਸ਼ ਹੈ ਅਤੇ ਉਸੇ ਦ੍ਰਿਸ਼ਟੀ ਨਾਲ ਇਸ ਦੀ ਤਿਆਰੀ ਹੋਣੀ ਚਾਹੀਦੀ ਹੈ।

ਪੂੰਜੀਵਾਦੀ ਸੰਕਟ ਦਾ ਜੇਕਰ ਸਮਾਜਵਾਦੀ ਹੱਲ ਨਹੀਂ ਪੇਸ਼ ਹੁੰਦਾ ਤਾਂ ਫਾਸੀਵਾਦੀ ਹੱਲ ਸਾਹਮਣੇ ਆਉਂਦਾ ਹੀ ਹੈ। ਮਾਰਕਸਵਾਦ ਦੇ ਇਸ ਵਿਸ਼ੇਲੇਸ਼ਣ ਨੂੰ ਇਤਿਹਾਸ ਨੇ ਪਹਿਲਾਂ ਕਈ ਵਾਰ ਸਾਬਤ ਕੀਤਾ ਹੈ। ਫਾਸੀਵਾਦੀ ਹਰ ਸਮੱਸਿਆ ਦੇ ਤੁਰੰਤ ਹੱਲ ਦੇ ਲੁਭਾਉਣੇ ਨਾਅਰਿਆਂ ਨਾਲ ਮੱਧ ਵਰਗੀ ਜਮਾਤਾਂ, ਛੋਟੇ ਕਾਰੋਬਾਰੀਆਂ, ਸਫ਼ੈਦਪੋਸ਼ ਕਰਮਚਾਰੀਆਂ, ਛੋਟੇ ਉਦਯੋਗਪਤੀਆਂ ਅਤੇ ਮਾਲਕ ਕਿਸਾਨਾਂ ਨੂੰ ਲੁਭਾਉਂਦਾ ਹੈ। ਉਤਪਾਦਨ ਪ੍ਰਕਿਰਿਆ ਤੋਂ ਬਾਹਰ ਕਰ ਦਿੱਤੀ ਗਈ ਮਜ਼ਦੂਰ ਆਬਾਦੀ ਦਾ ਇਕ ਵੱਡਾ ਹਿੱਸਾ ਵੀ ਫਾਸੀਵਾਦ ਦੇ ਝੰਡੇ ਹੇਠ ਗੋਲਬੰਦ ਹੋ ਜਾਂਦਾ ਹੈ, ਜਿਸ ਦੇ ਕੋਲ ਵਰਗ ਚੇਤਨਾ ਨਹੀਂ ਹੁੰਦੀ ਅਤੇ ਜਿਸ ਦੇ ਜੀਵਨ ਦੀਆਂ ਪ੍ਰਸਿਥਤੀਆਂ ਨੇ ਉਸ ਦਾ ਲੰਪਟੀਕਰਨ ਕਰ ਦਿੱਤਾ ਹੁੰਦਾ ਹੈ। ਨਿਮਨ ਮੱਧ ਵਰਗ ਦੇ ਬੇਰੁਜ਼ਗਾਰ ਨੌਜਵਾਨਾਂ ਅਤੇ ਪੂੰਜੀ ਦੀ ਮਾਰ ਝੱਲ ਰਹੇ ਮਜ਼ਦੂਰਾਂ ਦਾ ਇਕ ਹਿੱਸਾ ਵੀ ਅੰਧਾ-ਧੁੰਦ ਪ੍ਰਚਾਰ ਕਾਰਨ ਮੋਦੀ ਵਰਗੇ ਨੇਤਾਵਾਂ ਵਲੋਂ ਦਿਖਾਏ ਗਏ ਸੁਪਨਿਆਂ ਦੇ ਅਸਰ ਵਿਚ ਆ ਜਾਂਦਾ ਹੈ। ਆਰ.ਐਸ.ਐਸ. ਵਰਗੇ ਸੰਗਠਨਾਂ ਵਲੋਂ ਲੰਮੇ ਸਮੇਂ ਤੋਂ ਕੀਤੇ ਗਏ ਪ੍ਰਚਾਰ ਨਾਲ ਉਨ੍ਹਾਂ ਨੂੰ ਮਦਦ ਮਿਲਦੀ ਹੈ। ਭੁੱਲਣਾ ਨਹੀਂ ਚਾਹੀਦਾ ਕਿ ਸੰਘੀਆਂ ਦੇ ਪ੍ਰਚਾਰ ਤੰਤਰ ਦਾ ਅਸਰ ਮਜ਼ਦੂਰ ਬਸਤੀਆਂ ਤਕ ਹੈ। ਵੱਡੇ ਪੈਮਾਨੇ ’ਤੇ ਸੰਘ ਦੇ ਵੀਡੀਓ ਅਤੇ ਆਡੀਓ ਟੇਪ ਮਜ਼ਦੂਰਾਂ ਦੇ ਮੋਬਾਈਲ ਫ਼ੋਨ ਵਿਚ ਪਹੁੰਚ ਬਣਾ ਚੁੱਕੇ ਹਨ। ਬਹੁਤ ਸਾਰੀਆਂ ਥਾਵਾਂ ’ਤੇ ਗ਼ਰੀਬਾਂ ਦੀਆਂ ਕਾਲੋਨੀਆਂ ਅਤੇ ਮਜ਼ਦੂਰ ਬਸਤੀਆਂ ਵਿਚ ਵੀ ਸੰਘ ਦੀਆਂ ਸ਼ਾਖਾਵਾਂ ਲੱਗਣ ਲੱਗੀਆਂ ਹਨ।

ਮੋਦੀ ਦੀ ਜਿੱਤ ਤੋਂ ਬਾਅਦ ਜ਼ਰੂਰੀ ਨਹੀਂ ਕਿ ਤੁਰੰਤ ਦੰਗੇ ਅਤੇ ਘਟ ਗਿਣਤੀਆਂ ’ਤੇ ਹਮਲੇ ਸ਼ੁਰੂ ਹੋ ਜਾਣਗੇ। ਸੰਘ ਪਰਿਵਾਰ ਨੂੰ ਦਹਾਕਿਆਂ ਦੀ ਤਿਆਰੀ ਤੋਂ ਬਾਅਦ ਇਸ ਵਾਰ ਮੌਕਾ ਮਿਲਿਆ ਹੈ, ਉਸ ਦਾ ਪੂਰਾ ਫ਼ਾਇਦਾ ਉਠਾ ਕੇ ਉਹ ਲੰਮੇ ਸਮੇਂ ਤਕ ਸੱਤਾ ਵਿਚ ਬਣੇ ਰਹਿਣ ਦੀ ਯੋਜਨਾ ’ਤੇ ਕੰਮ ਕਰ ਰਿਹਾ ਹੈ। ਇਹ ਤਹਿ ਹੈ ਕਿ ਭਾਜਪਾ ਗਠਜੋੜ ਦੇ ਸ਼ਾਸਨ ਦਾ ਸਭ ਤੋਂ ਜ਼ਿਆਦਾ ਕਹਿਰ ਮਜ਼ਦੂਰ ਵਰਗ ’ਤੇ ਵਰ੍ਹੇਗਾ। ਉਦਾਰੀਕਰਨ-ਨਿੱਜੀਕਰਨ ਦੀਆਂ ਨੀਤੀਆਂ ਨੂੰ ਖ਼ੂਨੀ ਖੰਜਰ ਹੱਥ ਵਿਚ ਫੜਾ ਕੇ ਲਾਗੂ ਕੀਤਾ ਜਾਵੇਗਾ। ਮੁਨਾਫ਼ਾਖੋਰਾਂ ਦੀਆਂ ਤਿਜੋਰੀਆਂ ਭਰਨ ਲਈ ਮਜ਼ਦੂਰਾਂ ਦੀਆਂ ਹੱਡੀਆਂ ਤਕ ਨੂੰ ਨਿਚੋੜਣ ਦੀ ਖੁਲ੍ਹੀ ਛੋਟ ਦਿੱਤੀ ਜਾਵੇਗੀ। ਟਰੇਡ ਯੂਨੀਅਨਾਂ ਲਈ ਮਜ਼ਦੂਰ-ਕਰਮਚਾਰੀਆਂ ਦੇ ਆਰਥਕ ਮੁੱਦਿਆਂ ਦੀ ਲੜਾਈ ਲੜਨਾ ਵੀ ਮੁਸ਼ਕਲ ਹੋ ਜਾਵੇਗਾ। ਸਰਕਾਰੀ ਜਾਇਦਾਦਾਂ ਨੂੰ ਸਸਤੇ ਭਾਅ ’ਤੇ ਪੂੰਜੀਪਤੀਆਂ ਦੇ ਹਵਾਲੇ ਕਰ ਦਿੱਤਾ ਜਾਵੇਗਾ ਅਤੇ ਜਨਤਾ ਨੂੰ ਮਿਲਣ ਵਾਲੀਆਂ ਸਰਕਾਰੀ ਸਹੂਲਤਾਂ ਵਿਚ ਹੋਰ ਜ਼ਿਆਦਾ ਕਟੌਤੀ ਕੀਤੀ ਜਾਵੇਗੀ। ਦੇਸੀ-ਵਿਦੇਸ਼ੀ ਪੂੰਜੀਪਤੀਆਂ ਨੂੰ ਅਤੇ ਬਿਲਡਰ ਲਾਬੀ ਨੂੰ ਕੌਡੀਆਂ ਦੇ ਭਾਅ ਜ਼ਮੀਨਾਂ ਦਿੱਤੀਆਂ ਜਾਣਗੀਆਂ, ਕਿਸਾਨਾਂ ਅਤੇ ਆਦਿਵਾਸੀਆਂ ਨੂੰ ਜਬਰੀ ਬੇਦਖ਼ਲ ਕੀਤਾ ਜਾਵੇਗਾ ਅਤੇ ਵਿਰੋਧ ਦੀ ਹਰ ਕੋਸ਼ਿਸ਼ ਨੂੰ ਲੋਹੇ ਦੇ ਹੱਥਾਂ ਨਾਲ ਕੁਚਲ ਦੇਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਜਨਵਾਦੀ ਅਧਿਕਾਰ ਅੰਦੋਲਨ ਨੂੰ ਵਿਸ਼ੇਸ਼ ਤੌਰ ’ਤੇ ਹਮਲੇ ਦਾ ਨਿਸ਼ਾਨਾ ਬਣਾਇਆ ਜਾਵੇਗਾ ਅਤੇ ਜਨਵਾਦੀ ਕਾਰਕੁੰਨਾਂ ਨੂੰ ‘ਦੇਸ਼ਧ੍ਰੋਹ’ ਵਰਗੇ ਦੋਸ਼ ਲਾ ਕੇ ਜੇਲ੍ਹਾਂ ਵਿਚ ਸੁੱਟਿਆ ਜਾਵੇਗਾ। ਸਰਕਾਰ ਇਕਦਮ ਨੰਗੇ ਢੰਗ ਨਾਲ ਪੂੰਜੀਪਤੀਆਂ ਦੀ ਮੈਨੇਜਿੰਗ ਕਮੇਟੀ ਬਣ ਕੇ ਕੰਮ ਕਰੇਗੀ।

☛ ਬਾਕੀ ਸਫ਼ਾ 41 ’ਤੇ

ਧੁਖ਼ਦਾ ਕਾਲਮ

# ‘ਚਲੋ, ਅੱਜ ਰਾਜੇ ਨੂੰ ਸੱਥ ਵਿਚ ਬੁਲਾਈਏ’

**ਸੁਸ਼ੀਲ ਦੁਸਾਂਝ +91-97813-60066**

‘ਕਿਉਂਕਿ ਬੱਚੇ
ਵਿਰੋਧੀ ਧਿਰ ਦੀ ਭੂਮਿਕਾ ਨਹੀਂ ਨਿਭਾ ਸਕਦੇ
ਕਿਉਂਕਿ ਬੱਚਿਆਂ ਦੀ
ਕੋਈ ਸਰਕਾਰ ਨਹੀਂ ਹੁੰਦੀ
ਇਸ ਲਈ ਬੱਚਿਆਂ ਬਾਰੇ
ਗੰਭੀਰਤਾ ਨਾਲ ਸੋਚੋ

ਇਹ ਹਿੰਦੀ ਸ਼ਾਇਰ ਹਰੀਸ਼ਚੰਦਰ ਪਾਂਡੇ ਦੀ ਨਜ਼ਮ ਦੀਆਂ ਸ਼ੁਰੂਆਤੀ ਸਤਰਾਂ ਹਨ। ਵੇਲਾ ਸਚਮੁੱਚ ਹੀ ਅੱਜ ਬੱਚਿਆਂ ਬਾਰੇ ਗੰਭੀਰਤਾ ਨਾਲ ਸੋਚਣ ਦਾ ਆ ਗਿਆ ਹੈ। ਇਹ ਉਹ ਸਮਾਂ ਹੈ ਜਦੋਂ ਬਾਲ ਹੱਥਾਂ ਵਿਚ ਪੈਨ-ਪੈਨਸਿਲਾਂ ਦੀ ਥਾਂ ਕੂੜਾ-ਕਰਕਟ ਹੈ। ਬਾਲਾਂ ਬਾਰੇ ਸੋਚਣ ਸਮਝਣ ਅਤੇ ਕੁਝ ਕਰਨ ਦੀ ਲੋੜ ਇਸ ਕਰ ਕੇ ਵੀ ਹੈ ਕਿ ਹਾਕਮ ਸਿਰਫ਼ ਕਨੂੰਨ ਹੀ ਬਣਾਉਂਦੇ ਹਨ, ਇਨ੍ਹਾਂ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਨਿਭਾਉਣ ਵਿਚ ਅੱਜ ਤੱਕ ਕੋਈ ਸਰਕਾਰ ਸਫ਼ਲ ਨਹੀਂ ਹੋਈ। ਇਹ ਗੱਲ ਸਾਰੇ ਖੇਤਰਾਂ ਦੇ ਸਬੰਧ ਵਿਚ ਹੀ ਹੈ ਪਰ ਮੁਲਕ ਦੇ ਭਵਿੱਖ ਬੱਚਿਆਂ ਦੇ ਰਹਿਣ-ਸਹਿਣ, ਖਾਣ-ਪੀਣ, ਪਹਿਨਣ-ਪਚਰਣ, ਪੜ੍ਹਨ-ਲਿਖਣ ਅਤੇ ਖੇਡਣ-ਮਲੱਣ ਦੀ ਹਾਲਤ ਤਾਂ ਬਦ ਤੋਂ ਬਦਤਰ ਹੋਣ ਵੱਲ ਹੈ। ਇਹ ਬਦਤਰ ਪ੍ਰਸਥਿਤੀਆਂ ਉਦੋਂ ਹਨ ਜਦੋਂ ਭਾਰਤ ਸਰਕਾਰ ਨੇ ਬਾਲ-ਮਜ਼ਦੂਰੀ ’ਤੇ ਪੂਰੀ ਤਰ੍ਹਾਂ ਪਾਬੰਦੀ ਲਾਈ ਹੋਈ ਹੈ। 2005 ਵਿਚ ਬਣਾਏ ਗਏ ਬਾਲ ਕਿਰਤ ਕਨੂੰਨ ਤਹਿਤ 14 ਸਾਲ ਤੱਕ ਦੇ ਬੱਚੇ ਤੋਂ ਕਿਤੇ ਵੀ ਕੰਮ ਕਰਵਾਉਣਾ ਸਜ਼ਾ ਯੋਗ ਜ਼ੁਰਮ ਹੈ। ਪਰ ਕਨੂੰਨ ਦੀ ਕਿਹਨੂੰ ਪਰਵਾਹ ਹੈ? ਕਨੂੰਨ ਹੋਣ ਦੇ ਬਾਵਜੂਦ ਇਸ ਵੇਲੇ ਮੁਲਕ ਵਿਚ ਬਾਲ ਮਜ਼ਦੂਰਾਂ ਦੀ ਗਿਣਤੀ 10 ਕਰੋੜ ਨੂੰ ਜਾ ਪਹੁੰਚੀ ਹੈ। ਗੱਲ 10 ਕਰੋੜ ’ਤੇ ਵੀ ਨਹੀਂ ਰੁਕਣ ਵਾਲੀ। ਕਿਹਾ ਇਹ ਜਾ ਰਿਹਾ ਹੈ ਕਿ ਮੁਲਕ ਵਿਚ ਹਰ ਵਰ੍ਹੇ 30 ਲੱਖ ਨਵੇਂ ਬਾਲ ਮਜ਼ਦੂਰ ਪੈਦਾ ਹੋ ਜਾਂਦੇ ਹਨ। ਬਾਲ ਮਜ਼ਦੂਰੀ ਵਿਰੋਧੀ ਕਨੂੰਨ ਬਣਨ ਦੇ ਬਾਵਜੂਦ ਹਰ ਥਾਂ ਤੁਹਾਨੂੰ ਨਿੱਕੇ-ਨਿੱਕੇ ਬਾਲ ਹੋਟਲਾਂ, ਢਾਬਿਆਂ, ਫੈਕਟਰੀਆਂ ਅਤੇ ਘਰਾਂ ਵਿਚ ਕੰਮ ਕਰਦੇ ਦਿਖਾਏ ਦੇ ਜਾਣਗੇ। ਇਥੋਂ ਤੱਕ ਕਿ ਮੁਲਕ ਵਿਚ ਭੀਖ ਮੰਗਣ ਵਾਲੇ ਬੱਚਿਆਂ ਦੀ ਗਿਣਤੀ ਵਿਚ ਵੀ ਆਏ ਦਿਨ ਅੰਤਾਂ ਦਾ ਵਾਧਾ ਹੋ ਰਿਹਾ ਹੈ। ਫੇਰ ਭਲਾ ਬਣੇ ਕਨੂੰਨਾਂ ਦਾ ਕੀ ਲਾਭ? ਇਸ ਕਰਕੇ ਅਸੀਂ ਕਹਿ ਰਹੇ ਹਾਂ ਕਿ ਹਾਕਮਾਂ ਦਾ ਕੰਮ ਹੁਣ ਤੱਕ ਸਿਰਫ਼ ਦਿਖਾਵੇ ਦਾ ਹੀ ਰਿਹਾ ਹੈ। ਸਰਕਾਰਾਂ ਦਾ ਬਹੁਤਾ ਕੰਮ ਕਾਗਜ਼ਾਂ ਵਿਚ ਹੀ ਚੱਲਦਾ ਹੈ ਅਤੇ ਕਾਗਜ਼ਾਂ ਵਿਚ ਹੀ ਭਾਰਤ ਹਰ ਖੇਤਰ ਵਿਚ ਮਹਾਨ ਹੈ ਪਰ ਅਸਲ ਵਿਚ ਮੁਲਕ ਦੀ ਹਾਲਤ ਦਿਨ-ਬ-ਦਿਨ ਜਰਜ਼ਰ ਹੋਈ ਜਾ ਰਹੀ ਹੈ। ਸ਼ਾਇਰ ਅਸ਼ਅਰ ਅਰੈਨਵੀ ਨੇ ਕਦੇ ਲਿਖਿਆ ਸੀ- ‘ਇਥੇ ਮਹਿਲ ਬੜੇ ਬਹੁਰੰਗੇ ਨੇ/ ਪਰ ਬੱਚੇ ਭੁੱਖੇ ਨੰਗੇ ਨੇ / ਇੱਥੇ ਰਾਮ-ਰਹੀਮ ’ਚ ਝਗੜਾ ਹੈ/ ਮਜ਼ਬ੍ਹਾਂ ਦੇ ਰੌਲੇ ਦੰਗੇ ਨੇ/ ਕੁੱਝ ਗੀਤਾ ਹੈ, ਕੁੱਝ ਕੁਰਾਨ ਹੈ/ ਇਹ ਮੇਰਾ ਭਾਰਤ ਮਹਾਨ ਹੈ।’

ਸਵਾਲ ਇਹ ਵੀ ਹੈ ਕਿ ਜਿਨ੍ਹਾਂ ਖੇਤਰਾਂ ਵਿਚ ਇਹ ਬਾਲ ਮਜ਼ਦੂਰ ਕੰਮ ਕਰ ਵੀ ਰਹੇ ਹਨ, ਉੱਥੇ ਵੀ ਹਾਲਾਤ ਚੰਗੇ ਨਹੀਂ। ਕੰਮ ਦੀਆਂ ਹਾਲਤਾਂ ਬੇਹੱਦ ਮਾੜੀਆਂ ਹਨ। ਇਨ੍ਹਾਂ ਤੋਂ ਕੰਮ ਲੈਣ ਵਾਲੇ ਬਹੁਤ ਹੀ ਅਮਾਨਵੀ ਢੰਗ ਨਾਲ ਕੰਮ ਲੈਂਦੇ ਹਨ। ਬਹੁਤੇ ਥਾਈਂ ਬੱਚਿਆਂ ਨਾਲ ਜਾਨਵਰਾਂ ਵਾਂਗ ਪੇਸ਼ ਆਇਆ ਜਾਂਦਾ ਹੈ। ਇਹਦੇ ਨਾਲ ਬੱਚਿਆਂ ਵਿਚ ਹੋਰ ਵੀ ਬੇਗਾਨਗੀ ਦੀ ਭਾਵਨਾ ਪੈਦਾ ਹੁੰਦੀ ਹੈ ਅਤੇ ਮਾਸੂਮ ਦਿਲਾਂ ਵਿਚ ਅੱਗ ਦੇ ਭਾਂਬੜ ਵੀ ਉੱਠਦੇ ਹਨ। ਇਨ੍ਹਾਂ ਭਾਂਬੜਾਂ ਨੂੰ ਕਿਸੇ ਪਾਸਿਓਂ ਵੀ ਜਦ ਸਹੀ ਦਿਸ਼ਾ ਨਹੀਂ ਮਿਲਦੀ ਤਾਂ ਇਹ ਗਲਤ ਰਸਤਿਆਂ ’ਤੇ ਤੁਰ ਪੈਂਦੇ ਹਨ, ਜਿਹਦੇ ਨਤੀਜੇ ਹੋਰ ਵੀ ਖ਼ਤਰਨਾਕ ਨਿਕਲਦੇ ਹਨ। ਸਵਾਲਾਂ ਦਾ ਸਵਾਲ ਇਹ ਹੈ ਕਿ ਪੜ੍ਹਨ-ਲਿਖਣ ਦੀ ਉਮਰੇ ਇਨ੍ਹਾਂ ਦੇ ਹੱਥਾਂ ਵਿਚ ਕੂੜੇ-ਕਰਕਟ ਦੀਆਂ ਟੋਕਰੀਆਂ ਕਿਉਂ ਆ ਗਈਆਂ ਹਨ? ਕਿਉਂ ਕਨੂੰਨ ਹੋਣ ਦੇ ਬਾਵਜੂਦ ਬਾਲ ਮਜ਼ਦੂਰੀ ਕਾਇਮ-ਦਾਇਮ ਹੀ ਨਹੀਂ ਸਗੋਂ ਲਗਾਤਾਰ ਵੱਧ ਰਹੀ ਹੈ? ਇਨ੍ਹਾਂ ਸਵਾਲਾਂ ਦੇ ਜੁਆਬ ਕਿਸੇ ਸਰਕਾਰ ਕੋਲ ਇਸ ਲਈ ਨਹੀਂ ਹਨ ਕਿਉਂਕਿ ਸਰਕਾਰ ਦੀਆਂ ਤਰਜੀਹਾਂ ਹੋਰ ਹਨ।

ਸਾਫ਼ ਗੱਲ ਇਹ ਹੈ ਕਿ ਮੁਲਕ ਦੀ ਆਜ਼ਾਦੀ ਲਈ ਆਪਣਾ ਸਭ ਕੁੱਝ ਕੁਰਬਾਨ ਕਰਨ ਵਾਲਿਆਂ ਦੇ ਸੁਪਨਿਆਂ ਦਾ ਭਾਰਤ ਇਹ ਕੱਤਈ ਨਹੀਂ ਹੈ। ਸਿਰਫ਼ ਬਾਲ ਮਜ਼ਦੂਰਾਂ ਦਾ ਮਾਮਲਾ ਹੀ ਨਹੀਂ ਜਿਹੜੇ ਬੱਚੇ ਸਕੂਲਾਂ ਵਿਚ ਜਾ ਵੀ ਰਹੇ ਹਨ, ਉਨ੍ਹਾਂ ਨੂੰ ਵੀ ਸਹੀ ਅਰਥਾਂ ਵਿਚ ਇਕ ਚੰਗਾ ਸ਼ਹਿਰੀ ਬਣਾਉਣ ਵਿਚ ਸਾਡੇ ਸਿਖਿਆ ਪ੍ਰਬੰਧ ਦੀ ਕੋਈ ਭੂਮਿਕਾ ਨਹੀਂ ਹੈ। ਇਹ ਅਜੀਬ ਗੱਲ ਨਹੀਂ ਕਿ ਆਪਣੇ ਮੁਲਕ ਵਿਚ ਸਿਖਿਆ ਵੀ ਵਰਗਾਂ ਵਿਚ ਵੰਡੀ ਗਈ ਹੈ। ਇਕ-ਦੋ ਨਹੀਂ ਸਗੋਂ ਚਾਰ-ਚਾਰ ਵਰਗਾਂ ਵਿਚ ਸਿਖਿਆ ਦੀ ਵੰਡ ਹੋ ਗਈ ਹੈ। ਪਿੰਡਾਂ, ਕਸਬਿਆਂ, ਸ਼ਹਿਰਾਂ ਅਤੇ ਮਹਾਂਨਗਰਾਂ ਦੀ ਸਿਖਿਆ ਵਿਚਾਲੇ ਕੋਹਾਂ ਦਾ ਫ਼ਾਸਲਾ ਹੈ।

ਸਰਕਾਰਾਂ ਦੀ ਨੀਯਤ ਬਾਰੇ ਪਹਿਲਾਂ ਹੀ ਗੱਲ ਹੋ ਚੁੱਕੀ ਹੈ। ਇਸ ਲਈ ਸਮਾਜ ਨੂੰ ਬਦਲ ਦੇਣ ਦੀ ਅੱਗ ਸੀਨੇ ਵਿਚ ਬਾਲੀ ਬੈਠੇ ਲੋਕਾਂ ਸਾਹਮਣੇ ਇਹ ਸਵਾਲ ਹੈ ਕਿ ਉਹ ਸਮਾਜ ਕਿਵੇਂ ਲਿਆਂਦਾ ਜਾਵੇ, ਜਿਹੜਾ ਆਪਣੇ ਸੁਪਨਿਆਂ ਦਾ ਸਮਾਜ ਹੋਵੇ। ਸਾਡੀ ਸਮਝ ਮੁਤਾਬਕ ਪਹਿਲਾ ਕੰਮ ਸਰਕਾਰੀ ਭੁਚਲਾਵਿਆਂ ਤੋਂ ਬਾਹਰ ਆਉਣ ਦਾ ਹੋਣਾ ਚਾਹੀਦਾ ਹੈ। ਕਿਸੇ ਵੀ ਤਰ੍ਹਾਂ ਦੇ ਭਰਮ ਤੋਂ ਮੁਕਤ ਹੋ ਕੇ ਹੀ ਸਮਾਜ ਬਦਲਣ ਦੀ ਪ੍ਰਕਿਰਿਆ ਦਾ ਅੰਗ ਬਣਿਆ ਜਾ ਸਕਦਾ ਹੈ। ਦੂਸਰਾ ਮਹੱਤਵਪੂਰਨ ਕਾਰਜ ਹੈ ਕਾਗਜ਼ੀ ਅਤੇ ਸ਼ਬਦੀ ਸੰਸਾਰ ਵਿਚੋਂ ਬਾਹਰ ਨਿਕਲਕੇ ਲੋਕ-ਮੁਕਤੀ ਸੰਘਰਸ਼ਾਂ ਵਿਚ ਸ਼ਮੂਲੀਅਤ ਦਾ। ਸਾਡੇ ਲਿਖ ਦੇਣ ਅਤੇ ਤੁਹਾਡੇ ਪੜ੍ਹ ਲੈਣ ਨਾਲ ਹੀ ਸਮਾਜ ਨਹੀਂ ਬਦਲਨਾ। ਇਹਦੇ ਲਈ ਵਿਸ਼ਾਲ ਜਨਸਮੂਹਾਂ ਦਾ ਹਿੱਸਾ ਬਣਨਾ ਹੀ ਪਵੇਗਾ। ਇਨ੍ਹਾਂ ਵਿਸ਼ਾਲ ਜਨਸਮੂਹਾਂ ਦੀ ਸ਼ਕਤੀ ਹੀ ਹਾਕਮਾਂ ਨੂੰ ਉਨ੍ਹਾਂ ਦੀ ਅਸਲ ਥਾਂ ’ਤੇ ਲਿਆ ਸਕਦੀ ਹੈ। ਹਿੰਦੀ ਸ਼ਾਇਰ ਅਸ਼ੋਕ ਗੁਪਤਾ ਦੀਆਂ ਇਨ੍ਹਾਂ ਸਤਰਾਂ ਨਾਲ ਗੱਲ ਮੁਕਾਉਂਦੇ ਹਾਂ-

ਰਾਜਾ
ਬਹੁਤ ਦਿਨਾਂ ਤੋਂ
ਬਾਹਰ ਘੁੰਮਣ ਨਹੀਂ ਨਿਕਲਿਆ
ਉਹਨੇ
ਦੇਖੇ ਨਹੀਂ ਨਿਓਲੇ
ਸੁੰਘੇ ਨਹੀਂ ਫੁੱਲ
ਸੁਣਿਆ ਨਹੀਂ
ਆਦਮੀ ਦੀ ਭਾਸ਼ਾ ਵਿਚ ਗੀਤ
ਚਲੋ
ਅੱਜ ਰਾਜੇ ਨੂੰ ਸੱਥ ਵਿਚ ਬੁਲਾਈਏ।

# ਚੋਣ ਪ੍ਰਕਿਰਿਆ ਨੇ ਹਾਸ਼ੀਏ ਤੋਂ ਬਾਹਰ ਕੀਤਾ ਆਮ ਆਦਮੀ




ਮੱਖਣ ਕੁਹਾੜ
+91-95013-65522
makhansinghkohar@gmail.com

ਲੋਕ ਸਭਾ ਚੋਣਾਂ ਦਾ ਹੋ-ਹੱਲਾ ਸਮਾਪਤ ਹੋ ਗਿਆ ਹੈ। ਜਿਵੇਂ ਜਵਾਰਭਾਟੇ ਸਮੇਂ ਸਾਗਰ ਉਛਾਲੇ ਖਾਂਦਾ ਹੈ ਤੇ ਪਿੱਛੋਂ ਸ਼ਾਂਤ ਹੋ ਜਾਂਦਾ ਹੈ- ਇਵੇਂ ਦੀ ਹੀ ਸ਼ਾਂਤੀ ਰਾਜਨੀਤਕ ਫ਼ਿਜ਼ਾ ਵਿਚ ਹੈ। ਜਵਾਰਭਾਟੇ ਸਮੇਂ ਕਈ ਸਿਪੀਆਂ-ਘੋਗੇ ਤੇ ਹੋਰ ਕਈ ਕੁਝ ਸਾਗਰ ਤੋਂ ਬਾਹਰ ਹੋ ਜਾਂਦਾ ਹੈ, ਇਵੇਂ ਹੀ ਚੋਣਾਂ 'ਚ ਹੋਇਆ ਹੈ। ਉਂਜ ਇਸ ਵਾਰ ਦੀਆਂ ਚੋਣਾਂ ਵਿਚ ਹੋਰ ਵੀ ਕਈ ਕੁਝ ਨਵੇਕਲਾ ਵਾਪਰਿਆ ਹੈ। ਸਭ ਤੋਂ ਵੱਧ ਇਸ ਵਾਰ ਮੀਡੀਆ ਦੀ ਭੂਮਿਕਾ ਦੇ ਨਵੇਕਲੇਪਣ ਨੇ ਸਭ ਨੂੰ ਹੈਰਾਨ ਕੀਤਾ ਹੈ। ਮੀਡੀਆ ਪਹਿਲਾਂ ਵੀ ਭਾਵੇਂ ਹਰ ਚੋਣ ਵਿਚ ਆਪਣੇ ਜੌਹਰ ਦਿਖਾਉਂਦਾ ਰਿਹਾ ਹੈ ਪਰ ਇਸ ਵਾਰ ਤਾਂ ਸਮੁੱਚੇ ਮੀਡੀਆ ਤੇ ਖ਼ਾਸ ਕਰ ਕੇ ਬਿਜਲਈ ਮੀਡੀਆ ਨੇ ਇਹ ਦਰਸਾ ਦਿੱਤਾ ਹੈ ਕਿ ਉਹ ਸਰਬੋਤਮ ਹੈ ਤੇ ਉਸ ਦੀ ਪ੍ਰਭੂਸੱਤਾ ਨੂੰ ਕੋਈ ਚੁਣੌਤੀ ਨਹੀਂ ਦੇ ਸਕਦਾ। ਸਾਰੀਆਂ ਸਿਆਸੀ ਪਾਰਟੀਆਂ ਦੀ ਨਿਰਭਰਤਾ ਮੀਡੀਏ ਦੀ ਮਿਹਰਬਾਨੀ 'ਤੇ ਟਿਕੀ ਰਹੀ। ਸਿਰਫ਼ ਇਕ-ਦੋ ਪਾਰਟੀਆਂ ਹੀ ਮੀਡੀਆ ਦੇ ਜਵਾਰਭਾਟੇ ਵਿਚ ਤੈਰ ਸਕੀਆਂ, ਬਾਕੀ ਸਭ ਸਿਪੀਆਂ-ਘੋਗਿਆਂ ਵਾਂਗ ਸੂਚਨਾ ਸੈਲਾਬ ਦੀਆਂ ਜ਼ੋਰਦਾਰ ਛੱਲਾਂ ਨੇ ਚੋਣ ਸਾਗਰ ਤੋਂ ਬਾਹਰ ਸੁੱਟ ਦਿੱਤੀਆਂ।

ਜੇ ਬਹੁਤ ਕੁਝ ਪਹਿਲੀ ਵਾਰ ਤੇ ਨਿਵੇਕਲਾ ਵਾਪਰਿਆ ਹੈ, ਤਦ ਚੋਣਾਂ ਦੇ ਸਿੱਟੇ ਵੀ ਨਿਵੇਕਲੇ ਹੀ ਹੋਣੇ ਸਨ। ਇਹ ਪਹਿਲੀ ਵਾਰ ਹੋਇਆ ਹੈ ਕਿ ਕੋਈ ਪ੍ਰਧਾਨ ਮੰਤਰੀ ਪਹਿਲਾਂ ਨਾਮਜ਼ਦ ਕਰ ਦਿੱਤਾ ਗਿਆ ਹੋਵੇ। ਇਹ ਵੀ ਕਿ ਆਜ਼ਾਦੀ ਤੋਂ ਬਾਅਦ ਸਿਵਾਏ ਕਾਂਗਰਸ ਪਾਰਟੀ ਤੋਂ ਕਿਸੇ ਹੋਰ ਇਕੋ ਇਕ ਪਾਰਟੀ ਨੇ ਪੂਰਨ ਬਹੁਮਤ ਪ੍ਰਾਪਤ ਕੀਤਾ ਹੋਵੇ। ਪਹਿਲੀ ਵਾਰ ਵਾਪਰਿਆ ਹੈ ਕਿ ਇਕ ਧਾਰਮਕ ਕੱਟੜਤਾ ਵਾਲੇ ਰਾਸ਼ਟਰੀ ਸਵਯਮ ਸੇਵਕ ਸੰਘ ਦੇ ਪਿਛੋਕੜ ਵਾਲੀ ਪਾਰਟੀ ਨੇ ਹਿੰਦੁਸਤਾਨ ਦੀ ਧਰਮ ਨਿਰਪੱਖ ਸਰਜ਼ਮੀਨ 'ਤੇ ਪੈਰ ਪਸਾਰੇ ਹਨ। ਇਹ ਵੀ ਪਹਿਲੀ ਵਾਰ ਵਾਪਰਿਆ ਹੈ ਕਿ ਬਹੁਤ ਸਾਰੀਆਂ ਕਹਿੰਦੀਆਂ-ਕਹਾਉਂਦੀਆਂ ਖੇਤਰੀ ਪਾਰਟੀਆਂ ਉੱਕਾ ਹੀ ਨਕਾਰੀਆਂ ਗਈਆਂ ਹਨ। ਬਹੁਤ ਸਾਰੀਆਂ ਰਾਸ਼ਟਰੀ ਪਾਰਟੀਆਂ ਵੀ ਸਿਫ਼ਰ 'ਤੇ ਪੁੱਜ ਗਈਆਂ ਹਨ। ਪਹਿਲੀ ਵਾਰ ਹੈ ਕਿ ਕੋਈ ਵੀ ਇਕੱਲੀ ਪਾਰਟੀ ਵਿਰੋਧੀ ਭੂਮਿਕਾ ਦੇ ਸਮਰਥ ਨਹੀਂ ਰਹੀ। ਖੱਬੀਆਂ ਪਾਰਟੀਆਂ ਨੂੰ ਪਹਿਲੀ ਵਾਰ ਵੱਡੀ ਪਛਾੜ ਵੱਜੀ ਹੈ। ਆਮ ਆਦਮੀ ਪਹਿਲੀ ਵਾਰ ਵੱਡੇ ਪੱਧਰ 'ਤੇ ਅਣਦੇਖੀ ਦਾ ਸ਼ਿਕਾਰ ਹੋਇਆ ਹੈ। ਮਹਿੰਗਾਈ ਕਿਉਂ ਵਧਦੀ ਹੈ, ਕਿਵੇਂ ਦੂਰ ਹੋਵੇਗੀ ? ਗ਼ਰੀਬੀ ਤੇ ਅਮੀਰੀ ਦਾ ਪਾੜਾ ਕਿਵੇਂ ਘੱਟ ਹੋਵੇਗਾ ? ਅਮੀਰ ਘਰਾਣੇ ਤੇਜ਼ੀ ਨਾਲ ਹੋਰ-ਹੋਰ 'ਹਸਨ-ਹੁਸੈਨ' ਦੇ ਤੀਰਾਂ ਵਾਂਗ ਤੇਜ਼ੀ ਨਾਲ ਉੱਪਰ ਹੀ ਉੱਪਰ ਕਿਵੇਂ ਤੇ ਕਿਉਂ ਜਾ ਰਹੇ ਹਨ ? ਬੇਰੁਜ਼ਗਾਰੀ ਦੇ ਕੀ ਕਾਰਨ ਹਨ ਤੇ ਕਿਵੇਂ ਦੂਰ ਹੋਵੇਗੀ ? ਭ੍ਰਿਸ਼ਟਾਚਾਰ ਨੂੰ ਠੱਲ੍ਹ ਕਿਵੇਂ ਪਵੇਗੀ ? ਪੁਲੀਸ ਤਸ਼ੱਦਦ ਤੇ ਮਹਿੰਗਾਈ ਅਦਾਲਤੀ ਪ੍ਰਕਿਰਿਆ ਤੋਂ ਆਮ ਬੰਦੇ ਨੂੰ ਕਿਵੇਂ ਛੁਟਕਾਰਾ ਮਿਲੂ ਤੇ ਉਹ ਸਮਾਜਕ ਇਨਸਾਫ਼ ਦਾ ਹੱਕਦਾਰ ਕਿਵੇਂ ਹੋਵੇਗਾ ? ਅਜਿਹੇ ਮੁੱਦੇ ਉੱਕਾ ਹੀ ਦਰਕਿਨਾਰ ਰਹੇ ਭਾਵੇਂ ਪਹਿਲਾਂ ਵੀ ਇੰਜ ਹੁੰਦਾ ਰਿਹਾ ਹੈ ਪਰ ਇਸ ਵਾਰ ਤਾਂ ਉੱਕਾ ਹੀ ਗੌਲ਼ੇ ਨਹੀਂ ਗਏ।




ਇਸ ਵਾਰ ਸਭ ਤੋਂ ਨਵੇਕਲਾ ਮੁੱਦਿਆਂ ਦਾ ਪੱਖ ਸੀ। ਲੋਕ ਮਸਲਿਆਂ ਦਾ ਮੁੱਦਾ ਚੋਣ ਪ੍ਰਚਾਰ 'ਚੋਂ ਪਹਿਲੀ ਵਾਰ ਇਕਦਮ ਮਨਫ਼ੀ ਹੋ ਗਿਆ। ਇਕ-ਦੂਜੇ 'ਤੇ ਜਾਤੀ ਹਮਲੇ ਪਹਿਲੀ ਵਾਰ ਏਨੇ ਤਿੱਖੇ ਹੋਏ। ਭੱਦੀ ਸ਼ਬਦਾਵਲੀ ਦੀ ਵਰਤੋਂ ਵੀ ਪਹਿਲੀ ਵਾਰ ਐਨੇ ਵੱਡੇ ਪੱਧਰ 'ਤੇ ਹੋਈ। ਚੋਣ ਕਮਿਸ਼ਨ ਦੀ ਬੇਵਸੀ ਵਾਲੀ ਭੂਮਿਕਾ ਵੀ ਪਹਿਲੀ ਵਾਰ ਵੇਖਣ ਨੂੰ ਮਿਲੀ ਅਤੇ ਉਹ 'ਚਲੋ ਮੁਆਫ਼ ਕੀਤਾ' ਤੇ 'ਤਾੜਨਾ' ਦੇ ਕੇ ਬਰੀ ਕਰਨ ਤੀਕ ਹੀ ਸਿਮਟ ਗਿਆ। ਲੋਕਾਂ ਦੇ ਮਸਲਿਆਂ ਦੀ ਗੱਲ ਚੋਣਾਂ 'ਚ ਨਾ ਹੋਣਾ ਤੇ ਚੋਣ ਐਲਾਨਨਾਮਿਆਂ ਦਾ ਤਾਕ 'ਤੇ ਟੰਗੇ ਜਾਣਾ ਭਾਵੇਂ ਪਹਿਲਾਂ ਵੀ ਹੁੰਦਾ ਰਿਹਾ ਹੈ ਪਰ ਇਸ ਵਾਰ ਸਭ ਤੋਂ ਵਧੇਰੇ ਤੇ ਸੋਚੇ ਸਮਝੇ ਢੰਗ ਨਾਲ ਪਹਿਲੀ ਵਾਰ ਹੋਇਆ ਹੈ। ਇਹ ਵੀ ਪਹਿਲੀ ਵਾਰ ਹੋਇਆ ਹੈ ਕਿ ਆਮ ਆਦਮੀਆਂ ਦੀ ਕੋਈ ਗੱਲ ਨਹੀਂ ਹੋਈ। ਇਹ ਵੀ ਕਿ ਪਹਿਲੀ ਵਾਰ ਲੋਕਾਂ ਨੇ ਕਾਰਪੋਰੇਟ ਜਗਤ ਦਾ 'ਮੀਡੀਆ ਗ਼ਲਬਾ' ਸ਼ਰੇਆਮ ਵੇਖਿਆ ਹੈ।

ਇਸ ਵਾਰ ਵਰਗਾ ਕਦੇ ਨਹੀਂ ਹੋਇਆ ਕਿ ਚੋਣਾਂ ਰਾਜਨੀਤਕ ਪਾਰਟੀਆਂ ਨੇ ਨਹੀਂ, ਮੀਡੀਆ ਨੇ ਲੜੀਆਂ ਹੋਣ। ਇਸ ਵਾਰ ਸਾਰੇ ਕੁਝ ਦੇ ਪਿੱਛੇ ਭਾਰਤ ਦੇ ਅਮੀਰ ਕਾਰਪੋਰੇਟ ਘਰਾਣਿਆਂ ਦਾ ਹੱਥ ਲੋਕਾਂ ਨੂੰ ਸਾਫ਼ ਦਿਖਾਈ ਦਿੱਤਾ ਹੈ। ਬਿਜਲਈ ਮੀਡੀਆ ਇਸ ਵਾਰ ਅਖ਼ਬਾਰੀ ਮੀਡੀਏ ਨੂੰ ਬਹੁਤ ਪਿੱਛੇ ਛੱਡ ਗਿਆ। ਮੁੱਲ ਦੀਆਂ ਖ਼ਬਰਾਂ ਭਾਵੇਂ ਪਹਿਲਾਂ ਵੀ ਪ੍ਰਮੁੱਖ ਭੂਮਿਕਾ ਨਿਭਾਉਂਦੀਆਂ ਰਹੀਆਂ ਹਨ ਪਰ ਇਸ ਵਾਰ ਇਸ ਵਰਤਾਰੇ ਦੀ ਖ਼ੂਬ ਚਾਂਦੀ ਰਹੀ। ਹੋਇਆ ਉਹੀ ਜੋ ਬਿਜਲਈ ਮੀਡੀਏ ਨੇ ਚਾਹਿਆ। ਕਿਸ ਨੂੰ ਉਭਾਰਨਾ ਹੈ ਤੇ ਕਿਸ ਨੂੰ ਵਿਸਾਰਨਾ, ਸਭ ਸੋਚੀ ਸਮਝੀ ਸਾਜ਼ਿਸ਼ ਤਹਿਤ ਹੋਇਆ। ਟੀ.ਵੀ. ਦੇ ਬਹੁਤ ਸਾਰੇ ਚੈਨਲ ਇਕਦਮ ਹੀ ਪਲਟਦੇ ਪਹਿਲੀ ਵਾਰ ਵੇਖੇ ਗਏ। ਕਈ ਚੈਨਲ ਤਾਂ ਆਪਣੇ ਆਪ ਨੂੰ ਪਛੜਿਆ ਮਹਿਸੂਸ ਕਰ ਕੇ ਬਹੁਤ ਕਾਹਲ-ਕਦਮੀ ਇਕ ਪਾਰਟੀ ਦੇ ਹੱਕ 'ਚ ਵੱਜ ਰਹੀ ਤੂਤੀ ਦੇ ਨਗਾਰੇ ਦੀ ਚੋਟ ਬਣਨ ਲਈ ਸਿਰ ਪਾਉਂ ਹੋ ਗਏ।

## ਸਿਆਸੀ ਪਾਰਟੀਆਂ ਦਾ ਸਾਰਥੀ ਬਣਿਆ ਮੀਡੀਆ

ਇਸ ਵਾਰ ਸਭ ਤੋਂ ਨਿਵੇਕਲਾ ਮੁੱਦਿਆਂ ਦਾ ਪੱਖ ਹੀ ਸੀ। ਲੋਕ ਮਸਲਿਆਂ ਦਾ ਮੁੱਦਾ ਚੋਣ ਪ੍ਰਚਾਰ 'ਚੋਂ ਪਹਿਲੀ ਵਾਰ ਇਕਦਮ ਮਨਫ਼ੀ ਹੋ ਗਿਆ। ਇਕ ਦੂਜੇ 'ਤੇ ਜਾਤੀ ਹਮਲੇ ਪਹਿਲੀ ਵਾਰ ਏਨੇ ਤਿੱਖੇ ਹੋਏ। ਭੱਦੀ ਸ਼ਬਦਾਵਲੀ ਦੀ ਵਰਤੋਂ ਵੀ ਪਹਿਲੀ ਵਾਰ ਐਨੇ ਵੱਡੇ ਪੱਧਰ 'ਤੇ ਹੋਈ। ਚੋਣ ਕਮਿਸ਼ਨ ਦੀ ਬੇਵੱਸੀ ਵਾਲੀ ਭੂਮਿਕਾ ਵੀ ਪਹਿਲੀ ਵਾਰ ਵੇਖਣ ਨੂੰ ਮਿਲੀ ਅਤੇ ਉਹ 'ਚਲੋ ਮੁਆਫ਼ ਕੀਤਾ' ਤੇ 'ਤਾੜਨਾ' ਦੇ ਕੇ ਬਰੀ ਕਰਨ ਤੀਕ ਹੀ ਸਿਮਟ ਗਿਆ। ਲੋਕਾਂ ਦੇ ਮਸਲਿਆਂ ਦੀ ਗੱਲ ਚੋਣਾਂ 'ਚ ਨਾ ਹੋਣਾ ਤੇ ਮੈਨੀਫ਼ੈਸਟੋਆਂ ਦਾ ਤਾਕ 'ਤੇ ਟੰਗੇ ਜਾਣਾ ਭਾਵੇਂ ਪਹਿਲਾਂ ਵੀ ਹੁੰਦਾ ਰਿਹਾ ਹੈ ਪਰ ਇਸ ਵਾਰ ਸਭ ਤੋਂ ਵਧੇਰੇ ਤੇ ਸੋਚੇ ਸਮਝੇ ਢੰਗ ਨਾਲ ਪਹਿਲੀ ਵਾਰ ਹੋਇਆ ਹੈ। ਇਹ ਵੀ ਪਹਿਲੀ ਵਾਰ ਹੋਇਆ ਹੈ ਕਿ ਆਮ ਆਦਮੀਆਂ ਦੀ ਕੋਈ ਗੱਲ ਨਹੀਂ ਹੋਈ। ਇਹ ਵੀ ਕਿ ਪਹਿਲੀ ਵਾਰ ਲੋਕਾਂ ਕਾਰਪੋਰੇਟ ਜਗਤ ਦਾ 'ਮੀਡੀਆ ਗਲਬਾ' ਸ਼ਰੇਆਮ ਵੇਖਿਆ ਹੈ।




ਇਸ ਵਾਰ ਵਰਗਾ ਕਦੇ ਨਹੀਂ ਹੋਇਆ ਕਿ ਚੋਣਾਂ ਰਾਜਨੀਤਕ ਪਾਰਟੀਆਂ ਨੇ ਨਹੀਂ ਮੀਡੀਆਂ ਨੇ ਲੜੀਆਂ ਹੋਣ। ਇਸ ਪਿਛੇ ਭਾਰਤ ਦੇ ਅਮੀਰ ਕਾਰਪੋਰੇਟ ਘਰਾਣਿਆਂ ਦਾ ਹੱਥ ਲੋਕਾਂ ਨੂੰ ਸਾਫ਼ ਦਿਖਾਈ ਦਿੱਤਾ ਹੋਵੇ। ਬਿਜਲਈ ਮੀਡੀਆ ਇਸ ਵਾਰ ਅਖ਼ਬਾਰੀ ਮੀਡੀਏ ਨੂੰ ਬਹੁਤ ਪਿਛੇ ਛੱਡ ਗਿਆ। ਮੁੱਲ ਦੀਆਂ ਖ਼ਬਰਾਂ ਭਾਵੇਂ ਪਹਿਲਾਂ ਵੀ ਪ੍ਰਮੁੱਖ ਭੂਮਿਕਾ ਨਿਭਾਉਂਦੀਆਂ ਰਹੀਆਂ ਹਨ ਪਰ ਇਸ ਵਾਰ ਇਸ ਵਰਤਾਰੇ ਦੀ ਖ਼ੂਬ ਚਾਂਦੀ ਰਹੀ। ਹੋਇਆ ਉਹੀ ਜੋ ਬਿਜਲਈ ਮੀਡੀਏ ਨੇ ਚਾਹਿਆ। ਕਿਸ ਨੂੰ ਉਭਾਰਨਾ ਹੈ ਤੇ ਕਿਸ ਨੂੰ ਵਿਸਾਰਨਾ, ਸਭ ਸੋਚੀ ਸਮਝੀ ਸਾਜ਼ਸ਼ ਤਹਿਤ ਹੋਇਆ। ਟੀ.ਵੀ. ਦੇ ਬਹੁਤ ਸਾਰੇ ਚੈਨਲ ਇਕਦਮ ਹੀ ਪਲਟਦੇ ਪਹਿਲੀ ਵਾਰ ਵੇਖੇ ਗਏ। ਕਈ ਚੈਨਲ ਤਾਂ ਆਪਣੇ ਆਪ ਨੂੰ ਪਛੜਿਆ ਮਹਿਸੂਸ ਕਰਕੇ ਬਹੁਤ ਕਾਹਲ-ਕਦਮੀ ਇਕ ਪਾਰਟੀ ਦੇ ਹੱਕ 'ਚ ਵੱਜ ਰਹੀ ਤੂਤੀ ਦੇ ਨਗਾਰੇ ਦੀ ਚੋਣ ਬਣੇ।

# ਮੀਡੀਆ ਨੇ ਲੋਕਾਂ ਦੀ ਸੋਚ ਨੂੰ ਵਰਗਲਾਇਆ




ਇਕ ਪਾਰਟੀ ਦੀਆਂ ਨੁਕਸਬਿੱਲੀਆਂ ਕੱਢਣੀਆਂ ਤੇ ਦੂਜੀ ਨੂੰ ਵਡਿਆਈ ਜਾਣਾ ਸਭ ਮੀਡੀਆ ਦੀ ਹੀ ਕਰਾਮਾਤ ਸੀ। ਵਧੇਰੇ ਵੱਡੀਆਂ ਅਖ਼ਬਾਰਾਂ ਨੇ ਵੀ ਇਹ ਭੂਮਿਕਾ ਨਿਭਾਈ। ਛੋਟੀਆਂ ਪਾਰਟੀਆਂ ਦੇ ਉਮੀਦਵਾਰਾਂ ਦੀ ਖ਼ਬਰ ਲਈ ਕੋਈ ਥਾਂ ਨਹੀਂ ਰਿਹਾ ਅਖ਼ਬਾਰਾਂ ਵਿਚ। ਚਿੰਤਾ ਇਸ ਗੱਲ ਦੀ ਹੈ ਕਿ ਆਮ ਭਾਰਤੀ ਸ਼ਹਿਰੀ ਦੀ ਆਮ ਆਦਮੀ ਦੀ ਚੋਣਾਂ 'ਚ ਕੋਈ ਭੂਮਿਕਾ ਨਹੀਂ ਰਹੀ। ਉਸ ਦੀ ਸੋਚ ਨੂੰ ਵਰਗਲਾਇਆ ਗਿਆ। ਬਿਨਾਂ ਸ਼ੱਕ ਸਾਰੇ ਦੇ ਸਾਰੇ ਨਿੱਜੀ ਟੀ.ਵੀ. ਚੈਨਲ ਮੁਨਾਫ਼ਾ ਕਮਾਉਣ ਲਈ ਹੀ ਚਲਾਏ ਜਾ ਰਹੇ ਹਨ, ਇਹ ਸਾਰੇ ਜਾਣਦੇ ਹਨ, ਪਰ ਸਿਰਫ਼ ਤੇ ਸਿਰਫ਼ ਮੁਨਾਫ਼ੇ ਨੂੰ ਹੀ ਪਹਿਲ ਦਿੱਤੀ ਜਾਵੇ ਅਤੇ ਸਮਾਜਕ ਸਰੋਕਾਰਾਂ ਨੂੰ ਉੱਕਾ ਹੀ ਨਜ਼ਰਅੰਦਾਜ਼ ਕਰ ਦਿੱਤਾ ਜਾਵੇ। ਏਸ ਬਾਰੇ ਲਾਜ਼ਮੀ ਕੁਝ ਸੋਚਣਾ ਹੋਵੇਗਾ! ਹਰ ਚੈਨਲ ਪਿੱਛੇ ਕੋਈ ਨਾ ਕੋਈ ਵੱਡਾ ਅਮੀਰ ਘਰਾਣਾ ਕੰਮ ਕਰ ਰਿਹਾ ਹੈ। ਇੰਜ ਸਾਰਾ ਹੀ ਬਿਜਲਈ ਮੀਡੀਆ ਇਕਮੁੱਠ ਕਾਰਪੋਰੇਟ ਸੈਕਟਰ ਦੇ ਹੱਥਾਂ ਦਾ ਖਿਡੌਣਾ ਬਣ ਕੇ ਰਹਿ ਗਿਆ ਹੈ। ਚੋਣਾਂ ਦੇ ਐਲਾਨ ਤੋਂ ਪਹਿਲਾਂ ਕੋਈ ਮੋਦੀ ਲਹਿਰ ਨਹੀਂ ਸੀ ਸਗੋਂ ਕੇਜਰੀਵਾਲ ਲਹਿਰ ਜਾਪਦੀ ਸੀ। ਹਾਂ ਕਾਂਗਰਸ ਦੇ 'ਮਹਾਨ ਕਾਰਨਾਮਿਆਂ' ਤੋਂ ਲੋਕ ਬਹੁਤ ਨਿਰਾਸ਼ ਸਨ। ਕੋਈ ਬਦਲ ਚਾਹੁੰਦੇ ਸਨ। ਇਹ ਬਦਲ ਪਹਿਲਾਂ ਜੋ ਦਿੱਲੀ ਵਿਚ ਬਣਾਇਆ ਤਾਂ ਇਸ ਮੀਡੀਆ ਨੇ ਹੀ, ਜੇ ਉਸ ਨੂੰ ਜ਼ੀਰੋ ਕੀਤਾ ਤਾਂ ਉਹ ਵੀ ਮੀਡੀਆ ਨੇ ਹੀ। ਖੱਬੀਆਂ ਪਾਰਟੀਆਂ ਦਾ ਕਿਧਰੇ ਨਾਮ ਤਕ ਵੀ ਨਹੀਂ ਲਿਆ ਗਿਆ। ਖੱਬੀਆਂ ਪਾਰਟੀਆਂ ਦੀ ਕੀ ਭੂਮਿਕਾ ਹੈ, ਉਹ ਕੀ ਚਾਹੁੰਦੇ ਹਨ, ਉਹ ਕੀ ਕਹਿ ਰਹੇ ਹਨ, ਉਹ ਕਿੱਥੇ ਹਨ, ਉਸ ਦੇ ਆਗੂ ਕੀ ਕਰ ਰਹੇ ਹਨ, ਇਸ ਬਾਰੇ ਮੀਡੀਆ ਨੇ ਲੋਕਾਂ ਨੂੰ ਭਿਣਕ ਤੀਕ ਨਹੀਂ ਪੈਣ ਦਿੱਤੀ।

**ਇਸ ਵਾਰ ਨਿੱਕੀਆਂ ਸਿਆਸੀ ਪਾਰਟੀਆਂ ਨੂੰ ਗੌਲਿਆ ਤੀਕ ਨਹੀਂ ਗਿਆ। ਆਜ਼ਾਦ ਉਮੀਦਵਾਰ ਤਾਂ ਬਿਲਕੁਲ ਹੀ ਹਾਸ਼ੀਏ 'ਤੇ ਚਲੇ ਗਏ।**

ਇਸ ਵਿਚ ਵੀ ਕੋਈ ਅਤਿਕਥਨੀ ਨਹੀਂ ਕਿ ਅੰਨਾ ਹਜ਼ਾਰੇ ਦੀ 'ਲੋਕਪਾਲ' ਦੀ ਲਹਿਰ ਵੀ ਮੀਡੀਏ ਨੇ ਹੀ ਬਣਾਈ ਸੀ ਪਰ ਉਦੋਂ ਨਾਲੋਂ ਇਸ ਵਾਰ ਚੋਣਾਂ ਵਿਚ ਜੋ ਕੁਝ ਪਹਿਲੀ ਵਾਰ ਵਾਪਰਿਆ ਸਭ ਮੀਡੀਏ ਦੀ ਹੀ ਕਰਾਮਾਤ ਹੈ। ਇਸ ਵਾਰ ਨਿੱਕੀਆਂ ਸਿਆਸੀ ਪਾਰਟੀਆਂ ਨੂੰ ਗੌਲਿਆ ਤੀਕ ਨਹੀਂ ਗਿਆ। ਆਜ਼ਾਦ ਉਮੀਦਵਾਰ ਤਾਂ ਬਿਲਕੁਲ ਹੀ ਹਾਸ਼ੀਏ 'ਤੇ ਚਲੇ ਗਏ। ਚੋਣ ਢੰਗ ਸਿਰਫ਼ ਅਮੀਰਾਂ ਦਾ ਸ਼ੁਗਲ ਪੈਸੇ ਦੀ ਖੇਡ ਬਣ ਕੇ ਰਹਿ ਗਿਆ। ਆਮ ਉਮੀਦਵਾਰ ਤੇ ਨਿੱਕੀਆਂ ਪਾਰਟੀਆਂ ਲਈ 40 ਲੱਖ ਰੁਪਏ ਇਕ ਐਮ.ਪੀ. ਹਲਕੇ 'ਚ ਖ਼ਰਚਣੇ ਵੀ ਸੁਪਨੇ ਵਾਂਗਰ ਸੀ ਪਰ ਅਮੀਰਾਂ ਵਲੋਂ ਇਸ ਵਾਰ ਤਾਂ 40-40 ਕਰੋੜ ਤੀਕ ਖ਼ਰਚੇ ਗਏ ਹਨ। "ਕਿਥੇ 'ਰਾਮ-ਰਾਮ' ਕਿਥੇ ਟੈਂ-ਟੈਂ"। ਛੋਟੀਆਂ ਪਾਰਟੀਆਂ ਲਈ ਕੰਧਾਂ 'ਤੇ ਇਸ਼ਤਿਹਾਰ ਲਾਉਣ ਦੀ ਥਾਂ ਨਹੀਂ ਬਚੀ। ਬੈਨਰ ਟੰਗਣ ਲਈ ਥਾਂ ਨਹੀਂ, ਸਪੀਕਰਾਂ 'ਤੇ ਪ੍ਰਚਾਰ ਕਰਨ 'ਤੇ ਪਾਬੰਦੀਆਂ, ਅਖ਼ਬਾਰਾਂ ਵਿਚ ਖ਼ਬਰ ਲਵਾਉਣ ਲਈ ਪੈਸੇ ਦੀ ਕਮੀ, ਲਾਮ-ਲਸ਼ਕਰ ਦੀ ਕਮੀ ਕਿਵੇਂ ਲੜੂ ਕੋਈ ਆਮ ਸ਼ਹਿਰੀ ਚੋਣਾਂ? ਪੱਲੇ ਨਹੀਂ ਧੇਲਾ, ਕਰਦੀ ਮੇਲਾ ਮੇਲਾ। ਕੌਣ ਭੜੂਆ ਚੋਣ ਲੜਨ ਦੀ ਹਿੰਮਤ ਕਰੇਗਾ? ਪਿੰਡਾਂ ਦੇ ਸਰਪੰਚ, ਲੰਬੜਦਾਰ ਹਾਕਮ ਪਾਰਟੀਆਂ ਨਾਲ, ਜਿਨ੍ਹਾਂ ਉਨ੍ਹਾਂ ਦੇ ਹੁਕਮ ਬਿਨਾਂ ਤਾਂ ਪੱਤਾ ਵੀ ਹਿਲਣੋ ਡਰਦਾ ਹੈ, ਤਦ ਗ਼ਰੀਬ ਦੀ ਕੀ ਜ਼ੁਅੱਰਤ ਕਿ ਉਹ ਉਸ ਦੀ ਹੁਕਮ-ਅਦੂਲੀ ਕਰੇ ਤੇ ਮਨ ਮਰਜ਼ੀ ਦੇ ਉਮੀਦਵਾਰ ਨੂੰ ਵੋਟ ਪਾ ਜਾਵੇ। ਪਤਾ ਤਾਂ ਲੱਗ ਹੀ ਜਾਂਦੈ, ਕਿਸ ਨੇ ਕਿਥੇ ਵੋਟ ਪਾਈ ਹੈ, ਫੇਰ ਸ਼ਾਮਤ। ਆਟੇ ਦੀਆਂ ਬੋਰੀਆਂ 'ਚ ਨੋਟ ਲੈਣੇ ਹਨ ਤਾਂ ਲੈ ਲਓ ਪਰ ਵੋਟਾਂ 'ਚ ਮਨਮਰਜ਼ੀ ਨਹੀਂ ਚੱਲਣੀ।




ਹਾਂ, ਇਸ ਵਾਰ ਜੇ ਕੁਝ ਰੱਖ ਵਿਖਾਈ ਤਾਂ ਸੋਸ਼ਲ ਮੀਡੀਏ ਨੇ। ਨੌਜਵਾਨ ਵਰਗ ਜਿਸ ਕੋਲ ਸਮਾਰਟ ਫ਼ੋਨ ਹਨ, ਉਸ ਨੇ ਵੱਟਸਐਪ, ਫੇਸਬੁਕ, ਈਮੇਲ, ਮੈਸੇਜ, ਟਵਿੱਟਰ ਆਦਿ ਦੀ ਵਰਤੋਂ ਕਰ ਕੇ ਕਿਸੇ ਹੱਦ ਤੀਕ ਮੀਡੀਏ ਦੀ ਸਾਜ਼ਿਸ਼ ਦਾ ਸਾਹਮਣਾ ਤਾਂ ਕੀਤਾ ਪਰ ਕਿਥੇ ਅੱਖਾਂ ਚੁੰਧਿਆਉਂਦੇ ਚਾਨਣ ਦਾ ਤੂਫ਼ਾਨ ਤੇ ਕਿਥੇ ਟਿਮਟਿਮਾਉਂਦਾ ਦੀਵਾ ਤੇ ਉਸ ਨੂੰ ਬੁਝਣੋਂ ਬਚਾਉਣ ਲਈ ਸਿਰਫ਼ ਬੁੱਕਾਂ ਦਾ ਓਹਲਾ ਮਾਤਰ। ਗ਼ਰੀਬ 60 ਫ਼ੀਸਦੀ ਤੋਂ ਵਧੇਰੇ ਵਸੋਂ ਕੋਲ ਤਾਂ ਸਾਧਾਰਨ ਮੋਬਾਈਲ ਵੀ ਨਹੀਂ, ਤਦ ਸੋਸ਼ਲ ਮੀਡੀਆ ਉਨ੍ਹਾਂ ਤੀਕ ਕਿਵੇਂ ਪੁੱਜਦਾ। ਬੱਸ ਟੀ.ਵੀ. ਦੀ ਪਹੁੰਚ ਵਧੇਰੇ ਸੀ ਅਤੇ ਉਸ ਨੇ ਖ਼ੂਬ ਖੁੱਲ੍ਹ ਖੇਡੀ।

# ਮੀਡੀਏ ਦੀ ਇਕ ਤਰਫ਼ਾ ਹਨੇਰੀ ਨੇ ਸਭ ਕੁਝ ਉਡਾਇਆ

ਸਿੱਟਾ, ਸਮੁੱਚੇ ਮੀਡੀਏ ਦੀ ਇਕ ਤਰਫ਼ਾ ਹਨੇਰੀ ਸਭ ਕੁਝ ਉਡਾ ਕੇ ਲੈ ਗਈ। 'ਮੋਦੀ-ਮੋਦੀ, ਮੋਦੀ-ਮੋਦੀ' ਦੀ ਉਚੀ ਆਵਾਜ਼ ਆਉਂਦੀ ਸੀ ਹਰ ਚੈਨਲ 'ਤੇ ਜਾਂ 'ਅੱਛੇ ਦਿਨ ਆਨੇ ਵਾਲੇ ਹੈਂ' ਦੇ ਸੁਰ। ਉਧਰ ਵੋਟਾਂ ਪੈ ਰਹੀਆਂ ਸਨ ਤੇ ਇੱਧਰ ਸਾਰੇ ਟੀ.ਵੀ. ਚੈਨਲ ਮੋਦੀ ਦੀ ਇੰਟਰਵਿਊ ਪ੍ਰਸਾਰਤ ਕਰ ਰਹੇ ਸਨ। ਮੀਡੀਏ ਦੀ ਇਕਮੁੱਠਤਾ ਦਾ ਅਰਥ ਹੀ ਕਾਰਪੋਰੇਟ ਸੈਕਟਰ ਦੀ ਇਕਮੁੱਠਤਾ ਤੋਂ ਹੈ। ਫੇਰ ਐਸੀ ਹਾਲਤ ਵਿਚ ਕਿਵੇਂ ਬਚਣਾ ਸੀ ਆਮ ਭਾਰਤੀ, ਆਮ ਆਦਮੀ, ਆਮ ਆਦਮੀ ਪਾਰਟੀ ਤੇ ਖੱਬੀਆਂ ਤੇ ਖੇਤਰੀ ਪਾਰਟੀਆਂ ਦਾ ਰੁਤਬਾ ਤੇ ਆਮ ਗ਼ਰੀਬ ਉਮੀਦਵਾਰ ਨੇ। ਮੇਲੇ 'ਚ ਚੱਕੀਰਾਹੇ ਦੀ ਕੌਣ ਸੁਣਦਾ। ਨਹੀਂ ਸੀ ਸੁਣਨੀ। ਨਹੀਂ ਸੁਣੀ ਗਈ। ਭਰੇ ਚੋਣ ਮੇਲੇ 'ਚ। ਡੱਗ ਵਜੇ ਭੂਰੇ ਖੁੱਸੇ। ਗ਼ਰੀਬਾਂ ਦੇ ਪਹਿਲੇ ਬੁੱਲੇ ਹੀ। ਇਸ ਵਰਤਾਰੇ ਦੀ ਚਿੰਤਾ ਕਰਨੀ ਬਣਦੀ ਹੈ। ਚੋਣਾਂ ਅੱਗੋਂ ਵੀ ਆਉਣੀਆਂ ਹਨ। ਭਾਰਤ ਵਰਗੇ 'ਲੋਕਰਾਜੀ' ਦੇਸ਼ ਵਿਚ ਹਰ ਸਮੇਂ ਕਿਸੇ ਨਾ ਕਿਸੇ ਤਰ੍ਹਾਂ ਦੀਆਂ ਚੋਣਾਂ ਹੁੰਦੀਆਂ ਹੀ ਰਹਿਣੀਆਂ ਹਨ। ਉਂਜ ਭਾਵੇਂ ਜਮਾਤੀ ਸਮਾਜ ਵਿਚ ਰਾਜ ਕਰ ਰਹੀ ਅਮੀਰ ਸ਼੍ਰੇਣੀ ਦਾ 'ਲੋਕ ਰਾਜ' ਨਿਰਾ ਢੌਂਗ ਮਾਤਰ ਹੀ ਹੁੰਦਾ ਹੈ ਪਰ ਜੇ ਇਸ ਵਾਰ ਵਾਂਗ ਸਾਰਾ ਚੋਣ ਮੇਲਾ ਮੀਡੀਏ ਨੇ ਹੀ ਲੁੱਟ ਕੇ ਲੈ ਜਾਣਾ ਹੈ ਤਦ ਚੋਣਾਂ ਦਾ ਕੀ ਲਾਭ ਹੈ। ਇਹ ਵੱਖਰਾ ਵਿਸ਼ਾ ਹੈ ਕਿ ਜਿਸ ਨੇ ਜਿੱਤਣ ਵਾਲੇ ਤੋਂ ਸਿਰਫ਼ 2-4 ਫ਼ੀਸਦੀ ਹੀ ਘੱਟ ਵੋਟਾਂ ਲਈਆਂ ਹਨ, ਉਸ ਨੂੰ ਕੁਝ ਵੀ ਹਾਸਲ ਨਾ ਹੋਵੇ। ਅਨੁਪਾਤਕ ਪ੍ਰਤੀਨਿਧਤਾ ਕੀ ਇਸ 'ਲੋਕ ਰਾਜੀ' ਢੌਂਗ ਵਿਚ ਆਮ ਆਦਮੀ ਨੂੰ ਕਿਸੇ ਹੱਦ ਤਕ ਬਚਾ ਸਕੇਗੀ ਕਿ ਨਹੀਂ ਜਾਂ ਦੋ ਪਾਰਟੀ ਸਿਸਟਮ ਲੋਕਾਂ ਦਾ ਕੀ ਹਸ਼ਰ ਕਰੇਗਾ, ਇਸ ਬਾਰੇ ਵੱਖਰੀ ਬਹਿਸ ਹੋਣੀ ਚਾਹੀਦੀ ਹੈ। ਪਰ ਜੇ ਅੱਗੋਂ ਵੀ ਏਸੇ ਤਰ੍ਹਾਂ ਮੀਡੀਏ ਨੇ ਆਪਣੀ ਇਕਮੁੱਠਤਾ ਨਾਲ ਸਾਜ਼ਸੀ ਭੂਮਿਕਾ ਇਸੇ ਤਰ੍ਹਾਂ ਹੀ ਨਿਭਾਉਣੀ ਹੈ ਤਾਂ ਇਸ ਲੋਕ ਰਾਜੀ ਚੋਣ ਪ੍ਰਕਿਰਿਆ ਦਾ ਕੋਈ ਲਾਭ ਨਹੀਂ ਹੈ। ਦੇਸ਼ ਵਿਚ ਯਕੀਨਨ ਚੋਣਾਂ 'ਚ ਮੀਡੀਏ ਦੀ ਭੂਮਿਕਾ 'ਤੇ ਬਹਿਸ ਹੋਣੀ ਚਾਹੀਦੀ ਹੈ। ਮੀਡੀਆ 'ਤੇ ਲਾਜ਼ਮੀ ਰੋਕਾਂ ਲੱਗਣੀਆਂ ਚਾਹੀਦੀਆਂ ਹਨ। ਪਰ ਚੋਣ ਹਾਸ਼ੀਏ ਤੋਂ ਬਾਹਰ ਗਏ ਆਮ ਭਾਰਤੀ ਨੂੰ ਵਾਪਸ ਲਿਆਉਣ ਲਈ ਕੁਝ ਨਾ ਕੁਝ ਯਕੀਨਨ ਹੋਣਾ ਚਾਹੀਦਾ ਹੈ।





BLITZ AUTO CANADA
3207-97 Street, Edmonton, Alberta, T6N 1B7, Canada
Full Maintenance Service
- Breaks
- Muffler
- Suspension
- Lube & Oil
- Tires
- Batteries

Umesh Amin
email: unamin@gmail.com



WE CARE YOUR CAR BETTER
Phone:780 463 2886

ਨਵੀਂ ਦੁਨੀਆ

*ਡਾ. ਸਾਈਬਾਬਾ ਦੀ ਗ੍ਰਿਫ਼ਤਾਰੀ ਦਾ ਇਕ ਹੋਰ ਪਹਿਲੂ ਵੀ ਹੈ ਜੋ ਹਰ ਸਿਆਸੀ ਵੰਨਗੀ ਦੇ ਹੁਕਮਰਾਨਾਂ ਨੂੰ ਕੰਡੇ ਵਾਂਗ ਚੁਭਦਾ ਹੈ। ਉਹ ਜਿਸਮਾਨੀ ਪੱਖੋਂ ਅਪਾਹਜ ਜ਼ਰੂਰ ਹੈ ਪਰ ਇਸ ਮੁਲਕ ਦੇ ਬਹੁਤੇ ਬੁੱਧੀਜੀਵੀ ਲਾਣੇ ਵਾਂਗ ਜ਼ਿਹਨੀ ਪੱਖੋਂ ਅਪਾਹਜ ਨਹੀਂ ਹੈ। ਉਹ ਕਿਸੇ ਵੀ ਕੀਮਤ 'ਤੇ ਸਥਾਪਤੀ ਦੀ ਹਾਂ ਵਿਚ ਹਾਂ ਮਿਲਾਉਣ ਲਈ ਤਿਆਰ ਨਹੀਂ ਹੋਇਆ। ਬੇਸ਼ਕ ਉਸ ਨੂੰ ਫਾਸ਼ੀਵਾਦੀ ਰਾਜਤੰਤਰ ਵਲੋਂ ਵਾਰ-ਵਾਰ ਧਮਕਾਇਆ ਤੇ ਤੰਗ-ਪ੍ਰੇਸ਼ਾਨ ਕੀਤਾ ਜਾਂਦਾ ਰਿਹਾ ਹੈ।*



ਬੂਟਾ ਸਿੰਘ
+91-94634-74342
atoozed@gmail.com



# ਇਕ ਅਪਾਹਜ ਪ੍ਰੋਫ਼ੈਸਰ ਅਤੇ ਰਾਜ ਵਿਰੁੱਧ ਜੰਗ

ਹਿੰਦੁਸਤਾਨੀ ਹੁਕਮਰਾਨ ਜਦੋਂ 16ਵੀਂ ਲੋਕ ਸਭਾ ਦੇ ਚੋਣ ਅਮਲ ਦੌਰਾਨ ਇਹ ਦਾਅਵੇ ਹੁੱਬ-ਹੁੱਬ ਕੇ ਕਰ ਰਹੇ ਹਨ ਕਿ ਸਾਡਾ ਰਾਜ ਪ੍ਰਬੰਧ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਹੈ ਅਤੇ ਇਨ੍ਹਾਂ ਦਾਅਵਿਆਂ ਦੇ ਗ਼ਰਦ-ਗੁਬਾਰ ਵਿਚ ਕੇਂਦਰੀ ਗ੍ਰਹਿ ਮੰਤਰਾਲੇ ਦੇ ਇਸ਼ਾਰੇ 'ਤੇ 9 ਮਈ ਨੂੰ ਮਹਾਰਾਸ਼ਟਰ ਪੁਲਿਸ ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਡਾ. ਜੀ.ਐੱਨ.ਸਾਈਬਾਬਾ, ਜੋ ਕਿ ਪੂਰੀ ਤਰ੍ਹਾਂ ਅਪਾਹਜ ਹੋਣ ਕਾਰਨ ਵੀਲ-ਚੇਅਰ 'ਤੇ ਹਨ, ਨੂੰ ਦੁਪਹਿਰ ਵਕਤ ਖਾਣਾ ਖਾਣ ਲਈ ਘਰ ਜਾਣ ਸਮੇਂ ਰਸਤੇ ਵਿਚੋਂ ਅਗਵਾ ਕਰਕੇ ਹਵਾਈ ਜਹਾਜ਼ ਰਾਹੀਂ ਨਾਗਪੁਰ ਲੈ ਜਾਂਦੀ ਹੈ ਅਤੇ ਫਿਰ ਕਈ ਘੰਟੇ ਪਿੱਛੋਂ ਉਸ ਦੀ ਪਤਨੀ ਨੂੰ ਪ੍ਰੋਫੈਸਰ ਦੇ ਗ਼ੈਰਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ (ਯੂ.ਏ.ਪੀ.ਏ.) ਤਹਿਤ ਗ੍ਰਿਫ਼ਤਾਰ ਕੀਤੇ ਜਾਣ ਦੀ ਇਤਲਾਹ ਮਿਲਦੀ ਹੈ ਤਾਂ ਕੀ ਜਮਹੂਰੀਅਤ ਦੀ ਧਾਰਨਾ ਤੇ ਭਾਵਨਾ ਨਾਲ ਇਸ ਤੋਂ ਵੱਡਾ ਹੋਰ ਕੋਈ ਮਜ਼ਾਕ ਹੋ ਸਕਦਾ ਹੈ? ਬੇਸ਼ੱਕ ਡਾ. ਸਾਈਬਾਬਾ ਦੀ ਗ੍ਰਿਫ਼ਤਾਰੀ ਆਪਣੇ-ਆਪ ਵਿਚ ਅਜਿਹਾ ਪਹਿਲਾ ਮਾਮਲਾ ਨਹੀਂ ਹੈ, ਅਤੇ ਇਸ ਨੂੰ ਹਿੰਦੁਸਤਾਨੀ 'ਜਮਹੂਰੀਅਤ' ਦੇ ਘੁੰਢ ਵਿਚ ਇਕ ਹੋਰ ਵੱਡਾ ਲੰਗਾਰ ਹੀ ਮੰਨਿਆ ਜਾਣਾ ਚਾਹੀਦਾ ਹੈ ਜਿਸ ਦੇ ਰਾਹੀਂ ਇਸ ਦੇ ਅਸਲ ਫਾਸ਼ੀਵਾਦੀ ਚਿਹਰੇ ਦੇ ਦੀਦਾਰ ਕਰਨ ਵਿਚ ਉਨ੍ਹਾਂ ਨੂੰ ਕਾਫ਼ੀ ਸਹੂਲਤ ਹੋ ਸਕਦੀ ਹੈ ਜਿਹੜੇ ਅਜੇ ਵੀ ਇਸ ਨੂੰ ਮਹਾਂ-ਜਮਹੂਰੀਅਤ ਸਮਝੀ ਬੈਠੇ ਹਨ।

ਇਸ ਗ੍ਰਿਫ਼ਤਾਰੀ ਦੇ ਕਈ ਪਹਿਲੂ ਕਾਬਲੇ-ਗ਼ੌਰ ਹਨ। ਇਸ ਮੁਲਕ ਦੇ ਸੱਤਾਤੰਤਰ ਦੀਆਂ ਨਿੱਤ ਦੀਆਂ ਆਪਹੁਦਰੀਆਂ ਦੇ ਮੱਦੇ-ਨਜ਼ਰ, ਖ਼ਾਸ ਕਰਕੇ ਹਾਸ਼ੀਏ 'ਤੇ ਧੱਕੇ ਅਵਾਮ ਅਤੇ ਸਥਾਪਤੀ ਦਾ ਵਿਰੋਧ ਕਰਨ ਵਾਲੇ ਰੌਸ਼ਨ ਦਿਮਾਗ ਹਿੱਸਿਆਂ ਦੀਆਂ ਗ੍ਰਿਫ਼ਤਾਰੀਆਂ ਨੂੰ ਦੇਖਦਿਆਂ, ਸਰਵਉਚ ਅਦਾਲਤ ਵਾਰ-ਵਾਰ ਦਿਸ਼ਾ-ਨਿਰਦੇਸ਼ ਜਾਰੀ ਕਰ ਚੁੱਕੀ ਹੈ ਕਿ ਕਿਸੇ ਵਿਅਕਤੀ ਦਾ ਕਿਸੇ ਖ਼ਾਸ ਵਿਚਾਰਧਾਰਾ ਨੂੰ ਮੰਨਣਾ ਅਤੇ ਕਿਸੇ ਪਾਬੰਦੀਸ਼ੁਦਾ ਕਰਾਰ ਦਿੱਤੀ ਜਥੇਬੰਦੀ ਦਾ ਮੈਂਬਰ ਹੋਣਾ ਆਪਣੇ ਆਪ ਵਿਚ ਕੋਈ ਗੁਨਾਹ ਨਹੀਂ ਹੈ, ਜੇ ਉਹ ਕਿਸੇ ਕਾਤਲਾਨਾ ਜਾਂ ਭੰਨਤੋੜ ਦੇ ਹਿੰਸਕ ਜੁਰਮ ਵਿਚ ਸ਼ਾਮਲ ਨਹੀਂ। ਦਰ ਹਕੀਕਤ, ਹਿੰਦੁਸਤਾਨ ਕਹੇ ਜਾਂਦੇ ਇਸ ਵਿਆਪਕ ਭੂਗੋਲਕ ਖਿੱਤੇ ਵਿਚ ਅਜਿਹਾ ਕੋਈ ਇਲਾਕਾ ਖ਼ੁਰਦਬੀਨ ਨਾਲ ਲੱਭਣਾ ਵੀ ਸੰਭਵ ਨਹੀਂ ਹੈ ਜਿਥੇ ਹਕੂਮਤ ਦੇ ਵਿਰੁੱਧ ਕੋਈ ਵੱਡਾ ਸੰਘਰਸ਼ ਉਠ ਖੜ੍ਹਨ ਦੀ ਸੂਰਤ ਵਿਚ ਉੱਥੋਂ ਦੇ ਅਵਾਮ ਅਤੇ ਇੱਥੋਂ ਤਕ ਕਿ ਉਸ ਸੰਘਰਸ਼ ਨਾਲ ਨਜਿੱਠਣ ਵਕਤ ਸਥਾਪਤੀ ਦੀਆਂ ਰਾਜਕੀ ਲਾਕਾਨੂੰਨੀਆਂ ਦਾ ਵਿਰੋਧ ਕਰਨ ਵਾਲੇ ਜਮਹੂਰੀ ਕਾਰਕੁੰਨਾਂ ਉਪਰ ਵਹਿਸ਼ੀ ਜਬਰ ਦਾ ਝੱਖੜ ਨਾ ਝੁੱਲਿਆ ਹੋਵੇ। ਰੋਜ਼ ਮੀਡੀਆ ਵਿਚ ਅਜਿਹੀਆਂ ਲਾਕਾਨੂੰਨੀਆਂ ਅਤੇ ਸਰਵਉੱਚ ਅਦਾਲਤਾਂ ਦੇ ਦਿਸ਼ਾ-ਨਿਰਦੇਸ਼ਾਂ ਦੀਆਂ ਉਲੰਘਣਾਵਾਂ ਦੀ ਚਰਚਾ ਹੁੰਦੀ ਹੈ ਪਰ ਅੱਜ ਤਾਈਂ ਕਿਸੇ ਸੀਨੀਅਰ ਜੱਜ ਨੇ ਇਨ੍ਹਾਂ ਲਾਕਾਨੂੰਨੀਆਂ ਦਾ ਖ਼ੁਦ ਨੋਟਿਸ ਲੈ ਕੇ ਪੁਲਿਸ/ਫ਼ੌਜਤੰਤਰ ਦੇ ਹੱਥ ਰੋਕਣ ਅਤੇ ਅਦਾਲਤ ਦੇ ਹੁਕਮਾਂ ਦੀ ਤੌਹੀਨ ਦੇ ਕਿਸੇ ਮਾਮਲੇ ਨੂੰ ਉਠਾ ਕੇ ਮਜ਼ਲੂਮਾਂ ਨੂੰ ਇਨਸਾਫ਼ ਦੇਣ ਦੀ ਪਹਿਲ ਨਹੀਂ ਕੀਤੀ।

ਇਹ ਵੀ ਚੇਤੇ ਰਹੇ ਕਿ ਸਰਵਉੱਚ ਅਦਾਲਤ ਨੇ ਪੁਲਿਸ ਵਲੋਂ ਅੰਨ੍ਹੇਵਾਹ ਆਪਹੁਦਰੀਆਂ ਗ੍ਰਿਫ਼ਤਾਰੀਆਂ ਦੇ ਮੱਦੇਨਜ਼ਰ ਗ੍ਰਿਫ਼ਤਾਰੀ ਸਬੰਧੀ ਉਚੇਚੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹੋਏ ਹਨ ਜਿਨ੍ਹਾਂ ਦੀ ਪਾਲਣਾ ਕਿਸੇ ਬੰਦੇ ਨੂੰ ਗ੍ਰਿਫ਼ਤਾਰ ਕੀਤੇ ਜਾਣ ਵਕਤ ਲਾਜ਼ਮੀ ਕਰਾਰ ਦਿੱਤੀ ਗਈ ਹੈ। ਮਸਲਨ, ਗ੍ਰਿਫ਼ਤਾਰ ਬੰਦੇ ਨੂੰ ਆਪਣੇ ਪਰਿਵਾਰ, ਦੋਸਤਾਂ-ਮਿੱਤਰਾਂ ਨੂੰ ਗ੍ਰਿਫ਼ਤਾਰੀ ਦੀ ਜਾਣਕਾਰੀ ਦੇਣ ਦਾ ਇੰਤਜ਼ਾਮ ਕਰਨਾ, ਉਸ ਦਾ ਡਾਕਟਰੀ ਮੁਲਾਹਜ਼ਾ ਕਰਾਉਣਾ ਅਤੇ ਉਸ ਨੂੰ ਆਪਣਾ ਪੱਖ ਪੇਸ਼ ਕਰਨ ਲਈ ਵਕੀਲ ਦੀ ਸਹੂਲਤ ਮੁਹੱਈਆ ਕਰਾਉਣਾ। ਆਦਿਵਾਸੀ ਅਧਿਆਪਕਾ ਸੋਨੀ ਸੋਰੀ, ਡਾ. ਬਿਨਾਇਕ ਸੇਨ, ਪ੍ਰਸ਼ਾਂਤ ਰਾਹੀ ਤੋਂ ਲੈ ਕੇ ਡਾ. ਸਾਈਬਾਬਾ ਤਕ ਕਿਸੇ ਵੀ ਮਾਮਲੇ ਵਿਚ ਇਨ੍ਹਾਂ ਅਦਾਲਤੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਤੋਂ ਐਨ ਉਲਟ ਪੁਲਿਸ ਅਧਿਕਾਰੀਆਂ ਵਲੋਂ ਪੂਰੀ ਤਰ੍ਹਾਂ ਬੇਖ਼ੌਫ਼ ਹੋ ਕੇ ਕੀਤੀਆਂ ਘੋਰ ਉਲੰਘਣਾਵਾਂ ਜੱਗ ਜ਼ਾਹਿਰ ਹਨ। ਵਜ੍ਹਾ ਸਾਫ਼ ਹੈ ਕਿ ਅਜਿਹੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਕੇ ਹੁਕਮਰਾਨਾਂ ਅਤੇ ਉਨ੍ਹਾਂ ਦੇ ਇਸ਼ਾਰੇ 'ਤੇ ਕੰਮ ਕਰਦੇ ਪੁਲਿਸ ਅਧਿਕਾਰੀਆਂ ਦਾ ਸਥਾਪਤੀ ਵਿਰੁੱਧ ਆਵਾਜ਼ ਉਠਾਉਣ ਵਾਲਿਆਂ ਨੂੰ ਸਬਕ ਸਿਖਾਉਣ ਦਾ ਮਨੋਰਥ ਪੂਰਾ ਨਹੀਂ ਹੋ ਸਕਦਾ। ਇਸੇ ਵਿਚੋਂ ਸੋਚ-ਸਮਝਕੇ ਘੋਰ ਲਾਕਾਨੂੰਨੀਆਂ ਕੀਤੀਆਂ ਜਾਂਦੀਆਂ ਹਨ।

ਡਾ. ਸਾਈਬਾਬਾ ਦੀ ਗ੍ਰਿਫ਼ਤਾਰੀ ਦਾ ਇਕ ਹੋਰ ਪਹਿਲੂ ਵੀ ਹੈ ਜੋ ਹਰ ਸਿਆਸੀ ਵੰਨਗੀ ਦੇ ਹੁਕਮਰਾਨਾਂ ਨੂੰ ਕੰਡੇ ਵਾਂਗ ਚੁਭਦਾ ਹੈ। ਉਹ ਜਿਸਮਾਨੀ ਪੱਖੋਂ ਅਪਾਹਜ ਜ਼ਰੂਰ ਹੈ ਪਰ ਇਸ ਮੁਲਕ ਦੇ ਬਹੁਤੇ ਬੁੱਧੀਜੀਵੀ ਲਾਣੇ ਵਾਂਗ ਜ਼ਿਹਨੀ ਪੱਖੋਂ ਅਪਾਹਜ ਨਹੀਂ ਹੈ। ਉਹ ਕਿਸੇ ਵੀ ਕੀਮਤ 'ਤੇ ਸਥਾਪਤੀ ਦੀ ਹਾਂ ਵਿਚ ਹਾਂ ਮਿਲਾਉਣ ਲਈ ਤਿਆਰ ਨਹੀਂ ਹੋਇਆ। ਬੇਸ਼ਕ ਉਸ ਨੂੰ ਫਾਸ਼ੀਵਾਦੀ ਰਾਜਤੰਤਰ ਵਲੋਂ ਵਾਰ-ਵਾਰ ਧਮਕਾਇਆ ਤੇ ਤੰਗ-ਪ੍ਰੇਸ਼ਾਨ ਕੀਤਾ ਜਾਂਦਾ ਰਿਹਾ ਹੈ। ਉਹ ਵਿਕਾਸ ਦੇ ਨਾਂ ਹੇਠ ਹੁਕਮਰਾਨਾਂ ਵਲੋਂ ਅਵਾਮ ਦੇ ਜੰਗਲ-ਜ਼ਮੀਨ-ਦਰਿਆਈ ਪਾਣੀ ਖੋਹ ਕੇ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ; ਓਪਰੇਸ਼ਨ ਗ੍ਰੀਨ ਹੰਟ, ਸਲਵਾ ਜੁਡਮ ਆਦਿ ਐਲਾਨੀਆਂ ਤੇ ਅਣ-ਐਲਾਨੀਆਂ ਪੁਲਿਸ/ਫ਼ੌਜੀ ਕਾਰਵਾਈਆਂ ਰਾਹੀਂ ਲੋਕਾਂ ਦੇ ਘਾਣ; ਜੇਲ੍ਹਾਂ ਵਿਚ ਸਿਆਸੀ ਕੈਦੀਆਂ ਉਪਰ ਜ਼ੁਲਮਾਂ ਦੇ ਖ਼ਿਲਾਫ਼ ਅਤੇ ਉਨ੍ਹਾਂ ਦੇ ਹੱਕਾਂ ਤੇ ਬੇਸ਼ਰਤ ਰਿਹਾਈ ਲਈ ਆਵਾਜ਼ ਉਠਾਉਣ ਵਿਚ ਮੋਹਰੀ ਭੂਮਿਕਾ ਨਿਭਾਉਂਦਾ ਆ ਰਿਹਾ ਹੈ। ਇਸੇ ਵਿਚੋਂ ਉਸ ਨੂੰ ਫਰਜ਼ੀ ਕੇਸਾਂ ਵਿਚ ਉਲਝਾਉਣ ਦਾ ਅਮੁੱਕ ਸਿਲਸਿਲਾ ਸ਼ੁਰੂ ਹੋਇਆ। ਜੋ ਕੇਂਦਰੀ ਗ੍ਰਹਿ ਮੰਤਰਾਲੇ ਵਲੋਂ ਰਚੀ ਉਸ ਡੂੰਘੀ ਸਾਜ਼ਿਸ਼ ਦਾ ਅਨਿੱਖੜ ਹਿੱਸਾ ਹੈ ਜਿਸ ਨੇ 128 ਜਥੇਬੰਦੀਆਂ ਨੂੰ ਮਾਓਵਾਦੀਆਂ ਦੀਆਂ ਫਰੰਟ ਜਥੇਬੰਦੀਆਂ ਕਰਾਰ ਦੇ ਕੇ ਇਸ ਆੜ ਹੇਠ ਜਮਹੂਰੀ ਸਰਗਰਮੀਆਂ ਨੂੰ ਨਿਸ਼ਾਨਾ ਬਣਾਉਣ ਅਤੇ ਹਕੂਮਤੀ ਦਹਿਸ਼ਤਗਰਦੀ ਜ਼ਰੀਏ ਸਮਾਜੀ ਨਿਆਂ ਦੇ ਹੱਕ 'ਚ ਬੋਲਣ ਵਾਲਿਆਂ ਦੀ ਆਵਾਜ਼ ਨੂੰ ਕੁਚਲਣ ਦਾ ਰਾਹ ਪੱਧਰਾ ਕੀਤਾ ਸੀ। ਮਨੁੱਖੀ/ਜਮਹੂਰੀ ਅਧਿਕਾਰ ਜਥੇਬੰਦੀਆਂ ਨੂੰ ਉਚੇਚਾ ਜਾਣ-ਬੁੱਝਕੇ ਸ਼ੁਮਾਰ ਕੀਤਾ ਗਿਆ ਕਿਉਂਕਿ ਉਹ ਫਰਜ਼ੀ ਪੁਲਿਸ ਮੁਕਾਬਲਿਆਂ ਰਾਹੀਂ ਬੇਗੁਨਾਹਾਂ ਦੇ ਸੋਚੇ-ਸਮਝੇ ਕਤਲਾਂ, ਪੁਲਿਸੀ/ਫ਼ੌਜੀ ਕਾਰਵਾਈਆਂ ਦੌਰਾਨ ਬੇਗੁਨਾਹ ਅਵਾਮ ਉਪਰ ਬੇਤਹਾਸ਼ਾ ਤਸ਼ੱਦਦ, ਔਰਤਾਂ ਨਾਲ ਸਮੂਹਕ ਜਬਰ-ਜਨਾਹ ਦੇ ਵਿਆਪਕ ਵਰਤਾਰੇ ਤੇ ਹੋਰ ਹਕੂਮਤੀ ਜ਼ੁਲਮਾਂ ਦਾ ਮਹਿਜ਼ ਵਿਰੋਧ ਹੀ ਨਹੀਂ ਕਰਦੀਆਂ ਸਗੋਂ ਮਜ਼ਲੂਮ ਅਵਾਮ ਲਈ ਕਾਨੂੰਨੀ ਢੋਈ ਵੀ ਬਣਦੀਆਂ ਹਨ, ਖ਼ਾਸ ਕਰਕੇ ਉਨ੍ਹਾਂ ਇਲਾਕਿਆਂ ਵਿਚ ਜਿਥੇ ਜਥੇਬੰਦੀਆਂ ਨੂੰ ਗ਼ੈਰਕਾਨੂੰਨੀ ਐਲਾਨਕੇ ਅਵਾਮ ਦੇ ਆਪਣੀ ਜ਼ਿੰਦਗੀ ਦੀ ਬਿਹਤਰੀ ਲਈ ਜਥੇਬੰਦ ਹੋਣ ਤੇ ਜੱਦੋਜਹਿਦ ਕਰਨ ਦੇ ਮੁੱਢਲੇ ਜਮਹੂਰੀ ਹੱਕ ਵੀ ਰਾਜਤੰਤਰ ਨੇ ਖੋਹ ਲਏ ਹਨ ਅਤੇ ਉਹ ਅਣਐਲਾਨੀ ਐਮਰਜੈਂਸੀ ਹੇਠ ਪਲ-ਪਲ ਮੌਤ ਤੇ ਦਹਿਸ਼ਤ ਦੇ ਸਾਏ ਹੇਠ ਦਿਨ ਕੱਟ ਰਹੇ ਹਨ।

ਸਾਲ ਕੁ ਪਹਿਲਾਂ ਡਾ. ਸਾਈਬਾਬਾ ਨੂੰ ਖ਼ਾਸ ਤੌਰ 'ਤੇ ਨਿਸ਼ਾਨਾ ਬਣਾਉਣਾ ਸ਼ੁਰੂ ਕੀਤਾ ਗਿਆ। ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀ ਅਤੇ ਸਭਿਆਚਾਰਕ ਕਾਰਕੁੰਨ ਹੇਮੰਤ ਮਿਸ਼ਰਾ ਅਤੇ ਛੱਤੀਸਗੜ੍ਹ-ਮਹਾਰਾਸ਼ਟਰ ਦੇ ਮਾਓਵਾਦੀਆਂ ਦੇ ਗੜ੍ਹ ਜ਼ਿਲ੍ਹਿਆਂ ਵਿਚੋਂ ਦੋ ਆਦਿਵਾਸੀਆਂ ਨੂੰ ਵੱਖ-ਵੱਖ ਥਾਵਾਂ ਤੋਂ ਗ੍ਰਿਫ਼ਤਾਰ ਕਰਕੇ ਇਕ ਕਹਾਣੀ ਘੜੀ ਗਈ। ਹੇਮੰਤ ਮਿਸ਼ਰਾ ਦੀ ਤਫ਼ਤੀਸ਼ ਦੇ ਨਾਂ ਹੇਠ ਮੀਡੀਆ ਨੂੰ ਇਕ ਕਹਾਣੀ ਪਰੋਸੀ ਗਈ ਕਿ ਇਹ ਵਿਦਿਆਰਥੀ ਛੱਤੀਸਗੜ੍ਹ ਦੇ ਅਬੂਝਮਾੜ੍ਹ ਵਿਚ ਰੂਪੋਸ਼ ਮਾਓਵਾਦੀ ਲੀਡਰਸ਼ਿਪ ਅਤੇ ਉਨ੍ਹਾਂ ਦੇ ਖੁੱਲ੍ਹੇ ਫਰੰਟਾਂ, ਜਿਸ ਦਾ ਸੂਤਰਧਾਰ ਡਾ. ਸਾਈਬਾਬਾ ਨੂੰ ਦੱਸਿਆ ਗਿਆ, ਦਰਮਿਆਨ ਹਰਕਾਰੇ ਦਾ ਕੰਮ ਕਰਦਾ ਹੈ। ਗ੍ਰਿਫ਼ਤਾਰ ਕੀਤੇ ਆਦਿਵਾਸੀ ਹੇਮੰਤ ਨੂੰ ਜੰਗਲਾਂ ਦੇ ਅੰਦਰ ਸੀਨੀਅਰ ਮਾਓਵਾਦੀ ਆਗੂਆਂ ਕੋਲ ਲੈ ਕੇ ਜਾ ਰਹੇ ਸਨ। ਜਦੋਂ ਕੁਝ ਦਿਨਾਂ ਬਾਦ ਪ੍ਰਸ਼ਾਂਤ ਰਾਹੀ ਆਪਣੇ ਉਪਰ ਦਰਜ ਸੰਗੀਨ ਮਾਮਲਿਆਂ ਦੇ ਸਿਲਸਿਲੇ ਵਿਚ ਲੋੜੀਂਦੇ ਕਾਗਜ਼ਾਤ ਲੈਣ ਲਈ ਰਾਏਪੁਰ ਗਿਆ ਤਾਂ ਉਸ ਨੂੰ ਵੀ ਗ੍ਰਿਫ਼ਤਾਰ ਕਰਕੇ ਗੜ੍ਹਚਿਰੌਲੀ ਲਿਜਾ ਕੇ ਉਸ ਨਵੇਂ ਘੜੇ ਮੁਕੱਦਮੇ ਵਿਚ ਸ਼ੁਮਾਰ ਕਰ ਲਿਆ ਗਿਆ। ਇਸ ਫਰਜ਼ੀ ਕਹਾਣੀ ਦੇ ਅਧਾਰ 'ਤੇ ਡਾ. ਸਾਈਬਾਬਾ ਦੀ ਦਿੱਲੀ ਰਿਹਾਇਸ਼ ਉਪਰ ਛਾਪਾ ਮਾਰ ਕੇ ਉਸ ਦੇ ਪਰਿਵਾਰ 'ਤੇ ਦਹਿਸ਼ਤ ਪਾਈ ਗਈ। ਜਿਸ ਦਾ ਨਾ ਸਿਰਫ਼ ਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ ਸਗੋਂ ਦਿੱਲੀ ਦੇ ਸਿੱਖਿਆ-ਸ਼ਾਸਤਰੀ ਭਾਈਚਾਰੇ ਤੇ ਵਿਦਿਆਰਥੀਆਂ, ਖ਼ਾਸ ਕਰਕੇ ਦਿੱਲੀ ਯੂਨੀਵਰਸਿਟੀ ਦੇ ਕਾਲਜਾਂ ਦੇ ਬਹੁਗਿਣਤੀ ਪ੍ਰੋਫੈਸਰਾਂ ਅਤੇ ਅਰੁੰਧਤੀ ਰਾਏ ਸਮੇਤ ਮੰਨੇ-ਪ੍ਰਮੰਨੇ ਬੁੱਧੀਜੀਵੀਆਂ ਵਲੋਂ ਤਿੱਖਾ ਵਿਰੋਧ ਕੀਤਾ ਗਿਆ। ਦੂਜੀ ਵਾਰ ਫਿਰ ਉਸ ਤੋਂ ਪੁੱਛਗਿੱਛ ਦੇ ਬਹਾਨੇ ਉਸ ਦੇ ਘਰ ਉਪਰ ਹਮਲਾ ਕਰਨ ਦਾ ਯਤਨ ਕੀਤਾ ਗਿਆ। ਇਸ ਨੂੰ ਵੀ ਉਪਰੋਕਤ ਸਾਰਿਆਂ ਨੇ ਇਕੱਠੇ ਹੋ ਕੇ ਅਤੇ ਦਿਨ-ਰਾਤ ਪਹਿਰਾ ਦੇ ਕੇ ਅਸਫ਼ਲ ਬਣਾ ਦਿੱਤਾ। ਪੁਲਿਸ ਟੋਲੀ ਘਰ ਦੀ ਤਲਾਸ਼ੀ ਅਤੇ ਸਾਈਬਾਬਾ ਵਲੋਂ ਤਫ਼ਤੀਸ਼ ਦੌਰਾਨ ਦਿੱਤੇ ਮੁਕੰਮਲ ਸਹਿਯੋਗ ਦੇ ਸਿੱਟੇ ਵਜੋਂ ਕੁੱਝ ਵੀ ਐਸਾ ਪੇਸ਼ ਨਹੀਂ ਕਰ ਸਕੀ; ਜਿਸ ਤੋਂ ਉਸ ਦੀ ਮਾਓਵਾਦੀ ਕਾਰਵਾਈਆਂ ਵਿਚ ਕੋਈ ਸ਼ਮੂਲੀਅਤ ਸਾਬਤ ਹੁੰਦੀ ਹੋਵੇ। ਆਪਣੇ ਖ਼ਿਲਾਫ਼ ਅਤੇ ਅਗਾਂਹਵਧੂ ਪ੍ਰੋਫੈਸਰ ਦੀ ਰਾਖੀ ਲਈ ਲੋਕ ਰਾਇ ਚੱਟਾਨ ਵਾਂਗ ਖੜ੍ਹੀ ਦੇਖਕੇ ਪੁਲਿਸ ਅਧਿਕਾਰੀ ਵਕਤੀ ਤੌਰ 'ਤੇ ਪਿੱਛੇ ਹਟ ਗਏ ਤੇ ਚੁੱਪ-ਚੁਪੀਤੇ ਉਸ ਨੂੰ ਘਰ ਤੋਂ ਬਾਹਰ ਅਗਵਾ ਕਰਨ ਦੇ ਢੁੱਕਵੇਂ ਮੌਕੇ ਦੀ ਇੰਤਜ਼ਾਰ ਕਰਨ ਲੱਗੇ। ਜਿਸ ਨੂੰ ਆਖਿਰ ਉਹ 9 ਮਈ ਨੂੰ ਅੰਜ਼ਾਮ ਦੇਣ 'ਚ ਕਾਮਯਾਬ ਹੋ ਗਏ ਅਤੇ ਅਦਾਲਤ ਵਿਚੋਂ ਉਸ ਦਾ 14 ਦਿਨ ਦਾ ਰਿਮਾਂਡ ਲੈ ਲਿਆ ਅਤੇ ਨਾਗਪੁਰ ਜੇਲ੍ਹ ਵਿਚ ਡੱਕ ਦਿੱਤਾ ਜਿਥੇ ਉਸ ਵਰਗੇ 90 ਫ਼ੀ ਸਦੀ ਅਪਾਹਜ ਨਜ਼ਰਬੰਦ ਨੂੰ ਸਾਂਭਣ ਦੇ ਕੋਈ ਇੰਤਜ਼ਾਮ ਹੀ ਨਹੀਂ ਹਨ। ਹਰ ਪਲ ਕਿਸੇ ਸਹਾਇਕ ਦੇ ਮੁਥਾਜ ਬੰਦੇ ਨੂੰ ਅਜਿਹੇ ਹਾਲਾਤ ਵਿਚ ਬੰਦ ਕਰਨ ਪਿੱਛੇ ਹੁਕਮਰਾਨਾਂ ਦੀ ਜ਼ਾਹਰਾ ਮਨਸ਼ਾ ਉਸ ਨੂੰ ਜਿਸਮਾਨੀ ਤੇ ਜ਼ਿਹਨੀ ਤਸੀਹੇ ਦੇਣ ਦੀ ਹੈ।

ਹਿੰਦੁਸਤਾਨੀ ਸਟੇਟ ਦੀ ਇਸ ਬੁਨਿਆਦੀ ਤਾਸੀਰ ਅਤੇ 'ਜਮਹੂਰੀਅਤ' ਦੇ ਇਸ ਘਿਣਾਉਣੇ ਚਿਹਰੇ ਨੂੰ ਬਦਲਣ ਲੰਮੇ ਅਤੇ ਲਹੂ-ਵੀਟਵੇਂ ਸੰਘਰਸ਼ ਦੀ ਫੌਰੀ ਲੋੜ ਹੈ?

VOLUNTEER AT CANADA DAY!
July 1st, 2014
@ Mill Woods Park - 23rd Ave & 66 Street
1pm to 11pm
SHIFTS FOR ACTIVITIES
1st Shift - 12:30-3:30 PM
2nd Shift - 3:15-6:15 PM
3rd Shift - 6:00-9:00 PM
4th Shift - 8:45-11:00 PM
VOLUNTEER REWARDS
*Official Canada Day Volunteer T-Shirt
*Meal and beverages
*Opportunity to show your community spirit
*Opportunity to gain large-scale event experience
*Invitation to the Volunteer Appreciation BBQ
*Certificate of Appreciation
REQUIREMENTS
*Commit to a minimum of 3 hours
*Enjoy working with the public
*Be at least 13 years of age
*Be friendly, punctual and responsible
REGISTRATION
Email your confirmation to the Volunteer Coordinator @
volunteer@SeEdmonton.ca

ਕੈਲਗਰੀ ਹਾਕਸ ਫੀਲਡ ਹਾਕੀ ਅਕਾਦਮੀ
ਵੱਲੋਂ ਨਵੇਂ ਖਿਡਾਰੀਆਂ ਦੀ
ਰਜਿਸਟਰੇਸ਼ਨ
ਸ਼ੁਰੂ ਹੈ।
7 ਸਾਲ ਤੋਂ ਵੱਧ ਉਮਰ ਵਾਲੇ ਲੜਕੇ ਤੇ ਲੜਕੀਆਂ ਦੀ ਰਜਿਸਟਰੇਸ਼ਨ ਲਈ ਸੰਪਰਕ ਕਰੋ।
17ਵੇਂ ਹਾਕਸ ਫੀਲਡ ਹਾਕੀ ਟੂਰਨਾਮੈਂਟ ਦੀ ਸਫਲਤਾ ਲਈ ਸਮੁੱਚੇ ਭਾਈਚਾਰੇ ਅਤੇ ਸਪਾਂਸਰਾਂ ਦਾ ਤਹਿ ਦਿਲੋਂ ਧੰਨਵਾਦ।
ਦਿਲਪਾਲ 403-681-0749 ਕਾਕਾ ਲੋਪੋ 403-680-2700
ਗੁਰਲਾਲ ਮਾਣੂੰਕੇ 403-605-3939 ਗੁਰਦੀਪ ਹਾਂਸ 403-690-4267
ਦਲਜੀਤ ਪੁਰਬਾ 403-615-0368 ਮਨਵੀਰ ਗਿੱਲ 403-689-1011

WORLD SIKH ORGANIZATION OF CANADA
May 22, 2014
Dear Friends,
You are cordially invited to the World Sikh Organization of Canada's annual inter-community dinner to be held:
Tuesday June 10, 2014, from 6:30 p.m. to 9:00 p.m.
Maharaja Banquet Hall, 9257 34A Ave NW, Edmonton, AB T6E 5T6
Each June we gather with our friends in events across Canada to reflect on the ongoing quest for justice and human rights both in Canada and around the world. This year marks the 30th anniversary of the Indian Army's brutal assault on Sri Darbar Sahib in Amritsar [Saka Akal Takhat], as well as the 100th anniversary of the Komagata Maru incident.
Our keynote speaker will be **Colin Gonsalves**. Colin's topic is: **pursuit for human rights in India**, as well as the groundbreaking work of the Khalra Centre.
Colin is a Senior Advocate of the Supreme Court of India and Executive Director of the Human Rights Law Network (HRLN). He is a pioneer in the field of public interest litigation in India and has successfully litigated numerous cases dealing with economic, social and cultural rights. In 2004, Colin won the International Human Rights Award of the American Bar Association, in recognition of his outstanding contribution to the area of human rights. In November 2011 HRLN partnered with WSO to launch the Khalra Centre for Human Rights Defenders in New Delhi.
*Tables may be booked by contacting Kulmit Singh Sangha at 780-619-8485. All proceeds will go towards funding the important human rights work done by WSO.*
We look forward to sharing this important evening with you, as we continue on our quest for equality and justice for all.

☬ ਗੁਰਦੁਆਰਾ ਮਿੱਲਵੁਡਜ਼ ਐਡਮਿੰਟਨ ☬
ਸਕੂਲਾਂ ਦੀਆਂ ਛੁੱਟੀਆਂ ਵਿਚ
ਗੁਰਮਤ ਕੈਂਪ
ਬੁਧਵਾਰ 02 ਜੁਲਾਈ, 2014 ਤੋਂ
ਵੀਰਵਾਰ 31 ਜੁਲਾਈ, 2014
30 ਜੂਨ ਅਤੇ 1 ਜੁਲਾਈ 2014 ਨੂੰ 1:00 ਵਜੇ ਤੋਂ 3:00 ਵਜੇ ਤਾਈਂ ਸਿਰਫ ਦਾਖਲਾ ਲਿਆ ਜਾਵੇਗਾ
2 ਜੁਲਾਈ, 2014 ਨੂੰ ਬਾਕਾਇਦਾ ਕਲਾਸਾਂ ਸ਼ੁਰੂ ਹੋ ਜਾਣਗੀਆਂ
ਸੋਮਵਾਰ ਤੋਂ ਵੀਰਵਾਰ
ਬਾਦ ਦੁਪਹਿਰ 1:00 ਵਜੇ ਤੋਂ 5:00 ਵਜੇ ਤਕ
ਦਾਖਲੇ ਲਈ ਘੱਟ ਤੋਂ ਘੱਟ ਉਮਰ ਸੱਤ ਸਾਲ
ਕੈਂਪ ਦੌਰਾਨ ਬੱਚਿਆਂ ਨੂੰ ਗੁਰਬਾਣੀ ਅਤੇ ਸਿੱਖ ਇਤਿਹਾਸ ਨਾਲ ਜੋੜਿਆ ਜਾਵੇਗਾ। ਸਿੱਖ ਧਰਮ ਅਨੁਸਾਰ ਰਹਿਣ ਦੀ ਜਾਂਚ ਅਤੇ ਸਿੱਖ ਗੁਰੂਆਂ ਦੀ ਬਖਸ਼ੀ ਲਿੱਪੀ ਗੁਰਮੁਖੀ ਵਿਚ ਪੰਜਾਬੀ ਭਾਸ਼ਾ ਦੀ ਸਿਖਿਆ ਦਿੱਤੀ ਜਾਵੇਗੀ।
ਹਰੇਕ ਐਤਵਾਰ ਨੂੰ ਦਾਖਲਾ ਹੋਵੇਗਾ

# ਇਕ ਸਦੀ ਤੋਂ ਨਾਸੂਰ ਬਣਿਆ ਜ਼ਖ਼ਮ ਕਾਮਾਗਾਟਾ ਮਾਰੂ

**ਗ਼ਦਰ ਲਹਿਰ ਦੀ ਸ਼ਤਾਬਦੀ ਮਨਾਉਂਦਿਆਂ 'ਕਾਮਾਗਾਟਾ ਮਾਰੂ ਜਹਾਜ਼' ਦਾ ਸਾਕਾ ਵਾਰ-ਵਾਰ ਜ਼ਿਹਨ 'ਤੇ ਹਥੌੜੇ ਵਾਂਗ ਵੱਜਦਾ ਹੈ। ਇਸ ਇਤਿਹਾਸਕ ਘਟਨਾ ਨੇ ਭਾਰਤ ਦੇ ਸੁਤੰਤਰਤਾ ਸੰਗਰਾਮ ਨੂੰ ਨਵੀਂ ਚੇਤਨਾ ਅਤੇ ਚਿੰਤਨ ਦੇ ਰਾਹੇ ਪਾਉਣ ਦੇ ਨਾਲ-ਨਾਲ ਨਵਾਂ ਜੋਸ਼ ਵੀ ਮੁਹੱਈਆ ਕੀਤਾ। 2013 ਜਿਥੇ ਗ਼ਦਰ ਲਹਿਰ ਦਾ ਸ਼ਤਾਬਦੀ ਵਰ੍ਹਾ ਰਿਹਾ, ਉਥੇ 2014 ਨੂੰ ਕਾਮਾਗਾਟਾਮਾਰੂ ਦਾ ਸ਼ਤਾਬਦੀ ਵਰ੍ਹਾ ਵੀ ਹੈ। ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਲੋਂ ਇਸ ਸਬੰਧ ਵਿਚ ਸ਼ਤਾਬਦੀ ਸਮਾਗਮ ਕਰਵਾਏ ਜਾ ਰਹੇ ਹਨ। ਹਥਲੀ ਲਿਖਤ ਵਿਚ ਤੇਜਿੰਦਰ ਵਿਰਲੀ ਦੀ ਸੂਝ ਭਰੀ ਨਜ਼ਰ 'ਕਾਮਾਗਾਟਾ ਮਾਰੂ' ਦੀ ਇਸ ਘਟਨਾ ਦੇ ਆਰ-ਪਾਰ ਦੇਖਦੀ ਹੋਈ, ਇਹਦੇ ਸਾਰੇ ਪਾਸਾਰਾਂ ਦੀ ਪੁਣ-ਛਾਣ ਕਰਦੀ ਹੈ। 'ਨਵੀਂ ਦੁਨੀਆ' ਇਸ ਲਿਖਤ ਨੂੰ ਲੜੀਵਾਰ ਛਾਪਣ ਦੀ ਖੁਸ਼ੀ ਲੈ ਰਿਹਾ ਹੈ। – ਸੰਪਾਦਕ**

ਡਾ. ਤੇਜਿੰਦਰ ਵਿਰਲੀ
+91-94647-97400
virli@rediffmail.com



(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਐਨੀ ਬੇਸੈਂਟ ਨੇ ਬਰਤਾਨਵੀ ਪਰਜਾ ਨਾਲ ਹੋਏ ਦੁਰਵਿਹਾਰ ਵਿਰੁੱਧ 'ਥੀਓਸੋਫਿਸਟ' ਵਿਚ ਲਿਖੇ ਸਖ਼ਤ ਲੇਖ ਵਿਚ ਆਖਿਆ, 'ਬ੍ਰਿਟਿਸ਼ ਕੋਲੰਬੀਆ ਵਲੋਂ ਉਨ੍ਹਾਂ ਨਾਲ ਜਪਾਨੀਆਂ, ਚੀਨੀਆਂ ਤੇ ਹਬਸ਼ੀਆਂ ਨਾਲੋਂ ਬੁਰਾ ਸਲੂਕ ਹੋ ਰਿਹਾ ਹੈ। ਉਸ ਨੇ ਇਕ ਹੋਰ ਅੰਗਰੇਜ਼ ਦੇ ਹਵਾਲੇ ਨਾਲ ਲਿਖਿਆ, 'ਇਕ ਹਿੰਦੂ ਬਿਨਾਂ ਕਿਸੇ ਅਪਮਾਨ ਦੇ ਚੀਨ, ਜਪਾਨ ਜਾਂ ਜਰਮਨੀ ਵਿਚ ਤਾਂ ਸਫਰ ਕਰ ਸਕਦਾ ਹੈ, ਪਰ ਜਦੋਂ ਉਹ ਬਰਤਾਨਵੀ ਝੰਡੇ ਹੇਠਲੀ ਕਿਸੇ ਬਸਤੀ ਵਿਚ ਦਾਖ਼ਲ ਹੁੰਦਾ ਹੈ ਤਾਂ ਹਾਲਾਤ ਬਿਲਕੁਲ ਬਦਲ ਜਾਂਦੇ ਹਨ। ਅਲਾਹਾਬਾਦ ਤੋਂ ਛਪਦੇ 'ਲੀਡਰ' ਨੂੰ ਇਸ ਕਰ ਕੇ ਬਹੁਤ ਗੁੱਸਾ ਸੀ ਕਿ ਬਸਤੀਆਂ ਵਿਚ ਹਿੰਦੂਆਂ ਨਾਲ ਪਸ਼ੂਆਂ ਵਰਗਾ ਸਲੂਕ ਕੀਤਾ ਜਾਂਦਾ ਸੀ ਤੇ ਉਨ੍ਹਾਂ ਨੂੰ ਬਰਤਾਨਵੀ ਬਸਤੀਆਂ ਵਿਚ ਵਸਣ ਹੀ ਨਹੀਂ ਸੀ ਦਿੱਤਾ ਜਾਂਦਾ। ਪੇਪਰ ਨੇ ਸੁਝਾਅ ਦਿੱਤਾ ਸੀ ਕਿ ਇਸ ਸੂਰਤ ਵਿਚ ਸਿਰਫ਼ 'ਅਦਲੇ ਦਾ ਬਦਲਾ' ਵਾਲੀ ਨੀਤੀ ਹੀ ਸਹੀ ਹੋ ਸਕਦੀ ਹੈ ਪਰ ਇਸ ਬਦਸਲੂਕੀ ਵਿਰੁੱਧ ਲੋਕਾਂ ਨੂੰ ਜਥੇਬੰਦ ਹੋ ਕੇ ਜੂਝਣ ਲਈ ਆਖਣ ਦੀ ਥਾਂ ਇਸ ਨੇ 'ਸ਼ਾਹੀ ਸਰਕਾਰ' ਨੂੰ ਇਹ ਅਪੀਲ ਕੀਤੀ ਸੀ ਕਿ 'ਭਾਰਤ ਸਰਕਾਰ ਨੂੰ ਬਰਤਾਨਵੀ ਬਸਤੀਆਂ ਵਿਰੁੱਧ ਉਲਟਾ-ਵਾਰ ਕਰਨ ਦਾ ਅਧਿਕਾਰ ਦਿੱਤਾ ਜਾਵੇ। ਤੇ ਉਨ੍ਹਾਂ ਨੂੰ ਆਖਿਆ ਜਾਏ ਕਿ ਅਸੀਂ ਤੁਹਾਨੂੰ ਬਸਤੀਵਾਦੀਆਂ ਨੂੰ ਭਾਰਤ ਦੀ ਧਰਤੀ ਉੱਪਰ ਪੈਰ ਨਹੀਂ ਰੱਖਣ ਦੇਵਾਂਗੇ।' ਇਸ ਨੇ ਅਗਾਂਹ ਇਹ ਸੁਝਾਅ ਦਿੱਤਾ ਸੀ ਕਿ 'ਜਨਰਲ ਬੋਥਾ ਜਾਂ ਜਨਰਲ ਸਮਟਸ (ਦੱਖਣੀ ਅਫਰੀਕਾ ਦੇ) ਨੂੰ ਇਹ ਅਹਿਸਾਸ ਕਰਵਾ ਦਿੱਤਾ ਜਾਵੇ ਕਿ ਉਨ੍ਹਾਂ ਨਾਲ ਹਿਸਾਬ-ਕਿਤਾਬ ਨਜਿੱਠਣ ਦੇ ਤਰੀਕੇ ਹਨ।

ਸਫ਼ੇਦ ਬਰਤਾਨਵੀ ਬਸਤੀਆਂ ਵਿਚ ਭਾਰਤੀ ਪਰਵਾਸੀਆਂ ਦੇ ਰੁਤਬੇ ਦਾ ਸੁਆਲ ਇੰਡੀਅਨ ਨੈਸ਼ਨਲ ਕਾਂਗਰਸ ਦੇ 1911 ਵਿਚ ਹੋਏ ਸਮਾਗਮ ਵਿਚ ਪੰਜਾਬੀ ਵਫ਼ਦ ਵਲੋਂ ਇਹ ਆਖ ਕੇ ਉਠਾਇਆ ਗਿਆ ਸੀ ਕਿ ਬਰਤਾਨਵੀ ਭਾਰਤੀ ਸਰਕਾਰ ਉਨ੍ਹਾਂ ਸਫ਼ੇਦ ਬਸਤੀਆਂ ਵਿਰੁੱਧ ਜਵਾਬੀ ਕਾਰਵਾਈ ਕਰੇ ਜੋ 'ਬਰਤਾਨਵੀ ਪਰਜਾ ਹੋਣ ਦੇ ਨਾਤੇ ਸਾਡੇ ਉਨ੍ਹਾਂ ਬਸਤੀਆਂ ਵਿਚ ਦਾਖ਼ਲ ਹੋ ਕੇ ਕੰਮ-ਕਾਰ ਕਰਨ ਤੇ ਰਹਿਣ ਦੇ ਜਨਮ-ਸਿੱਧ ਅਧਿਕਾਰ ਤੋਂ ਇਨਕਾਰੀ ਹੋ ਰਹੀਆਂ ਹਨ।' ਪੰਜਾਬੀ ਵਫ਼ਦ ਦੇ ਸਖ਼ਤ ਰੋਸਿਆਂ ਦੇ ਬਾਵਜੂਦ ਕਾਂਗਰਸੀ ਨੇਤਾਵਾਂ ਨੇ ਇਸ ਮਤੇ ਦੇ ਪਾਸ ਕੀਤੇ ਜਾਣ ਦੀ ਇਜਾਜ਼ਤ ਨਹੀਂ ਸੀ ਦਿੱਤੀ।

ਇਕ ਅਖ਼ਬਾਰ ਨੇ ਲਿਖਿਆ ਸੀ- (ਚਿੱਟੀਆਂ) ਬਸਤੀਆਂ ਦੀ ਇਸ ਹਠੀਲੀ ਪੁੱਠੀ-ਮੱਤ ਨੇ ਨਿਰਾਦਰੀ ਨਾਲ ਕੰਮ ਨੂੰ ਪੂਰੀ ਤਰ੍ਹਾਂ ਝੰਜੋੜ ਸੁੱਟਿਆ ਹੈ ਤੇ (ਚਿੱਟੀਆਂ) ਬਸਤੀਆਂ ਦੇ ਇਸ ਗੈਰ ਬਰਤਾਨਵੀ (ਕਿੰਨਾ ਭਰੋਸਾ ਹੈ ਬਰਤਾਨੀਆ ਵਿਚ) ਵਿਹਾਰ ਕਾਰਨ ਬੇਇੱਜ਼ਤੀ ਦੇ ਭਾਰ ਹੇਠ ਦੱਬੇ ਬਾਲ ਤੇ ਨਰ-ਨਾਰੀਆਂ ਦੁੱਖ ਨਾਲ ਕੁਰਲਾ ਰਹੇ ਹਨ।' ਪੇਪਰ ਲਈ ਇਹ ਅਤਿਅੰਤ ਦੁਖਦਾਈ ਦ੍ਰਿਸ਼ ਸੀ ਕਿ ਬਰਤਾਨਵੀ ਸਲਤਨਤ ਦਾ ਇਕ ਹਿੱਸਾ ਦੂਜੇ ਦੇ ਹੀ ਵਿਰੁੱਧ ਜਵਾਬੀ ਕਾਰਵਾਈ ਕਰੇ ਅਤੇ ਪੇਪਰ ਨੇ ਇਸ ਗੱਲ ਨੂੰ ਤਰਜੀਹ ਦਿੱਤੀ ਕਿ ਕੌਮੀ ਅਸੰਬਲੀ ਤੇ ਸਰਕਾਰ ਦਾ ਪ੍ਰਤੀਕਰਮ ਜਵਾਬੀ ਹਮਲੇ ਨਹੀਂ, ਸਗੋਂ ਹਿਫ਼ਾਜ਼ਤ ਵਾਲਾ ਹੋਵੇ।

ਬਰਤਾਨਵੀ ਬਸਤੀਆਂ ਵਿਚ ਅਪਮਾਨਜਨਕ ਹਾਲਾਤ ਵਿਰੁੱਧ ਭਾਰਤ ਪ੍ਰਤੀਕਰਮ ਕਾਫ਼ੀ ਸਖ਼ਤ ਸੀ ਪਰ ਇਸ ਹਮਾਇਤ ਲਈ ਕੋਈ ਸਿਆਸੀ ਲਹਿਰ ਜਾਂ ਜਥੇਬੰਦੀ ਨਹੀਂ ਸੀ। ਸਰਕਾਰ ਨੂੰ ਲਹਿਰ ਦੀ ਕਮਜ਼ੋਰੀ ਦਾ ਪਤਾ ਸੀ, ਤਾਂ ਹੀ ਉਸ ਨੇ ਇਸ ਮਾਮਲੇ ਬਾਰੇ ਕੁਝ ਕਰਨ ਦੀ ਚਿੰਤਾ ਨਹੀਂ ਸੀ ਕੀਤੀ।



ਇਸ ਤੋਂ ਬਿਨਾਂ ਇਹ ਅਖ਼ਬਾਰ ਇਸ ਤੱਥ ਤੋਂ ਅਸਲੋਂ ਹੀ ਅਣਜਾਣ ਸਨ ਕਿ ਸ਼ਾਹੀ ਸਰਦਾਰ ਤਾਂ ਭਾਰਤੀਆਂ ਨੂੰ ਗੋਰੀਆਂ ਬਸਤੀਆਂ ਤੋਂ ਬਾਹਰ ਰੱਖਣ ਦੀ ਨੀਤੀ ਦੀ ਇਕ ਧਿਰ ਸੀ। ਗੋਰੀਆਂ ਬਸਤੀਆਂ ਨੇ ਭਾਰਤ ਉੱਪਰ ਰਾਜ ਕਰਨ ਵਾਲੀ ਸਰਕਾਰ ਦੇ ਤਿੰਨ ਮਹਿਕਮਿਆਂ-ਭਾਰਤੀ ਮਾਮਲਿਆਂ, ਵਿਦੇਸ਼ ਤੇ ਬਸਤੀਆਂ ਦੇ ਸਿਖਰਲੇ ਮੰਤਰੀ 1908 ਵਿਚ ਪਹਿਲਾਂ ਹੀ ਇਹ ਪੱਕਾ ਫ਼ੈਸਲਾ ਕਰ ਚੁੱਕੇ ਸਨ ਕਿ ਭਾਰਤੀ ਲੋਕ ਗੋਰੀਆਂ ਬਸਤੀਆਂ ਦੇ ਰਹਿਮੋ-ਕਰਮ 'ਤੇ ਹੋਣ ਕਰ ਕੇ, ਉਨ੍ਹਾਂ ਨੂੰ ਇਨ੍ਹਾਂ ਬਸਤੀਆਂ ਵਿਚ ਵੜਨ ਜਾਂ ਬਾਹਰ ਰੱਖਣ ਦਾ ਫ਼ੈਸਲਾ ਇਹ ਖੁਦ ਕਰਨਗੀਆਂ। ਸ਼ਾਹੀ ਸਰਕਾਰ ਨੇ ਭਾਰਤੀ ਆਵਾਜ਼ ਪਰਵਾਸ ਦੇ ਮਾਮਲਿਆਂ ਵਿਚ ਦਖ਼ਲ ਨਾ ਦੇਣ ਦਾ ਨਿਸ਼ਚਾ ਕੀਤਾ ਹੋਇਆ ਸੀ। ਸਾਰਾ ਭਾਰਤ ਬਰਤਾਨਵੀ ਪ੍ਰਚਾਰ ਨਾਲ ਫੈਲਾਏ ਭਰਮ-ਜਾਲ ਵਿਚ ਬੁਰੀ ਤਰ੍ਹਾਂ ਫਸਿਆ ਹੋਇਆ ਸੀ।

ਬਿਪਨ ਚੰਦਰ ਪਾਲ ਨੇ ਉਸ ਵੇਲੇ 'ਰੀਵੀਊ ਆਫ਼ ਰੀਵੀਊਜ਼' ਦੇ ਪ੍ਰਸਿੱਧ ਸੰਪਾਦਕ, ਵਾ.ਇ. ਸਟੈੱਡ ਨੂੰ ਇਕ ਇੰਟਰਵਿਊ ਦਿੱਤੀ ਸੀ ਜੋ ਇਕ ਮਾਸਕ-ਪੱਤਰ ਦੇ ਅਕਤੂਬਰ 1911 ਅੰਕ ਵਿਚ ਛਪੀ ਸੀ। ਸਟੈੱਡ ਨੇ ਪਾਲ ਤੋਂ ਪੁੱਛਿਆ ਸੀ, ਸਵੈਰਾਜੀ ਭਾਰਤ ਉਨ੍ਹਾਂ ਹਿੰਦੂਆਂ ਲਈ ਕੀ ਕਰੇਗਾ, ਜਿਨ੍ਹਾਂ ਨਾਲ ਬਸਤੀਆਂ ਵਿਚ ਬਰਾਬਰੀ ਤੇ ਨਿਆਂ ਵਾਲਾ ਸਲੂਕ ਨਹੀਂ ਕੀਤਾ ਜਾ ਰਿਹਾ। ਪਾਲ ਦਾ ਜੁਆਬ ਸੀ—

"ਸਵੈਰਾਜੀ ਭਾਰਤ ਨੇ ਇਸ ਸਭ ਕੁਝ ਨੂੰ ਬਦਲ ਦੇਣਾ ਸੀ। ਕਿਉਂਕਿ ਡੋਮੀਨੀਅਨਾਂ ਵਿਚ ਵਸਦੀ ਪਰਜਾ, ਜੋ ਉਹ ਭਾਰਤ ਵਿਚ ਵਣਜ ਵਪਾਰ ਕਰਨ ਆਉਣਾ ਚਾਹੇ, ਤਾਂ ਉਨ੍ਹਾਂ ਉੱਪਰ ਉਹੀ ਪਾਬੰਦੀਆਂ ਲਾਉਣ ਵਿਚ ਸਰਕਾਰ ਦੇ ਰਾਹ ਵਿਚ ਕੀ ਰੁਕਾਵਟ ਹੋ ਸਕੇਗੀ, ਜੋ ਉਹ ਦੱਖਣੀ ਅਫਰੀਕਾ, ਆਸਟਰੇਲੀਆ ਜਾਂ ਕਨੇਡਾ ਵਿਚ ਜਾਣ ਦੇ ਇੱਛੁਕ ਭਾਰਤੀਆਂ ਉੱਪਰ ਲਗਾ ਰਹੀ ਹੈ। ਅਸੀਂ ਬਰਾਬਰ ਹੱਕਾਂ ਦੇ ਆਧਾਰ 'ਤੇ ਬਰਾਬਰੀ ਨੂੰ ਤਰਜੀਹ ਦੇਵਾਂਗੇ ਪਰ ਜੇ ਅਸੀਂ ਬਰਾਬਰ ਹੱਕਾਂ ਦਾ ਆਧਾਰ 'ਤੇ ਬਰਾਬਰੀ ਨਹੀਂ ਲੈ ਸਕਦੇ ਤਾਂ ਫੇਰ ਬਰਾਬਰ ਬੇਇਨਸਾਫੀਆਂ ਦੇ ਆਧਾਰ 'ਤੇ ਬਰਾਬਰੀ ਹਾਸਲ ਕਰ ਲਈਏ। ਕਹਿਣ ਦਾ ਮਤਲਬ ਇਹ ਹੈ ਕਿ ਹਰ ਦੱਖਣੀ ਅਫਰੀਕੀ, ਆਸਟਰੇਲੀਅਨ ਤੇ ਭਾਰਤ ਆਉਣ ਵਾਲੇ ਕਨੇਡੀਅਨਾਂ ਉੱਪਰ ਵੀ ਉਹੋ, ਬੰਦਸ਼ਾਂ ਲਾ ਕੇ ਨਿਰਾਦਰ ਕੀਤਾ ਜਾਵੇ, ਜਿਵੇਂ ਉਹ ਉੱਥੇ ਜਾਣ ਵਾਲੇ ਭਾਰਤੀਆਂ ਦਾ ਕਰਨ ਵਿਚ ਸਿਆਣਪ ਸਮਝ ਰਹੇ ਹਨ। ਹਾਲ ਦੀ ਘੜੀ ਉਹ ਸਾਡੇ ਲੋਕਾਂ 'ਤੇ ਹਰ ਤਰ੍ਹਾਂ ਦੀਆਂ ਪਾਬੰਦੀਆਂ ਲਾ ਰਹੇ ਹਨ ਤੇ ਬਰਤਾਨਵੀ ਭਾਰਤੀ ਸਰਕਾਰ ਉਨ੍ਹਾਂ ਨੂੰ ਬਰਤਾਨਵੀ ਸ਼ਹਿਰੀਆਂ ਵਾਲੀਆਂ ਖੁੱਲ੍ਹਾਂ ਦੇ ਰਹੀ ਹੈ ਤੇ ਭਾਰਤੀਆਂ ਨੂੰ ਭੁੱਲ ਕੇ ਵੀ ਸ਼ਹਿਰੀਆਂ ਵਾਲੇ ਹੱਕ ਨਹੀਂ ਦੇਂਦੀ।'

ਰੌਬੀ ਰੀਡ ਲਿਖਦਾ ਹੈ, 'ਭਾਰਤ ਵਿਚ ਆਵਾਸ ਨੂੰ ਵੱਖਰੇ ਹੀ ਵਰਗ ਵਿਚ ਰੱਖਿਆ ਗਿਆ। ਚੀਨੀਆਂ ਨੂੰ ਹੈੱਡ ਟੈਕਸ ਅਦਾ ਕਰ ਕੇ ਕਨੇਡਾ ਵਿਚ ਦਾਖ਼ਲ ਹੋਣ ਦੀ ਆਗਿਆ ਸੀ, ਜਾਪਾਨੀ, ਇਕ ਹੱਦ ਤਾਈਂ ਮੁਫ਼ਤ ਹੀ ਦਾਖ਼ਲ ਹੋ ਜਾਂਦੇ ਸਨ। ਪਰ ਪੂਰਬੀ ਭਾਰਤੀ, ਭਾਵੇਂ ਉਹ ਬਰਤਾਨਵੀ ਪਰਜਾ ਸੀ, ਨੂੰ ਦਾਖ਼ਲ ਹੋਣ ਦੀ ਆਗਿਆ ਨਹੀਂ ਸੀ ਤੇ ਉਸ ਨੂੰ ਰੋਕਣ ਲਈ ਸਰਕਾਰੀ ਫਰਮਾਨ ਜਾਰੀ ਕਰ ਦਿੱਤਾ ਗਿਆ ਸੀ, ਭਾਵੇਂ ਉਹਦੀ ਨਸਲ ਦਾ ਇਸ ਵਿਚ ਵਿਸ਼ੇਸ਼ ਤੌਰ 'ਤੇ ਜ਼ਿਕਰ ਨਹੀਂ ਸੀ ਕੀਤਾ ਗਿਆ। ਬਿਨਾ ਸ਼ੱਕ, ਉਹ ਇਹਨੂੰ ਅਨਿਆਂ ਸਮਝਦਾ ਸੀ। ਸ਼ਾਇਦ ਇਹ ਸੀ ਵੀ ਪਰ ਇਹ ਕਾਨੂੰਨ ਸੀ ਤੇ ਕਾਨੂੰਨ ਕਨੇਡੀਅਨਾਂ ਦੀ ਮੰਗ 'ਤੇ ਹੀ ਬਣਾਇਆ ਗਿਆ ਸੀ।'

ਰੌਬੀ ਰੀਡ, ਜਦੋਂ ਕਨੇਡੀਅਨਾਂ ਦੇ ਆਪਣੇ ਹਿਤਾਂ ਦੀ ਰਾਖੀ ਲਈ ਕੋਈ ਕਾਨੂੰਨ ਬਣਾਉਣ ਦੇ ਹੱਕ ਦੀ ਗੱਲ ਕਰਦਾ ਸੀ ਤਾਂ ਉਹ ਠੀਕ ਹੈ। ਜੇ ਦੂਜੇ ਦੇਸ਼ਾਂ ਤੋਂ ਆਉਣ ਵਾਲੇ ਸਾਰੇ ਪਰਵਾਸੀਆਂ 'ਤੇ ਇਹ ਕਾਨੂੰਨ ਇਕੋ ਤਰ੍ਹਾਂ ਲਾਗੂ ਹੁੰਦਾ ਤਾਂ ਸ਼ਾਇਦ ਇਸ ਦੀ ਹਾਰ ਘੱਟ ਤਿੱਖੀ ਹੁੰਦੀ। ਪਰ ਕਾਨੂੰਨ ਜਪਾਨੀਆਂ ਤੇ ਚੀਨੀਆਂ ਨਾਲ ਰਿਆਇਤ ਕਰਦਾ ਸੀ, ਜੋ ਬਰਤਾਨਵੀ ਪਰਜਾ ਨਹੀਂ ਸਨ ਤੇ ਉਨ੍ਹਾਂ ਦੀ ਪਰਵਾਸ ਦੀ ਸਮੱਸਿਆ ਸੁਲਝ ਗਈ ਸੀ। ਪਰ ਬਰਤਾਨਵੀ ਪਰਜਾ ਦੇ ਪਰਵਾਸ ਦੀ ਸਮੱਸਿਆ ਖਟਾਈ ਵਿਚ ਹੀ ਪਈ ਰਹੀ। ਇਹ ਅਨਿਆਂ ਉਨ੍ਹਾਂ ਦੀ ਸ਼ਿਕਾਇਤ ਦਾ ਕਾਰਨ ਸੀ।

ਰੌਬੀ ਰੀਡ ਇਸ ਗੱਲ 'ਤੇ ਜ਼ੋਰ ਦੇਣਾ ਜਾਰੀ ਰੱਖਦਾ ਹੈ ਕਿ ਪੂਰਬੀ ਭਾਰਤੀਆਂ ਉੱਪਰ, ਨਾਂ ਲੈ ਕੇ, ਬੰਦਿਸ਼ ਨਹੀਂ ਸੀ ਲਾਈ ਗਈ। ਪਰ ਸਲਤਨਤ ਦੇ ਦੂਜੇ ਭਾਗਾਂ ਵਿਚ ਇਵੇਂ ਹੀ ਕੀਤਾ ਗਿਆ ਸੀ ਤੇ ਇਹ ਬੇਚੈਨੀ 'ਤੇ ਉਜਰ ਦਾ ਕਾਰਨ ਬਣ ਗਿਆ ਸੀ। ਅਜਿਹੀ ਤਕਲੀਫ ਤੋਂ ਬਚਣ ਲਈ ਕਨੇਡਾ ਵਿਚ ਜਿਹੜਾ ਕਾਨੂੰਨ ਪਾਸ ਕੀਤਾ ਗਿਆ, ਉਸ ਵਿਚ ਬੜੇ ਧਿਆਨ ਨਾਲ 'ਹਿੰਦੂ', 'ਸਿੱਖ' ਜਾਂ 'ਪੂਰਬੀ ਭਾਰਤੀ' ਜਾਂ ਇਸ ਜਿਹੇ ਹੋਰ ਇਤਰਾਜ਼ਯੋਗ ਜ਼ਿਕਰ ਤੋਂ ਗੁਰੇਜ਼ ਕੀਤਾ ਗਿਆ ਸੀ। ਇਸ ਵਿਚ ਕਿਸੇ ਨਸਲ ਜਾਂ ਕੌਮੀਅਤ ਦੀ ਗੱਲ ਨਹੀਂ ਸੀ ਕੀਤੀ ਗਈ। ਇਸ ਕਾਨੂੰਨ ਨੂੰ ਕੌਂਸਲ ਦੇ ਹੁਕਮਾਂ ਦਾ ਰੂਪ ਦਿੱਤਾ ਗਿਆ ਸੀ, ਜਿਨ੍ਹਾਂ ਵਿਚੋਂ ਦੋ 1910 ਵਿਚ ਪਾਸ ਕੀਤੇ ਗਏ ਸਨ। ਇਨ੍ਹਾਂ ਵਿਚੋਂ ਇਕ ਵਿਚ ਇਹ ਸ਼ਰਤ ਰੱਖੀ ਗਈ ਸੀ ਕਿ ਕਨੇਡਾ ਵਿਚ ਦਾਖ਼ਲੇ ਦੀ ਅਰਜ਼ੀ ਦੇਣ ਵਾਲੇ ਕੋਲ, ਆਉਣ ਵੇਲੇ 200 ਡਾਲਰ ਨਕਦ ਹੋਣੇ ਚਾਹੀਦੇ ਨੇ ਤੇ ਦੂਜਾ ਇਹ ਸੀ ਕਿ ਕਨੇਡਾ ਵਿਚ ਆਉਣ ਵਾਲੇ ਸਾਰੇ ਪਰਵਾਸੀ ਕਨੇਡਾ ਵਿਚ ਸਿੱਧੀ ਯਾਤਰਾ ਕਰ ਕੇ ਆਪਣੇ ਜਨਮ ਜਾਂ ਨਾਗਰਿਕਤਾ ਦੇ ਦੇਸ਼ ਤੋਂ ਸਾਲਮ ਟਿਕਟ ਲੈ ਕੈ ਆਉਣ।'

(ਚਲਦਾ)

A City Limos Ltd.
Ph: 780-462-4940
Toll Free: 1-888-462-4623


Wedding
School Proms
Birthday
City Tours
Airport Service
Edmonton-Calgary
Vancouver
Contact
780-951-7260

e-mail: dhaliwalsd@hotmail.com, www.acitylimousine.com

## ਲੋਕ ਗੀਤਾਂ ਦੇ ਨਾਲ ਨਾਲ

ਲੜੀ ਨੰ: 47

# ਮੂਰਖ਼ ਦੇ ਲੜ ਲਾਈ ਨੀ ਮਾਏ



ਡਾ. ਕਰਮਜੀਤ ਸਿੰਘ
+91-98763-23862
kjskurukshetra@yahoo.com

ਸਾਡੀ ਸਮਾਜਕ ਬਣਤਰ ਅਜਿਹੀ ਹੈ ਕਿ ਸਦੀਆਂ ਤੋਂ ਮਰਦ ਪ੍ਰਧਾਨ ਸਮਾਜ ਆਪਣੀਆਂ ਜੜ੍ਹਾਂ ਮਜ਼ਬੂਤ ਕਰਦਾ ਆ ਰਿਹਾ ਹੈ। ਆਰਥਕ ਦ੍ਰਿਸ਼ਟੀ ਤੋਂ ਦੇਖੀਏ ਤਾਂ ਜਾਇਦਾਦ ਦਾ ਮਾਲਕ ਮਰਦ ਹੈ। ਅਗਾਂਹ ਜਾਇਦਾਦ ਫਿਰ ਪੁੱਤਰਾਂ ਨੂੰ ਜਾਂਦੀ ਹੈ। ਪਰਿਵਾਰ ਦਾ ਵਡੇਰਾ ਫਿਰ ਮਰਦ ਹੈ, ਜਿਸ ਨੇ ਅੰਤਿਮ ਫ਼ੈਸਲੇ ਕਰਨੇ ਹਨ। ਪੰਚਾਇਤ ਮਰਦਾਂ ਦੀ ਜਿਸ ਨੇ ਫ਼ੈਸਲੇ ਕਰਨੇ ਹਨ। ਪੰਚਾਇਤ ਵਿਚ ਔਰਤਾਂ ਨੂੰ ਰਾਖਵੇਂਕਰਨ ਅਧੀਨ ਤਾਂ ਹੁਣੇ ਹੀ ਕੁਝ ਅਧਿਕਾਰ ਮਿਲੇ ਹਨ। ਉਥੇ ਵੀ ਔਰਤ ਦੀ ਥਾਂ ਮਰਦ ਹੀ ਬਹੁਤਾ ਕੰਮ ਨਿਪਟਾਉਂਦਾ ਹੈ। ਗੁਰੂ ਪੀਰ, ਫ਼ਿਲਾਸਫ਼ਰ ਸਭ ਮਰਦ। ਮੀਰਾਂ ਵਰਗੀ ਕੋਈ ਦੀਵਾਨੀ ਅਪਵਾਦ ਹੈ। ਜੇ ਭਿਖਸ਼ੁਣੀਆਂ ਹੈ ਵੀ ਨੇ ਤਾਂ ਉਨ੍ਹਾਂ ਦੀ ਹਿੱਸੇਦਾਰੀ ਨਹੀਂ। ਬੁੱਧ ਧਰਮ ਵਿਚ ਭਿਖਸ਼ੁਣੀਆਂ ਨੂੰ ਬਹੁਤ ਬਾਅਦ ਵਿਚ ਸ਼ਾਮਲ ਕੀਤਾ ਗਿਆ। ਜੈਨ ਧਰਮ ਵਿਚ ਭਿਖਸ਼ੁਣੀਆਂ ਦੀ ਸਥਿਤੀ ਜੋ ਹੈ, ਉਹ ਵੀ ਸਾਡੇ ਸਾਹਮਣੇ ਹੈ। ਸਿੱਖ ਧਰਮ ਵਿਚ ਗੁਰਦੁਆਰਿਆਂ ਵਿਚ ਪੰਜ ਪਿਆਰਿਆਂ ਦਾ ਪ੍ਰਸ਼ਾਦ ਕੱਢਿਆ ਜਾਂਦਾ ਹੈ ਤਾਂ ਔਰਤ ਨੂੰ ਦਿੰਦਿਆਂ ਮੈਂ ਅਜੇ ਤੱਕ ਨਹੀਂ ਦੇਖਿਆ। ਅੰਮ੍ਰਿਤ ਛਕਾਉਣ ਵਾਲਿਆਂ ਪੰਜਾਂ ਵਿਚ ਔਰਤ ਮੈਂ ਨਹੀਂ ਦੇਖੀ। ਹੁਣ ਇਸ ਪੱਖ 'ਤੇ ਚਰਚਾ ਵੀ ਹੋਣ ਲੱਗੀ ਹੈ ਕਿ ਸੁਬਹ ਪਾਲਕੀ ਲਿਆਉਣ ਜਾਂ ਸ਼ਾਮ ਨੂੰ ਲਿਜਾਣ ਸਮੇਂ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਵੀ ਔਰਤ ਨੂੰ ਦੂਰ ਰੱਖਿਆ ਜਾਂਦਾ ਹੈ। ਈਸਾਈ ਮੱਤ ਵਿਚ ਵੈਟੀਕਨ ਵਿਚ ਔਰਤ ਕਿਤੇ ਨਹੀਂ ਦਿਖਾਈ ਦਿੰਦੀ। ਉਹ ਪਾਦਰੀ ਨਹੀਂ ਬਣ ਸਕਦੀ। ਸਿਰਫ਼ ਸਿਸਟਰ ਹੀ ਰਹਿੰਦੀ ਹੈ। ਗੱਲ ਕੀ ਸਮਾਜਕ, ਧਾਰਮਕ, ਆਰਥਕ ਅਤੇ ਰਾਜਨੀਤੀ ਵਿਚ ਮਰਦ ਸਾਰੇ ਅਧਿਕਾਰ ਆਪਣੇ ਹੱਥ ਰੱਖਦਾ ਹੈ। ਹੁਣ ਦੀ ਰਾਜਨੀਤੀ ਵਿਚ ਵੀ ਪਾਰਲੀਮੈਂਟ ਦੀਆਂ 33 ਪ੍ਰਤੀਸ਼ਤ ਸੀਟਾਂ ਰਾਖਵੀਆਂ ਕਰਨ ਦਾ ਵਿਰੋਧ ਮੂਲ ਰੂਪ ਵਿਚ ਮਰਦ ਪ੍ਰਧਾਨਗੀ ਦੇ ਖੁੱਸਣ ਦੇ ਖ਼ਤਰੇ ਕਾਰਨ ਹੈ। ਪਰਦਾ ਹੋਰ ਬਹਾਨਿਆਂ ਦਾ ਪਾਇਆ ਜਾ ਰਿਹਾ ਹੈ।

ਅਜਿਹੇ ਸਮਾਜ ਵਿਚ ਜੋ ਸਭਿਆਚਾਰ ਉਸਰਦਾ ਹੈ, ਉਸ ਵਿਚ ਮਰਦ ਦੀ ਪੂਜਾ ਹੈ। ਔਰਤ ਮਰਦ ਦੀ ਲੰਬੀ ਉਮਰ ਲਈ ਵਰਤ-ਪੂਜਾ ਆਦਿ ਕਰੇਗੀ। ਬੱਚਿਆਂ ਦੀ ਸੁੱਖ ਮੰਗੇਗੀ, ਪਰ ਮੁੰਡੇ ਬਗ਼ੈਰ ਆਪਣੇ ਆਪ ਨੂੰ ਅਧੂਰਾ ਮੰਨੇਗੀ। ਸਦੀਆਂ ਤੋਂ ਮਾਨਸਿਕ ਅਨੁਕੂਲੀਕਰਨ (ਕੰਡੀਸ਼ਨਿੰਗ) ਦਾ ਹੀ ਇਹ ਸਿੱਟਾ ਹੈ। ਘਰਾਂ ਵਿਚ ਮੁੰਡੇ ਨੂੰ ਪਹਿਲ ਮਿਲੇਗੀ। ਉਸ ਨਾਲ ਸਬੰਧਤ ਸਾਰੇ ਤੀਜ ਤਿਓਹਾਰ ਮਨਾਏ ਜਾਣਗੇ ਪਰ ਕੁੜੀ ਤਾਂ 'ਵਿਚਾਰੀ' ਪਰਾਇਆ ਧਨ ਹੋਣ ਕਾਰਨ ਸਿਰਫ਼ ਸੰਭਾਲਣ ਦੀ ਔਖ ਮਹਿਸੂਸ ਕੀਤੀ ਜਾਂਦੀ ਹੈ। 'ਪਰਾਏ ਧਨ' ਦੇ ਨਾਲ ਹੋਰ ਧਨ (ਦਹੇਜ) ਵੀ ਦੇਣਾ ਪੈਂਦਾ ਹੈ। ਔਰਤ ਸਹੁਰਿਆਂ ਦੇ ਵੀ ਵੱਧ ਤੋਂ ਵੱਧ ਮਾਪਿਆਂ ਦਾ ਖਾਂਦੀ ਖਰਚਦੀ ਹੈ। ਉਸ ਕੋਲ ਆਏ ਮਾਂ ਬਾਪ ਆਪਣਾ ਖ਼ਰਚਾ ਬੰਨ੍ਹ ਕੇ ਲਿਆਉਂਦੇ ਹਨ ਜਾਂ ਕਿਸੇ ਹੋਰ ਰੂਪ ਵਿਚ ਧੀ ਨੂੰ ਕੁਝ ਦੇ ਕੇ ਜਾਂਦੇ ਹਨ। ਇੱਥੋਂ ਤੱਕ ਕਿ ਮਰਨ 'ਤੇ ਬਾਲਣ ਦਾ ਖਰਚਾ ਵੀ ਮਾਪੇ ਦਿੰਦੇ ਹਨ। ਇਹ ਤਾਂ ਇਕ ਰੂਪ-ਰੇਖਾ ਹੈ। ਸਮਾਜ ਦਾ ਬੁਣਿਆ ਜਾਲ ਏਨਾ ਸੂਖਮ ਹੈ ਕਿ ਕਈ ਵਾਰ ਤਾਂ ਉਹ ਦਿਖਾਈ ਵੀ ਨਹੀਂ ਦਿੰਦਾ। ਦਾਰਸ਼ਨਿਕ ਪੱਧਰ 'ਤੇ ਔਰਤ ਨੂੰ ਅਧੀਨ ਰੱਖਣ ਦੇ ਸਾਰੇ ਸਾਮਾਨ ਮੌਜੂਦ ਹਨ।

ਇਸ ਤਰ੍ਹਾਂ ਦੇ ਮਾਹੌਲ ਵਿਚ ਫਿਰ ਵੀ ਜੇ ਔਰਤ ਆਪਣੇ ਜਿਊਣ ਲਈ ਰਾਹ ਕੱਢ ਲੈਂਦੀ ਹੈ ਤਾਂ ਇਹ ਉਸ ਦੀ ਹਿੰਮਤ ਹੀ ਕਹੀ ਜਾਵੇਗੀ। ਲੋਕ-ਗੀਤਾਂ ਰਾਹੀਂ ਕਥਾਰਸਿਸ ਕਰ ਕੇ ਉਸ ਨੂੰ ਕਲਾਤਮਕ ਢੰਗ ਰਾਹੀਂ ਜਿਊਣ ਦਾ ਇਕ ਰਾਹ ਕੱਢਿਆ ਹੈ। ਜੋ ਕੁਝ ਉਹ ਸਮਾਜ ਵਿਚ ਨਹੀਂ ਕਰ ਸਕਦੀ, ਉਹੋ ਕੁਝ ਉਹ ਕਈ ਓਹਲਿਆਂ ਰਾਹੀਂ ਲੋਕ-ਗੀਤਾਂ ਵਿਚ ਕਰ ਲੈਂਦੀ ਹੈ। ਜਿਵੇਂ ਉਹ ਮਾਪਿਆਂ ਦੇ ਕਿਸੇ ਵੀ ਤਰ੍ਹਾਂ ਦੇ ਸਹੇੜੇ ਵਰ ਨਾਲ ਰਹਿਣ ਦਾ ਸਮਝੌਤਾ ਕਰ ਲੈਂਦੀ ਹੈ, ਪਰ ਮਨੋਂ ਉਸ ਨੇ ਇਸ ਅਣਜੋੜ ਨੂੰ ਕਦੇ ਵੀ ਸਵੀਕਾਰ ਨਹੀਂ ਕੀਤਾ। ਇਸੇ ਲਈ ਉਸ ਨੇ ਲੋਕ ਗੀਤਾਂ ਵਿਚ ਕਾਲ਼ੇ, ਮੱਧਰੇ, ਅਖਲੀ, ਬੁੱਢੇ, ਲੰਬੇ, ਮੋਟੇ ਆਦਿ ਵਰਾਂ ਦਾ ਮਖ਼ੌਲ ਉਡਾਇਆ ਹੈ। ਉਸ ਦੀ ਅਸਲ ਰੀਝ ਹੈ :

ਸੋਹਣਾ ਕੌਂਤ ਹੋਵੇ ਦਿਲ ਦਾ ਸ਼ੌਕ ਹੋਵੇ,
ਅੰਦਰ ਵੜਿਆ ਤਾਂ ਗੈਸ ਵਾਂਗੂ ਜਗਿਆ ਨੀ ਮਾਏ।

ਮੈਂ ਇੱਥੇ ਜਿਸ ਗੀਤ ਦਾ ਜ਼ਿਕਰ ਕਰ ਰਿਹਾ ਹਾਂ ਉਸ ਵਿਚ ਆਪਣੇ 'ਮੂਰਖ' ਦੀ ਚਤੁਰ ਨਾਲ ਤੁਲਨਾ ਕਰ ਕੇ ਔਰਤ ਨੇ ਜਿੱਥੇ ਆਪਣੇ ਅਣਜੋੜ ਹੋਣ ਦਾ ਝੋਰਾ ਕੀਤਾ ਹੈ, ਉਥੇ ਆਪਣੇ ਲਈ ਚਤੁਰ ਦੀ ਪਰਿਭਾਸ਼ਾ ਵੀ ਨਿਸ਼ਚਿਤ ਕਰ ਦਿੱਤੀ ਹੈ। ਗੀਤ ਦੀ ਸ਼ੁਰੂਆਤ ਵੀ ਪ੍ਰਕਿਰਤੀ ਦੀ ਸੁੰਦਰਤਾ ਤੇ ਔਰਤ ਦੀ ਸਥਿਤੀ ਦੇ ਵਿਰੋਧ ਤੋਂ ਹੁੰਦੀ ਹੈ।

ਚੰਨ ਦੀ ਚਾਨਣੀ, ਨਿਰਮਲ ਤਾਰੇ,
ਨਿਰਮਲ ਤਾਰੇ
ਮਲ਼ ਮਲ਼ ਨ੍ਹਾਉਂਦੇ ਨੀ ਨਦੀਉਂ ਕਿਨਾਰੇ,
ਮੂਰਖ ਦੇ ਲੜ ਲਾਈ ਨੀ ਮਾਏ,
ਰੋਂਦੀ ਨੇ ਜਰਮ ਗੁਆ ਲਿਆ ਏ।

ਕੁਦਰਤ ਦੀ ਸੁੰਦਰਤਾ ਤੇ ਮੂਰਖ ਲੜ ਲੱਗੀ ਔਰਤ ਦਾ ਰੋਂਦੀ ਨੇ ਜਰਮ ਗੁਆਉਂਦਾ, ਅਜਿਹਾ ਵਿਰੋਧਾਭਾਸ ਹੈ, ਜੋ ਔਰਤ ਲਈ ਕਿਤੇ ਵੀ ਖ਼ਤਮ ਨਹੀਂ ਹੁੰਦਾ। ਬਾਰਾਂਮਾਹਿਆਂ ਵਿਚ ਉਹ ਬਿਰਹਣ ਹੋਣ ਕਰ ਕੇ ਕੁਦਰਤ ਦੇ ਆਨੰਦ ਨੂੰ ਨਹੀਂ ਮਾਣ ਸਕਦੀ। ਇਵੇਂ ਹੀ ਦੂਸਰੇ ਕਾਵਿ-ਰੂਪਾਂ ਵਿਚ ਕੋਈ ਨਾ ਕੋਈ ਵਿਰੋਧਾਭਾਸ ਛੁਪਿਆ ਵਿਖਾਈ ਦਿੰਦਾ ਹੈ। ਇਸੇ ਲਈ ਇੱਥੇ ਵੀ 'ਰੋਂਦੀ ਨੇ ਜਰਮ ਗੁਆ ਲਿਆ ਏ' ਦੀ ਹੂਕ ਸਾਰੇ ਗੀਤ ਉੱਪਰ ਛਾਈ ਹੋਈ ਹੈ। ਗਾਉਣ ਸਮੇਂ ਵੀ ਇਹੀ ਪੰਗਤੀ ਲੇਰ ਵਿਚ ਬਦਲਦੀ ਹੈ। ਗੀਤ ਦੀ ਇਹ ਲੈਅ ਵੀ ਮਾਨਸਿਕਤਾ ਦੀ ਸਹੀ ਤਰਜਮਾਨੀ ਕਰਦੀ ਹੈ। ਗੱਲ ਚਤੁਰ ਤੇ ਮੂਰਖ ਦੀ ਤੁਲਨਾ ਦੀ ਕਰੀਏ।

ਚਤਰ ਤਾਂ ਜਾ ਸੁੱਤਾ ਚੜ੍ਹ ਚੁਬਾਰੇ
ਮੂਰਖ ਤਾਂ ਜਾ ਸੁੱਤਾ ਭੇਡਾਂ ਦੇ ਵਾੜੇ
ਮੂਰਖ ਦੇ ਲੜ ਲਾਈ ਨੀ ਮਾਏ, ਲਾਈ ਨੀ ਮਾਏ
ਰੋਂਦੀ ਨੇ ਜਰਮ ਗੁਆ ਲਿਆ ਏ।

ਖੇਤੀ ਪ੍ਰਧਾਨ ਸਮਾਜ ਦੀਆਂ ਗੱਲਾਂ ਹੋ ਰਹੀਆਂ ਹਨ, ਇੱਥੇ ਤੁਲਨਾਵਾਂ ਕਰਨ ਲਈ 'ਡੰਗਰਾਂ' ਨੂੰ ਵਧੇਰੇ ਵਰਤਿਆ ਜਾਂਦਾ ਹੈ। ਸਿਫ਼ਤ ਲਈ ਵੀ ਜਿਵੇਂ 'ਮਹਿ ਜਿੱਡਾ ਜਿਗਰਾ' ਤੇ ਨਿੰਦਿਆ ਲਈ ਵੀ 'ਝੋਟਾ ਜਾਂ ਸਾਨ੍ਹ' ਆਦਿ। ਇੱਥੋਂ ਤੱਕ ਕਿ ਅੱਜ ਵੀ ਬੱਸ ਵਿਚ ਬੈਠਾ ਕੋਈ ਵੀ ਪਿਛਿਉਂ ਬੋਲ ਪਵੇਗਾ। 'ਓਇ ਹੱਕ ਲੈ ਆਪਣੀ...' ਅਚੇਤ ਇਹ ਸਭ ਕੁਝ ਕਿਹਾ ਜਾ ਰਿਹਾ ਹੈ ਤੇ ਅਚੇਤ ਹੀ ਕੱਢੀ ਗਾਲ਼ ਵੀ ਔਰਤ ਨੂੰ ਚਲੀ ਗਈ। ਇਹੀ ਤਾਂ ਹੈ ਮਰਦ ਪ੍ਰਧਾਨ ਸਮਾਜ ਦੀ ਡੂੰਘੀ ਜੜ੍ਹ। ਸਿਆਣੇ ਨੂੰ ਚੁਬਾਰੇ ਆ ਕੇ ਔਰਤ ਕੋਲ ਰਹਿਣਾ ਚਾਹੀਦਾ ਸੀ, ਪਰ ਉਹ ਤਾਂ ਭੇਡਾਂ ਦੇ ਵਾੜੇ ਜਾ ਸੁੱਤਾ ਹੈ। ਅਜਿਹੀ ਸਥਿਤੀ ਵਿਚ ਔਰਤ ਦੇ ਦਰਦ ਨੂੰ ਕੋਈ ਵੀ ਸਮਝ ਸਕਦਾ ਹੈ। ਇੱਥੇ ਦੱਬੀਆਂ ਜਿਣਸੀ ਭਾਵਨਾਵਾਂ ਵੀ ਬੋਲ ਰਹੀਆਂ ਹਨ। ਅਗਾਂਹ ਫਿਰ ਤੁਲਨਾ ਪਸ਼ੂਆਂ ਦੀ ਹੀ ਹੈ।

ਚਤੁਰ ਤਾਂ ਲੈ ਆਇਆ ਮਹੀਆਂ ਦੀ ਜੋੜੀ,
ਮੂਰਖ ਤਾਂ ਲੈ ਆਇਆ ਭੇਡਾਂ ਦੀ ਜੋੜੀ।
ਮੂਰਖ ਨੇ ਲੜ ਲਾਈ ਨੀ ਮਾਏ
ਰੋਂਦੀ ਨੇ ਜਰਮ ਗਵਾ ਲਿਆ ਏ।

ਮਹੀਆਂ, ਦੁੱਧ ਅਤੇ ਘਿਉ ਪੰਜਾਬੀ ਸਭਿਆਚਾਰ ਵਿਚ ਬਹੁਤ ਮੁੱਲਵਾਨ ਹਨ। ਬਾਰ ਦੇ ਢੋਲਿਆਂ ਵਿਚ ਤਾਂ ਇਨ੍ਹਾਂ ਨੂੰ ਹੂਰਾਂ ਪਰੀਆਂ ਕਿਹਾ ਗਿਆ ਹੈ। ਇਨ੍ਹਾਂ ਦੇ ਦੁੱਧ ਨੂੰ ਸ਼ਹਿਦ, ਮਿਸਰੀ ਆਦਿ ਨਾਲ ਤੁਲਨਾ ਦਿੱਤੀ ਗਈ ਹੈ। ਬਾਬਾ ਨਾਨਕ, ਰਾਂਝਾ ਮੱਝੀਆਂ ਚਾਰਦੇ ਹਨ ਤੇ ਧੀ ਦਾਜ ਵਿਚ ਤੇ ਖ਼ੁਸ਼ੀ ਮੌਕੇ ਮਾਪਿਆਂ ਤੋਂ ਮੱਝਾਂ ਦੇਣ ਦੀ ਆਸ ਰੱਖਦੀ ਹੈ। 'ਵੀਰ ਘਰ ਪੁੱਤ ਜੰਮਿਆ, ਬਾਪੂ ਮਹੀਆਂ ਦੇ ਸੰਗਲ ਫੜਾਵੇ।' ਜੇ ਇਕ ਮੱਝੀਆਂ ਲੈ ਕੇ ਆਵੇ ਤੇ ਦੂਸਰਾ ਭੇਡਾਂ ਤਾਂ ਅੰਤਰ ਸਾਫ਼ ਦਿਸ ਆਉਂਦਾ ਹੈ। ਪਹਾੜਾਂ ਵਿਚ ਭਾਵੇਂ ਭੇਡਾਂ ਪਾਲਣਾ ਚੰਗਾ ਕਿੱਤਾ ਹੋ ਸਕਦਾ ਹੈ, ਪਰ ਪੰਜਾਬੀ ਸਭਿਆਚਾਰ ਵਿਚ ਅਜਿਹਾ ਨਹੀਂ ਮੰਨਿਆ ਗਿਆ। 'ਊਠਾਂ 'ਚੋਂ ਭੇਡ ਪਛਾਨਣ' ਦਾ ਅਖਾਣ ਵੀ ਇਹੀ ਸਿੱਧ ਕਰਦਾ ਹੈ। ਇਹ ਸਭ ਕੁਝ ਔਰਤ ਦੀ ਵੇਦਨਾ ਦੇ ਪਿਛੋਕੜ ਵਿਚ ਕੰਮ ਕਰ ਰਿਹਾ ਹੈ। ਪਰ ਗੱਲ ਇੱਥੇ ਹੀ ਖ਼ਤਮ ਨਹੀਂ ਹੁੰਦੀ।

ਚਤੁਰ ਤਾਂ ਜਾ ਸੁੱਤਾ ਸੁਨਿਆਰ ਦੀ ਹੱਟੀ,
ਸੁਨਿਆਰੇ ਦੀ ਹੱਟੀ,
ਮੂਰਖ ਤਾਂ ਜਾ ਸੁੱਤਾ ਲੁਹਾਰਾਂ ਦੀ ਹੱਟੀ,
ਮੂਰਖ ਦੇ ਲੜ ਲਾਈ ਨੀ ਮਾਏ
ਰੋਂਦੀ ਨੇ ਜਰਮ ਗੁਆ ਲਿਆ ਏ।

ਚਤੁਰ ਸੋਨਾ ਲੈਣ ਲਈ ਸੁਨਿਆਰੇ ਦੇ ਕੋਲ ਜਾਂਦਾ ਹੈ, ਪਰ ਮੂਰਖ ਲੁਹਾਰ ਕੋਲ ਜਾ ਸੌਂਦਾ ਹੈ। ਸਰੋਤਾ/ਪਾਠਕ ਇਹ ਸੋਚਦਾ ਹੈ ਕਿ ਸੁਨਿਆਰੇ ਕੋਲੋਂ ਤਾਂ ਗਹਿਣੇ ਘੜਵਾਉਣੇ ਹਨ, ਪਰ ਲੁਹਾਰ ਤੋਂ ਕੀ ਲੈਣਾ ਹੈ। ਇਸ ਦਾ ਖੁਲਾਸਾ ਅਗਲੀਆਂ ਪੰਗਤੀਆਂ ਵਿਚ ਜਾ ਕੇ ਹੁੰਦਾ ਹੈ। ਪਰ ਇੱਥੇ ਮੂਰਖ ਦੀ ਚੋਣ ਉਸ ਦੀ ਭਲੇ ਬੁਰੇ ਦੀ ਪਛਾਣ ਤੇ ਘਾਟੇ ਵਾਧੇ ਦੀ ਸਮਝ ਉੱਪਰ ਵਿਅੰਗ ਤੇ ਪ੍ਰਸ਼ਨ ਚਿੰਨ੍ਹ ਲਾਇਆ ਗਿਆ ਹੈ।

ਕੰਗਣਾਂ ਦੀ ਜੋੜੀ ਮੈਂ ਤੋੜ ਹੰਢਾਈਉ,
ਮੈਂ ਤੋੜ ਹੰਢਾਈਉ,
ਲੋਹੇ ਦੀ ਬੇੜੀ ਮੈਂ ਨਦੀਉ ਬਹਾਈਉ,
ਮੂਰਖ ਦੇ ਲੜ ਲਈ ਨੀ ਮਾਏ,
ਲਾਈ ਨੀ ਮਾਏ
ਰੋਂਦੀ ਨੇ ਜਰਮ ਗੁਆ ਲਿਆ ਏ।

ਸਪਸ਼ਟ ਹੋ ਗਿਆ ਕਿ ਸੁਨਿਆਰੇ ਤੋਂ ਕੰਗਣ ਬਣਵਾਏ ਗਏ ਹਨ ਤੇ ਲੁਹਾਰ ਤੋਂ ਬੇੜੀ। ਜਦੋਂ ਕੰਗਣਾਂ ਨੂੰ ਤੋੜ ਹੰਢਾਉਣ ਦੀ ਗੱਲ ਹੁੰਦੀ ਹੈ ਤੇ ਲੋਹੇ ਦੀ ਬੇੜੀ ਨੂੰ ਨਦੀ ਵਿਚ ਰੋੜ੍ਹਨ ਦੀ ਤਾਂ ਇਉਂ ਲੱਗਦਾ ਹੈ ਕਿ ਪਤਨੀ ਦੇ ਦੋ ਪਤੀ ਹਨ, ਪਰ ਇਹ ਧੁਨੀ ਹੋਰ ਗੀਤ ਵਿਚੋਂ ਗਾਇਬ ਹੈ, ਇਸ ਲਈ ਇੱਥੇ ਅਸੀਂ ਇਸ ਨੂੰ ਵਧੇਰੇ ਤੂਲ ਨਹੀਂ ਦਿਆਂਗੇ। ਔਰਤ ਦਾ ਮਕਸਦ ਆਪਣੀ ਇੱਛਾ ਦਾ ਇਜ਼ਹਾਰ ਹੀ ਹੈ। ਹੁਣ ਗੀਤ ਨਵਾਂ ਰੂਪ ਗ੍ਰਹਿਣ ਕਰਨ ਜਾ ਰਿਹਾ ਹੈ। ਅਜਿਹੇ ਮੂਰਖ ਤੋਂ ਛੁਟਕਾਰਾ ਪਾਉਣ ਦੀ ਇੱਛਾ ਪੈਦਾ ਹੁੰਦੀ ਹੈ। ਜਿਸ ਬਾਰੇ ਸੋਚਿਆ ਵੀ ਜਾਣ ਲੱਗਾ ਹੈ।

ਰੋਂਦੀ ਤਾਂ ਰੋਂਦੀ ਅੰਮਾ ਦੇ ਗਈਉ,
ਮੈਂ ਅੰਮਾਂ ਦੇ ਗਈਉ,
ਅੰਮਾਂ ਤਾਂ ਮੇਰੀ ਨੇ ਬੁੱਧ ਦੁੜਾਈਉ,
ਜ਼ਹਿਰ ਦੀ ਗੰਦਲ ਖਾ ਨੀ ਧੀਏ,
ਮਾਪਿਆਂ ਮੂਲ ਨਾ ਦੱਸੀਏ।

ਮਾਂ ਨੂੰ ਸਾਰੀ ਬੀਤੀ ਦੱਸਣ ਦਾ ਨਤੀਜਾ ਇਹ ਨਿਕਲਿਆ ਕਿ ਉਸ ਨੇ 'ਬੁੱਧ ਦੁੜਾਈ' ਤੇ ਸਲਾਹ ਇਹ ਦਿੱਤੀ ਕਿ ਜ਼ਹਿਰ ਖਾ ਕੇ ਮਰ ਜਾ ਪਰ ਇਹ ਗੱਲਾਂ ਮਾਪਿਆਂ ਨੂੰ ਨਹੀਂ ਦੱਸਣੀਆਂ ਚਾਹੀਦੀਆਂ। ਮਾਂ ਦਾ 'ਬੁੱਧ ਵਿਵੇਕ' ਵਿਹਾਰੀ ਹੈ ਜੋ ਸ਼ੁਰੂ ਵਿਚ ਦੱਸੇ ਸਮਾਜ ਤੋਂ ਉਸਰਿਆ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ ਸਹੁਰਿਆਂ ਘਰੋਂ ਔਰਤ ਦੀ ਅਰਥੀ ਹੀ ਜਾਣੀ ਚਾਹੀਦੀ ਹੈ। ਔਰਤ ਲਈ ਸਮਾਜ ਵਿਚ ਲੁਕਣ ਲਈ ਕੋਈ ਥਾਂ ਹੀ ਬਾਕੀ ਨਹੀਂ ਰਹਿ ਜਾਂਦੀ। ਇਸ ਸਥਿਤੀ ਵਿਚ ਜਾਂ ਉਹ ਸਹੇਗੀ ਜਾਂ ਮਰੇਗੀ। ਇਹ ਹੈ ਸਾਡੇ ਸਮਾਜ ਦਾ ਤਰਕ। ਇਸ ਤੋਂ ਬਾਅਦ ਧੀ ਜਿੱਥੇ ਵੀ ਜਾਵੇਗੀ ਉਸ ਨੂੰ ਇਹੀ ਜਵਾਬ ਮਿਲੇਗਾ। ਇੱਥੇ ਕੁੜੀ ਨੇ ਮਾਂ ਤੋਂ ਬਾਅਦ ਭੈਣ ਨਾਲ ਗੱਲ ਕੀਤੀ ਹੈ। ਦੋਨੋਂ ਔਰਤਾਂ ਨਾਲ। ਜੇ ਔਰਤਾਂ ਉਸ ਦਾ ਪੱਖ ਨਹੀਂ ਪੂਰਦੀਆਂ ਤਾਂ ਹੋਰ ਮਰਦਾਂ ਤੋਂ ਤਾਂ ਆਸ ਹੀ ਕੀ ਰੱਖੀ ਜਾ ਸਕਦੀ ਹੈ। ਇਸੇ ਲਈ ਗੀਤ ਇੱਥੇ ਆ ਕੇ ਸਮਾਪਤ ਹੋ ਜਾਂਦਾ ਹੈ।

ਜਾਂਦੀ ਤਾਂ ਜਾਂਦੀ ਮੈਂ ਭੈਣਾ ਦੇ ਗਈਉ,
ਭੈਣਾਂ ਦੇ ਗਈਉ,
ਭੈਣਾਂ ਤਾਂ ਮੇਰੀ ਨੇ ਅਕਲ ਦੁੜਾਈਉ,
ਦੁੱਖ ਤਾਂ ਭੋਰੇ ਕੱਟੀਏ ਨੀ ਭੈਣੇ, ਕੱਟੀਏ ਨੀ ਭੈਣੇ
ਮਾਪਿਆਂ ਮੂਲ ਨਾ ਦੱਸੀਏ।

ਮਾਂ ਨੇ ਕਿਹਾ ਸੀ ਕਿ ਜ਼ਹਿਰ ਖਾ ਲੈ, ਭੈਣ ਨੇ ਕਿਹਾ ਦੁੱਖ ਭੋਰੇ ਵਿਚ ਵੀ ਕੱਟ ਲਈਏ। ਇਹ ਸਮਾਜ ਦੇ ਦੋਨੋਂ ਪਾਤਰ ਵੀ ਤਾਂ ਇਹੀ ਕੁਝ ਕਰ ਰਹੇ ਹਨ, ਇਹੀ ਸਲਾਹ ਉਹ ਇਸ ਗੀਤ ਦੀ ਨਾਇਕਾ ਨੂੰ ਦਿੰਦੇ ਹਨ। ਪਰ ਫਿਰ ਵੀ ਨਾਇਕਾ ਚੇਤੰਨ ਤਾਂ ਹੈ ਆਪਣੀ ਹੋਣੀ ਪ੍ਰਤੀ। ਇਹੀ ਇਸ ਗੀਤ ਦੀ ਸਾਰਥਕਤਾ ਹੈ।

ਕੀ ਉਪਰ ਦੱਸੇ ਮਰਦ ਪ੍ਰਧਾਨ ਸਮਾਜ ਦੇ ਜਕੜਬੰਦਾਂ ਵਿਚ ਕੋਈ ਕਸਾਅ ਨਹੀਂ ਘਟਿਆ। ਮੇਰਾ ਅਜਿਹਾ ਕਹਿਣ ਦਾ ਮਤਲਬ ਕਿਤੇ ਨਹੀਂ ਪਰ ਜਿਸ ਪਿਛੋਕੜ (ਜਾਗੀਰਦਾਰੀ ਦੇ ਪਿਛੋਕੜ ਵਿਚ) ਇਹ ਗੀਤ ਸਿਰਜਿਆ ਗਿਆ ਹੈ ਮੈਂ ਗੀਤ ਨੂੰ ਉਸੇ ਸੰਦਰਭ ਵਿਚ ਦੇਖਣ ਦਾ ਯਤਨ ਕੀਤਾ ਹੈ। ਪਾਠਕ ਵੀ ਮੇਰੇ ਨਾਲ ਜ਼ਰੂਰ ਸਹਿਮਤ ਹੋਣਗੇ।

***

GILL HOME INSPECTION LTD.
COMMERCIAL & RESIDENTIAL
Registered Home Inspector Kulvir Gill
ਗਰੇਟਰ ਟਰਾਂਟੋ ਵਿੱਚ ਘਰਾਂ ਦੀ
ਇਨਸਪੈਕਸ਼ਨ ਲਈ ਫੋਨ ਕਰੋ
HELPING YOU
TO MAKE INFORMED DECISIONS
GHI
Ontario Association of Certified Home Inspectors
OAHI
Cell: 416 839 3436 ▲ Ph: 905 479 5807

# ਦਿਲ ਦੀਆਂ ਡੂੰਘਾਈਆਂ ਦਾ ਸ਼ਾਇਰ ਸਤਪਾਲ ਚਹਿਲ

ਸੁਲੱਖਣ ਸਰਹੱਦੀ
+91-94174-84337
sarhadisulkhan@yahoo.com



ਪੰਜਾਬੀ ਗ਼ਜ਼ਲ ਦੀ ਲਮੇਰੀ ਉਮਰ ਦੀ ਜਾਮਨੀ ਨਵੇਂ ਭਾਵ-ਬੋਧ ਦੇ ਤਾਜ਼ਾ ਖ਼ੂਨ ਦੀ ਪ੍ਰਾਪਤੀ ਹੈ। ਗ਼ਜ਼ਲ ਨੂੰ ਜੇਕਰ ਅੱਜ ਨਵੇਂ ਅਰਥ ਅਤੇ ਨਵੇਂ ਆਯਾਮ ਪ੍ਰਾਪਤ ਹੋਏ ਹਨ ਤਾਂ ਉਹ ਪੁਰ ਅਹਿਸਾਸ ਤੇ ਸੰਵੇਦਨਾ ਭਰਪੂਰ ਨੌਜਵਾਨ ਸ਼ਾਇਰਾਂ ਦਾ ਗ਼ਜ਼ਲ ਸਿਰਜਣ ਮੋਹ ਕਾਰਨ ਹਨ। ਅੱਜ ਸੈਂਕੜੇ ਐਸੇ ਨੌਜਵਾਨ ਸ਼ਿਅਰਕਾਰੀ ਦੀ ਸਿਰਜਣਾ ਨੂੰ ਆਪਣਾ ਸਨਮਾਨ ਸਮਝਦੇ ਹਨ, ਜਿਨ੍ਹਾਂ ਨੇ ਅਕਾਦਮਿਕ ਖੇਤਰ ਵਿਚ ਵੱਡੀਆਂ ਪ੍ਰਾਪਤੀਆਂ ਕੀਤੀਆਂ। ਉਨ੍ਹਾਂ ਨੇ ਪਹਿਲਾਂ ਗ਼ਜ਼ਲ ਦਾ ਨਿੱਠ ਕੇ ਅਧਿਐਨ ਕੀਤਾ ਅਤੇ ਇਸ ਨੂੰ ਜ਼ਿਹਨਸ਼ੀਲ ਬਣਾਇਆ ਤੇ ਮਗਰੋਂ ਉਸ ਵਿਚ ਆਪਣਾ ਬੇਸ਼ ਕੀਮਤੀ ਅਨੁਭਵ ਢਾਲ ਕੇ ਨਵੇਂ ਤੇ ਅਛੂਤਾ ਸ਼ਿਅਰ ਕਹੇ। ਸਤਪਾਲ ਚਹਿਲ ਵੀ ਐਸੇ ਹੀ 'ਪੜ੍ਹੇ ਲਿਖੇ' ਨੌਜਵਾਨਾਂ ਵਿਚੋਂ ਇਕ ਹੈ, ਜਿਸ ਨੇ ਪੰਜਾਬੀ ਯੂਨੀਵਰਸਿਟੀ ਤੋਂ ਉਚੇਰੀ ਸਿੱਖਿਆ ਪ੍ਰਾਪਤੀ ਦਾ ਮਾਣ ਹਾਸਲ ਕੀਤਾ ਅਤੇ ਲਿੰਗੁਇਸਟਿਕ ਵਰਗੇ ਬਹੁਦਿਸ਼ਾਵੀ ਵਿਸ਼ੇ ਵਿਚ ਕਾਰਜਸ਼ੀਲਤਾ ਹਾਸਲ



ਸਤਪਾਲ ਚਹਿਲ
+91-9876990536

ਕਰਨ ਦੇ ਨਾਲ-ਨਾਲ ਗ਼ਜ਼ਲ ਵਿਚ ਪੁਖ਼ਤਗੀ ਅਤੇ ਸੰਜਮਸ਼ੀਲਤਾ ਹਾਸਿਲ ਕੀਤੀ। ਇਕ ਜੀਵਨ ਸੰਜਮ ਉਸਦੇ ਵਿਵਹਾਰ ਵਿਚੋਂ ਸਪਸ਼ਟ ਝਲਕਦਾ ਹੈ। ਇਹੋ ਕਾਰਨ ਹੈ ਕਿ

ਸਤਪਾਲ ਚਹਿਲ ਨੇ ਛਪਣ ਦੀ ਕਾਹਲ ਨਹੀਂ ਕੀਤੀ, ਸਗੋਂ ਛਪਣ ਦੀ ਥਾਂ ਛੁਪ ਕੇ ਅਧਿਐਨ ਕਰਨ ਵਿਚ ਨਿਰੰਤਰ ਕਾਰਜਸ਼ੀਲ ਰਿਹਾ। ਉਸ ਨੇ ਆਪਣੇ ਗ਼ਜ਼ਲ ਉਸਤਾਦ ਦੇ ਰੂ-ਬ-ਰੂ ਹੋ ਕੇ ਗ਼ਜ਼ਲ ਦੇ ਵਿਧਾਨ ਬਾਰੇ ਚੌਤਰਫੀ ਗਿਆਨ ਹਾਸਲ ਕੀਤਾ। ਚਹਿਲ ਦੀ ਸ਼ਿਅਰਕਾਰੀ ਸੂਫ਼ੀਆਨਾ, ਰਿੰਦਾਨਾ ਅਤੇ ਆਸ਼ਿਕਾਨਾ ਰੰਗਾਂ ਵਿਚ ਨਹਾਉਂਦੀ ਹੋਈ ਸਮਕਾਲੀਨ ਸਮਾਜਕ, ਰਾਜਨੀਤਕ, ਆਰਥਕ ਅਤੇ ਸਭਿਆਚਾਰਕ ਪ੍ਰਸਥਿਤੀਆਂ ਦੇ ਹਾਵਾ ਭਾਵਾਂ ਵਿਚ ਵਿਚਰਨਾ ਪਸੰਦ ਕਰਦੀ ਹੈ। ਉਸ ਵਿਚ ਵਿਅੰਗ ਐਨਾ ਸੰਜੀਦਾ ਹੁੰਦਾ ਹੈ ਕਿ ਕਈ ਵੇਰ ਵਿਅੰਗ ਦੀ ਪੇਸ਼ਕਾਰੀ ਅਰਥਾਂ ਵਿਚ ਬੇਚੈਨੀ ਵੀ ਪੈਦਾ ਕਰ ਦਿੰਦੀ ਹੈ। ਅਜੋਕੇ ਸੁਲਘਦੇ ਅਤੇ ਦਹਿਕਦੇ ਮਾਹੌਲ ਵਿਚ ਚਹਿਲ ਦੀ ਚੇਤਨਤਾ ਠਠੰਬਰਦੀ ਨਹੀਂ ਸਗੋਂ ਚਿੰਤਤ ਜ਼ਰੂਰ ਹੁੰਦੀ ਹੈ।

ਜਦੋਂ ਚੌਤਰਫ਼ੀ ਅਣਕਿਆਸੀ ਵਿਡੰਬਨਾ ਭਰਪੂਰ ਵਿਸੰਗਤੀ ਅਟਹਾਸ ਕਰਦੀ ਹੈ ਤਾਂ ਚਹਿਲ ਕਈ ਵੇਰ ਐਸੇ ਨਫ਼ਰਤੀ ਵਾਤਾਵਰਣ ਵਿਚ ਗੀਤਾਤਮਕਤਾ ਦੀ ਸਹਿਲ ਖ਼ੁਸ਼ਬੂ ਵੀ ਖਿਲਾਰਦਾ ਹੈ ਤਦੋਂ ਕਿਸੇ ਹੁਸੀਨ ਦੀਆਂ ਜ਼ੁਲਫ਼ਾਂ ਦੀ ਮਹਿਕ ਯੂਨੀਵਰਸਿਟੀ ਦੇ ਮਹਿਕਦੇ ਮੌਲਮੀਨ ਰੋਜ਼ਵੁੱਡ ਰੁੱਖਾਂ ਨਾਲ ਇਕ-ਮਿਕ ਵੀ ਹੋ ਜਾਂਦੀ ਹੈ ਪਰ ਦਰ ਹਕੀਕਤ ਉਹ ਇਕ ਤਰ੍ਹਾਂ ਆਪਣੇ ਅਧਿਕਾਰਾਂ ਉੱਤੋਂ ਵੀ ਛਾਪਾ ਮਾਰ ਰਿਹਾ ਹੁੰਦਾ ਹੈ। ਇਸੇ ਲਈ ਉਹ ਆਪਣੇ ਸ਼ਿਅਰਾਂ ਵਿਚ ਮਾਨਵੀਕਰਨ ਨੂੰ ਕੇਂਦਰੀ ਹੱਬ ਬਣਾ ਕੇ ਸ਼ਿਅਰ ਸਿਰਜਣਾ ਕਰਦਾ ਹੈ। ਅਸਲ ਵਿਚ ਸਤਪਾਲ ਚਹਿਲ 'ਸਤ' ਨੂੰ 'ਪਾਲਦਾ' ਗ਼ਜ਼ਲ ਦੇ ਪੰਧ 'ਤੇ ਚਹਿਲ ਕਦਮੀ ਨਾਲ ਆਪਣੀ ਮਨਮੌਜੀ ਚਾਲ ਵਿਚ ਗੁਣਗੁਣਾਉਂਦਾ ਕੁਦਰਤ ਨੂੰ ਗਲਵੱਕੜੀ ਪਾਉਂਦਾ, ਮਹਿਲਾਂ ਦੀ ਥਾਂ ਢਾਰਿਆਂ ਦਾ ਮੁੱਦਈ ਬਣਦਾ ਹੈ। ਮੈਨੂੰ ਇਹ ਵੀ ਮਾਣ ਹੈ ਕਿ ਉਹ ਮੈਨੂੰ ਆਪਣਾ ਗ਼ਜ਼ਲ ਉਸਤਾਦ ਮੰਨਦਾ ਹੈ। ਉਮੀਦ ਹੈ ਕਿ ਉਹ ਆਉਂਦੇ ਸਮੇਂ ਵਿਚ ਇਕ ਸਫ਼ਲ ਸ਼ਾਇਰ ਹੋਵੇਗਾ। ਆਉ ਉਸ ਦੇ ਕੁਝ ਸ਼ਿਅਰ ਮਾਣਦੇ ਹਾਂ।

## ਭੁਲੇਖੇ

ਜਦੋਂ ਪਾਏ ਸਾਨੂੰ ਨਿਗ੍ਹਾਵਾਂ ਭੁਲੇਖੇ ,
ਬੜੇ ਜ਼ਖ਼ਮ ਖਾਧੇ ਵਫ਼ਾਵਾਂ ਭੁਲੇਖੇ।

ਉਹ ਡੈਣਾਂ ਸੀ ਸਿਰ ਹੀ ਲੈ ਗਈਆਂ ਉਡਾ ਕੇ ,
ਅਸੀਂ ਸਿਰ ਝੁਕਾਏ ਸੀ ਮਾਵਾਂ ਭੁਲੇਖੇ।

ਖੁਭੇ ਤੀਰ ਬਣ ਬੋਲ ਤੇਰੇ ਵਿਅੰਗ ਦੇ ,
ਜੋ ਮੈਂ ਸੁਣ ਲਏ ਸੀ ਦੁਆਵਾਂ ਭੁਲੇਖੇ।

ਸਫ਼ਰ ਜ਼ਿੰਦਗੀ ਦਾ ਇਵੇਂ ਲੰਘਿਆ ਏ ,
ਬਹਾਰਾਂ ਲੰਘੀਆਂ ਖ਼ਿਜ਼ਾਵਾਂ ਭੁਲੇਖੇ।

ਸੀ ਧੁੱਪਾਂ ਹੀ ਧੁੱਪਾਂ ਤੇ ਬਿਖੜਾ ਸੀ ਪੈਂਡਾ ,
ਤੁਰੇ ਜਿਸ ਡਗਰ ਤੇ ਸੀ ਛਾਵਾਂ ਭੁਲੇਖੇ।

ਉਡੀਕਾਂ 'ਚ ਬੇਰਹਿਮ ਦਿਲਬਰ ਦੀ ਖ਼ਾਤਿਰ ,
ਸਜਾਉਂਦੇ ਰਹੇ ਘਰ ਨੂੰ ਕਾਵਾਂ ਭੁਲੇਖੇ।

ਗਵਾ ਲਈ ਮੈਂ ਮੰਜ਼ਿਲ ਹੀ ਜੀਵਨ ਦੀ ਯਾਰੋ,
ਅਵਾਰਾ ਅਵਾਰਾ ਇਛਾਵਾਂ ਭੁਲੇਖੇ।

ਤੂੰ ਸਤਪਾਲ ਕੀ ਖੱਟਿਆ ਬੰਦਗੀ 'ਚੋਂ ,
ਖ਼ੁਦੀ ਵੀ ਗਵਾਈ ਖ਼ੁਦਾਵਾਂ ਭੁਲੇਖੇ।

## ਜੇ ਮੈਂ ਤਾਰਾ ਨਹੀਂ ਹਾਂ...

ਜੇ ਮੈਂ ਤਾਰਾ ਨਹੀਂ ਹਾਂ ਕਿਸੇ ਅੱਖ ਦਾ,
ਕੁੱਝ ਦਿਲਾਂ ਿਚ ਤਾਂ ਜੁਗਨੂੰ ਜਿਹੀ ਯਾਦ ਹਾਂ।
ਜ਼ਖ਼ਮ ਆਬਾਦ ਨੇ ਮੇਰੇ ਸੀਨੇ ਦੇ ਿਚ,
ਲੋਕੀਂ ਕਹਿੰਦੇ ਨੇ ਐਵੇਂ ਕਿ ਬਰਬਾਦ ਹਾਂ।

ਜ਼ਿੰਦਗੀ ਤੇਰੀ ਦੀ ਧਰਤ ਦੇ ਵਾਸਤੇ ,
ਵਾਂਗ ਸੂਰਜ ਦੇ ਜਲਣਾ ਵੀ ਮਨਜ਼ੂਰ ਹੈ।
ਮੇਰਾ ਜਲਣਾ ਤੇਰੀ ਹੋਂਦ ਜੇਕਰ ਬਣੇ ,
ਮੈਂ ਤਾ ਏਨੇ ਹੀ ਯਾਰ ਦਿਲਸ਼ਾਦ ਹਾਂ।

ਬੀਜ ਸੁਪਨੇ ਤੇ ਰੀਝਾਂ ਦੇ ਉਗਣ ਸਦਾ,
ਫਲ ਖੁਸ਼ੀ ਤੇ ਸਫਲਤਾ ਦੇ ਲੱਗਣ ਸਦਾ ,
ਤੇਰੇ ਵੱਲੋਂ ਜੇ ਆਵੇਗੀ ਠੰਡੀ ਹਵਾ ,
ਤਪਸ਼ ਦੀ ਕੈਦ 'ਚੋਂ ਫਿਰ ਮੈਂ ਵੀ ਆਜ਼ਾਦ ਹਾਂ।

ਇਹ ਸ਼ਰਾਫਤ ਨੂੰ ਸਮਝੀਂ ਨਾ ਤੂੰ ਬੁਜ਼ਦਿਲੀ ,
ਇਹ ਤਾਂ ਧਰਤੀ ਹੈ ਜਿਸ ਿਚ ਛੁਪੇ ਜ਼ਲਜਲੇ,
ਹੱਦ ਜੇਕਰ ਵਧੇਗੀ ਤੇਰੇ ਜ਼ੁਲਮ ਦੀ ,
ਇਹ ਸ਼ਰਾਫਤ ਤੋਂ ਫਿਰ ਮੈਂ ਵੀ ਆਜ਼ਾਦ ਹਾਂ।

ਸਾਥੀ ਮੇਰੇ ਸੀ ਰਾਹਵਾਂ 'ਚ ਹੀ ਥੱਕ ਗਏ,
ਲੰਮਿਆਂ ਪੈਂਡਿਆਂ ਕਰਕੇ ਉਹ ਅੱਕ ਗਏ,
ਉਹ ਕਹਿੰਦੇ ਨੇ ਹੁਣ ਮੇਰੇ ਬਾਰੇ 'ਚ ਇਉਂ
ਕਿ ਮੈਂ ਪਾਗਲ ਜਾਂ ਜ਼ਿੱਦੀ ਜਾਂ ਫ਼ਰਿਹਾਦ ਹਾਂ।

ਖੰਡਰਾਂ 'ਚੋਂ ਹਵਾ ਸ਼ੂਕਦੀ ਲੰਘ ਗਈ ,
ਯਾਦ ਸਤਪਾਲ ਨੂੰ ਸੂਲ ਤੇ ਟੰਗ ਗਈ ,
ਇਕ ਸਮੁੰਦਰ ਸੀ ਅੰਦਰ ਉਹਦੇ ਖੌਲਿਆ ,
ਬਣਕੇ ਹੰਝੂ ਕਿਹਾ ਮੈਂ ਖ਼ੁਦਾਦਾਦ ਹਾਂ।

## ਰੱਬ ਕਾਹਦਾ ਮਰ ਗਿਆ

ਰੱਬ ਕਾਹਦਾ ਮਰ ਗਿਆ,
ਬੰਦੇ ਥੋਥੇ ਕਰ ਗਿਆ।

ਮੁੱਦਤ ਪਿੱਛੋਂ ਘਰ ਗਿਆ,
ਸਾਰਾ ਟੱਬਰ ਡਰ ਗਿਆ।

ਉਹ ਹੀ ਚਹੁੰਦੈ ਜਿੱਤਣਾ,
ਜਿਹੜਾ ਖ਼ੁਦ ਤੋਂ ਹਰ ਗਿਆ।

ਮੈਂ ਮਨੁੱਖਾਂ ਿਚ ਜਨਮਿਆ,
ਲੱਜਾ ਨਾਲ ਮੈਂ ਮਰ ਗਿਆ।

ਭਾਂਬੜ ਮੱਚਦੇ ਤਕ ਕੇ,
ਬੰਦਾ ਹੈ ਕਿ ਠਰ ਗਿਆ!

## ਮੈਂ ਘੁਮੰਡੀ ਗਿਆਨ ਕਰਕੇ...

ਜਾਇਦਾਦਾਂ ਅਹੁਦਿਆਂ ਦਾ ਬੋਝ ਲਾਹ ਕੇ ਮਿਲਿਆ ਕਰ।
ਜ਼ਿੰਦਗੀ ਹਾਂ ਮੈਨੂੰ ਤੂੰ ਖ਼ੁਦ ਨੂੰ ਭੁਲਾ ਕੇ ਮਿਲਿਆ ਕਰ।

ਲੋਕ, ਨਜ਼ਰਾਂ, ਡਰ, ਘੁਟਣ ਦੇ ਭਾਰ ਕੀ-ਕੀ ਨਾਲ ਸਨ,
ਖਿੜਖਿੜਾਕੇ ਹਸਦਿਆਂ ਤੂੰ ਕੱਲੀ ਆ ਕੇ ਮਿਲਿਆ ਕਰ।

ਮੈਂ ਘੁਮੰਡੀ ਗਿਆਨ ਕਰਕੇ ਤੈਨੂੰ ਹਉਮੈਂ ਰੂਪ ਦੀ,
ਬੇਦਲੀਲਾ ਮੈਂ ਵੀ ਹੁਣ ਤੂੰ ਰੂਪ ਲਾਹ ਕੇ ਮਿਲਿਆ ਕਰ।

ਤੇਰੇ ਹਾਸੇ ਖੋਹਣ ਦਾ ਇਲਜ਼ਾਮ ਮੜ੍ਹਦੈ ਮੇਰੇ ਸਿਰ,
ਸ਼ੀਸ਼ਾ ਮੈਨੂੰ ਆਖਦੈ ਨਜ਼ਰਾਂ ਝੁਕਾ ਕੇ ਮਿਲਿਆ ਕਰ।

ਜ਼ਿੰਦਗੀ ਮੇਰੇ ਦੋਸਤਾ ਇਕ ਪਰਸਪਰ ਕਿਰਿਆ ਹੀ ਹੈ,
ਮਿਲ ਗਿਆ ਹਾਂ ਮੈਂ ਵੀ ਆ ਕੇ ਤੂੰ ਵੀ ਆ ਕੇ ਮਿਲਿਆ ਕਰ।

ਤੇਰੇ ਹਰ ਜਜ਼ਬੇ ਤੋਂ ਮੇਰੇ ਤਰਕ ਜਦ ਹਰਦੇ ਰਹੇ,
ਅਕਲ ਮੈਨੂੰ ਆਖਿਆ, "ਮੈਨੂੰ ਸੁਆ ਕੇ ਮਿਲਿਆ ਕਰ।"

## ਦੀਵੇ ਬੁਝਦੇ ਜਾਂਦੇ ਨੇ...

ਕਾਲੀ ਰਾਤ ਤੁਫ਼ਾਨੀ ਨੇਰ੍ਹਾ, ਦੀਵੇ ਬੁਝਦੇ ਜਾਂਦੇ ਨੇ ,
ਐਸੀ ਰਾਤ ਨੂੰ ਜੁਗਨੂੰ ਕੀ ਭਾਂਬੜ ਵੀ ਨਿਗਲੇ ਜਾਂਦੇ ਨੇ।

ਮੰਡੀ ਕਲਚਰ ਦਾ ਜਾਦੂ ਹੈ, ਜਿਣਸ ਬਣੇ ਹਾਂ ਮੈਂ ਤੂੰ ਉਹ,
ਕੰਜਕਾਂ ਵਰਗੇ ਧੀਆਂ ਵਰਗੇ, ਰਿਸ਼ਤੇ ਉਧਲੇ ਜਾਂਦੇ ਨੇ।

ਅੰਨ੍ਹੀ ਰਈਅਤ ਗਿਆਨ ਵਿਹੂਣੀ, ਅੰਨ੍ਹੀ ਸ਼ਰਧਾ ਪਾਪ ਜਿਹੀ,
ਧਰਮ ਦਾ ਕਾਰੋਬਾਰ ਚਲੇ ਹੈ, ਸੌਦੇ ਨਿਘਰੇ ਜਾਂਦੇ ਨੇ।

ਮਾਪੇ ਰੋਂਦੇ ਮਾਰ ਦੁਹੱਥੜਾ, ਪੁੱਤ ਧੀਆਂ ਨੇ ਬੇਰੁਜ਼ਗਾਰ ,
ਬਣਨਾ ਸੀ ਜਿਨ੍ਹਾਂ ਡੰਗੋਰੀ, ਡਾਂਗਾਂ ਬਣਦੇ ਜਾਂਦੇ ਨੇ।

ਸਨਮਾਨਾਂ ਦੀ ਮੰਡੀ ਅੰਦਰ, ਸਾਹਿਤਕਾਰ ਵਿਕਾਊ ਹਨ,
ਗੁਰੂ ਜਿਨ੍ਹਾਂ ਸੀ ਦੀਕਸ਼ਾ ਦੇਣੀ, ਫ਼ਰਜ਼ੋਂ ਖੁੰਝੇ ਜਾਂਦੇ ਨੇ।

ਆਲ੍ਹਣਾ ਸੀ ਜੋ ਇਕ ਬਣਾਇਆ, ਸਾਂਝੇ ਤੀਲੇ ਚੁਣ ਆਪਾਂ,
ਝੁੱਲੇ ਝੱਖੜ ਖ਼ੁਦਗਰਜ਼ੀ ਦੇ, ਤੀਲੇ ਬਿਖਰੇ ਜਾਂਦੇ ਨੇ।

ਕੁੜੀਆਂ ਜੰਮਣਾ ਪਾਪ ਬਣਾਇਆ, ਚੰਦਰਿਆਂ ਇਹ ਲੋਕਾਂ ਨੇ,
ਏਨੇ ਸੋਹਣੇ ਫੁੱਲ ਕਾਦਰ ਦੇ, ਕਾਹਤੋਂ ਕੁਚਲੇ ਜਾਂਦੇ ਨੇ।

ਭਾਰਤ ਰਤਨ ਹੈ ਮਿਲਦਾ ਜਿੱਥੇ, ਮਾਹਿਰ ਪੰਡਿਤ ਲੋਕਾਂ ਨੂੰ,
ਉੱਥੇ ਰਾਵਣ ਵਿਦਵਾਨਾਂ ਦੇ, ਸਾੜੇ ਪੁਤਲੇ ਜਾਂਦੇ ਨੇ।

ਸੂਖ਼ਮ ਸੂਖ਼ਮ ਜਜ਼ਬੇ ਰੱਖੀਂ, ਤੇ ਚਾਨਣ ਰੰਗੀ ਸੋਚ,
ਸਤਪਾਲ ਨਾ ਉਹ ਸ਼ਿਅਰ ਕਹੀਂ, ਜੋ ਤਰਕੋਂ ਫਿਸਲੇ ਜਾਂਦੇ ਨੇ।

## ਹੈ ਅਧੂਰਾ ਤਰਕ.....

ਹੈ ਅਧੂਰਾ ਤਰਕ ਸਾਡਾ ਭਾਵਨਾ ਵੀ ਅਰਧ ਹੈ,
ਤਾਂ ਹੀ ਸਾਡੀ ਹਰ ਖੁਸ਼ੀ 'ਤੇ ਜੰਮੀ ਰਹਿੰਦੀ ਗਰਦ ਹੈ।

ਥੋਪੇ ਹੋਏ ਰਿਸ਼ਤਿਆਂ ਵਿਚ ਵਲਗਣਾਂ ਹੀ ਵਲਗਣਾਂ,
ਮੈਂ ਤਾਂ ਇਹਨਾਂ ਵਲਗਣਾਂ 'ਤੇ ਫੇਰ ਦਿੱਤੀ ਕਰਦ ਹੈ।

ਹੱਕ ਕਿਹੜੇ ਰੱਬ ਕੋਲੋਂ ਮੰਗਦੀ ਹੈਂ ਤੂੰ ਕੁੜੇ,
ਮਰਦ ਨੇ ਹੈ ਸਿਰਜਿਆ ਪਰਮਾਤਮਾ ਵੀ ਮਰਦ ਹੈ।

ਪਲ ਸਦੀਆਂ ਵਾਂਗ ਹੋਏ ਸਾਹ ਜਿਵੇਂ ਖੰਜਰ ਫਿਰੇ,
ਮੌਤੋਂ ਭੈੜੀ ਜ਼ਿੰਦਗੀ ਵਿਚ ਮੌਤ ਹੀ ਹਮਦਰਦ ਹੈ।

ਬੁੱਚੜਾਂ ਦੀ ਸਾਂਝ ਹੁੰਦੀ ਹੈ ਛੁਰੀ ਤੇ ਕਰਦ ਦੀ,
ਮੁਰਗਿਆਂ ਤੇ ਬਕਰਿਆਂ ਦੀ ਸਾਂਝ ਇੱਕੋ ਦਰਦ ਹੈ।

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।




ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ ! !

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ* | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

* Rates may change without notice

ਕੀ ਤੁਸੀਂ ਉਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ✦ ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ✦ ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ✦ ਕੀ ਤੁਸੀਂ ਘਰ ਦੇ ਮੁਖੀ ਹੋ ?
- ✦ ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ✦ ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਉ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ । ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



Jessie Singh
(C.A.I.B)

- ✦ Life Insurance
- ✦ Mortgage Insurance
- ✦ Disability Insurance
- ✦ Critical Illness Insurance
- ✦ Longterm Care Insurance
- ✦ Travel Insurance
- ✦ Health Plans



Jasvir Deol
(C.A.I.B)

*For All Insurance Needs Book Appointment Today.*

## Calgary

Bus: (403) 717 - 0666
Cell: (403) 830 - 7007

## Edmonton

Bus: (780) 465 - 6900
Cell: (780) 906 - 4497

MILLBOURNE ROAD
# MEDICAL CLINIC
WALK-INS WELCOME FAMILY PHYSICIANS



Dr. V.K. Thapar (M.D., CCFP)* By Appointments Only
Dr. B.S. Jassar (M.D., Ph.D, CCFP)* Cell: 780 918 0516
Dr. S. Bananda (M.D.)
Dr. Farhat Siddiqui (M.D.)

ਤੁਹਾਡੀ ਸਹਾਇਤਾ ਲਈ ਮਾਹਿਰ ਡਾਕਟਰਾਂ ਦੀ ਟੀਮ ਹਾਜ਼ਰ ਹੈ।
ਹੁਣ ਤੁਸੀ ਸਲਾਹ ਮਸ਼ਵਰੇ ਲਈ ਲੇਡੀ ਡਾਕਟਰ ਸਦੀਕੀ ਨੂੰ ਵੀ ਮਿਲ ਸਕਦੇ ਹੋ।
Ph: 780 462 4229 Fax: 780 462 3315
131 Millbourne Road East, Lee Ridge Plaza Edmonton, AB T6K 1P6
* Professional Corporation

WESTFORK Interiors
## Specializing in Cabinets & Counter Tops
*Kitchen & Vanities,*
*Custom Cabinets,*
*Staining & Spraying Doors*



ਕੈਬਨਿਟ ਅਤੇ ਕਾਊਂਟਰ ਟੌਪ ਬਣਾਉਣ ਦੇ ਮਾਹਰ
ਆਪਣੇ ਦਫਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ
ਵੈਸਟਫੋਰਕ ਇੰਟੀਰੀਅਰਜ਼

Endless Options
- On site full custom designing and manufacturing.
- Consultation for Kitchens, Bathrooms, Offices, Dens, Storage etc.
- Quality installation and dellvery.
- One Location-Multiple Considerations.
- Complete Range of Counter tops including laminate.
- Custom Cabinetry
- Execptional Quality Customised Solutions
- Premium Construction at Competitive Price.

Gurmail Matharu : 780-990-9349
Ranjit Matharu : 780-907-9889
Contact
Westfork Interiors, 8307 Argyll Road, Edmonton T6C 4B2
Tel : 780-490-4983 Fax : 780-490-4982
www.westforkinteriors.com
info@westforkinteriors.com



Passport Photos by: Kanwal Lyall
All types of Immigration, Passport, PIO, Citizenship Photos
Phone: 780-952-8017 lyallstudio@gmail.com

# Auto Shine
Interior Shampooing ✦ Power Polishing ✦ Engine Cleaning ✦ Fabric Guard ✦ Tar Ramoval
Move to New & Bigger Location for Better Service



DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail.com
10365 59 Ave NW, Edmonton AB T6H1E7

Fancy DOORS & MOULDINGS LTD.
JELD-WEN Masonite
# FALL SHOWCASE
CHECK OUT OUR QUALITY SELECTION



Interior Doors
Cheyenne — Smooth, H/C, Pre-Hung 18" x 36" MDF Jamb, 3 Hinges
Bostonian — 6-Panel, Pre-Hung 18" x 36" MDF Jamb, 3 Hinges

Exterior Doors
Fibreglass "Parliament" Pre-Hung (32" or 36" x80") with 4.5" Jamb
6-Panel Steel Door with Brick Moulding Pre-Hung (32" or 36") with 4.5" Jamb

French Doors
A. 3-Panel Mission Shaker, Fir
B. 3-Panel Equal Shaker, MDF
C. 5-Panel Shaker, MDF

Single or Double "Paris" Doors
Pantry Slab
Square Ring with Band

Exterior Wood Doors
Prefinished 32" x 32" x 96"

SAVE ON DOOR KNOBS AND HANDLES!
BOSTAT Clearance Locks

| | |
|---|---|
| Keyed Lever | $15.00 |
| Deadbolt | $15.00 |
| Privacy Lever | $12.00 |
| Passage Lever | $12.00 |

*Please Note - All Sales of these locks are final and carry no warranty!
2 Piece Deadbolt $15.00
Passage Knob $10.99

MOULDING & MILLWORK HIGHLAND PARK SERIES ~ CLEAN, MODERN & ELEGANT!
#546 Casing 1¼" x 5½" SPERO™
#8039 Casing ¾" x 3½" MDF Primed
#8237 Baseboard 5/8" x 5½" MDF Primed
#8081 Casing 5/8" x 3¼" MDF Primed
#8281 Baseboard ½" x 6" MDF Primed

ALEXANDRIA MOULDING SPECIALS!
#5010 1 3/16" x 4 3/16" MDF Primed
#412 Baseboard 5/8" x 4¼" MDF Primed
#411 Casing 11/16" x 3" MDF Primed
#3140 3/8" x 3¼" MDF Primed
#356 2 ¼" x 3/8" MDF Primed

SAVE ON BATHROOM FIXTURES!
Infinity 4 Piece Bath Set — Robe Hook, Towel Bar, Towel Ring, Paper Holder
Sunglow 4 Piece Bath Set — Towel Bar, Paper Holder, Robe Hook, Towel Ring

Interior & Exterior, Prehung Units, Locks & Hardware, French Doors, Bi-Folds, Mouldings & Accessories
Commercial Doors & Hardware, Custom Railing Supplied & Installed
Alberta Location: 9129 - 35 Avenue, Edmonton, AB, T6E 5Y1
Ph: 780-432-7700
Fax: 780-432-7710 www.fancy-doors.com
Limited time offer. Expires November 31, 2012

# Mohinder Singh Banga's plan to run for Conservative Party of Canada Nomination in Edmonton – Wetaskiwindisallowed by Party Officials



Mohinder Singh Banga speaking to his supporters at a gathering in Edmonton.

June 1, 2014, Edmonton. Long-time Edmonton area resident and a veteranof the Edmonton Police Service, Mohinder Singh Bangaannounced that his plan to seek the Conservative Party of Canada nomination in the new riding of Edmonton-Wetaskiwin has been disallowed by party officials."I am disappointed and devastated today after being advised that my application was disallowed by the Conservative Party's National Candidate Selection Committee (NCSC) to contest my nomination. We made repeated requests for an explanation for the basis of therejection but party officials in Ottawa have refused to provide any details. I'm totally puzzled by the veil of secrecy and decisions being made by party officials behind closed doors."

As a man who has worked with numerous organizations throughout his career, including 22 years with the Edmonton Police Service, Mr. Banga said he was looking forward to the nomination contest with other contenders, including current MP Mike Lake, who decided to run in the new riding after having represented Edmonton-Millwoods Beaumont. Mr. Banga said he plans to speak with the media after consulting his team.

Mohinder Singh Banga, who has an MSc degree from India and a second BSc from the University of Alberta, has worked tirelessly for numerous organizations, demonstrating his leadership in the community and his chosen profession as a police officer. He has risen to the rank of Detective with EPS, which is not a surprise given the passion he has for public service.

For more information, please contact Mohinder Singh Banga at 780-710-8873 or Iqbal Singh Mahal at 780-995-7035.

# ਕਾਮਾਗਾਟਾ ਮਾਰੂ ਸ਼ਤਾਬਦੀ ਨੂੰ ਸਮਰਪਤ ਪ੍ਰਦਰਸ਼ਨੀ




ਐਡਮਿੰਟਨ (ਕਿਰਤਮੀਤ) : ਕਾਮਾਗਾਟਾ ਮਾਰੂ ਸ਼ਤਾਬਦੀ ਵਰ੍ਹੇ (1914-2014) ਨੂੰ ਲੈ ਕੇ ਕਨੇਡਾ ਸਮੇਤ ਵੱਖ-ਵੱਖ ਦੇਸ਼ਾਂ ਵਿੱਚ ਚਿੰਤਨ ਲੋਕਾਂ ਵੱਲੋਂ ਸਮਾਗਮ ਕਰਵਾਏ ਜਾ ਰਹੇ ਹਨ। ਪਰ ਇਹ ਘਟਨਾ ਕਨੇਡਾ ਵਾਸੀਆਂ ਲਈ ਵਿਸ਼ੇਸ਼ ਸਥਾਨ ਰੱਖਦੀ ਹੈ, ਕਿਉਂਕਿ ਕਾਮਾਗਾਟਾ ਮਾਰੂ ਨਾਮ ਦੇ ਜਹਾਜ਼ ਨੂੰ ਕਨੇਡਾ ਦੀ ਧਰਤੀ ਤੋਂ ਹੀ ਵਾਪਸ ਮੋੜਿਆ ਗਿਆ ਸੀ। ਇਨ੍ਹਾਂ ਸਮਾਗਮਾਂ ਦੀ ਲੜੀ ਤਹਿਤ ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ (ਪੀ.ਪੀ.ਐਫ.ਈ.) ਵਲੋਂ ਐਡਮਿੰਟਨ ਦੇ ਨਗਰ ਕੀਰਤਨ ਮੌਕੇ ਕਾਮਾਗਾਟਾ ਮਾਰੂ ਸ਼ਤਾਬਦੀ ਨੂੰ ਸਮਰਪਤ ਪ੍ਰਦਰਸ਼ਨੀ ਲਾਈ ਗਈ। ਇਸ ਪ੍ਰਦਰਸ਼ਨੀ ਵਿਚ ਕਾਮਾਗਾਟਾ ਮਾਰੂ ਦੁਖਾਂਤ ਨੂੰ ਦਰਸਾਉਂਦੀਆਂ ਫ਼ੋਟੋਆਂ ਲਗਾਈਆਂ ਅਤੇ ਇਕ ਕਿਤਾਬਚਾ ਮੁਫ਼ਤ ਵੰਡਿਆ ਗਿਆ। ਇਸ ਦੇ ਨਾਲ ਹੀ ਗ਼ਦਰ ਸ਼ਤਾਬਦੀ 2013 ਮੌਕੇ ਪੀ.ਪੀ.ਐਫ.ਈ. ਵਲੋਂ ਪ੍ਰਕਾਸ਼ਤ ਕੀਤੀ ਗਈ ਕਿਤਾਬ 'ਗ਼ਦਰ ਲਹਿਰ ਅਤੇ ਭਾਰਤ ਦਾ ਸਾਮਰਾਜ ਵਿਰੋਧੀ ਸੰਘਰਸ਼' ਵੰਡੀ ਗਈ। ਇਸ ਪ੍ਰਦਰਸ਼ਨੀ ਵਿਚ ਖਾਸ ਗੱਲ ਇਹ ਰਹੀ ਕਿ ਇਸ ਨੂੰ ਵੇਖਣ ਅਤੇ ਕਿਤਾਬਚਾ ਪ੍ਰਾਪਤ ਕਰਨ ਲਈ ਨੌਜਵਾਨਾਂ ਨੇ ਖਾਸ ਉਤਸ਼ਾਹ ਵਿਖਾਇਆ। ਜ਼ਿਕਰਯੋਗ ਹੈ ਕਿ ਪੀ.ਪੀ.ਐਫ.ਈ. ਵਲੋਂ ਪਿਛਲੇ ਸਾਲ ਵੀ ਨਗਰ ਕੀਰਤਨ ਮੌਕੇ ਗ਼ਦਰ ਸ਼ਤਾਬਦੀ 2013 ਨੂੰ ਸਮਰਪਤ ਪ੍ਰਦਰਸ਼ਨੀ ਲਗਾਈ ਗਈ ਸੀ।


# ਅਰਪਨ ਲਿਖਾਰੀ ਸਭਾ ਕੈਲਗਰੀ ਦਾ ਸਾਲਾਨਾ ਸਮਾਗਮ



ਜੂਨ 14, 2014 ਟੈਂਪਲ ਕਮਿਊਨਟੀ ਹਾਲ ਕੈਲਗਰੀ ਵਿੱਚ ਹੋਵੇਗਾ। ਇਸ ਸਮੇਂ ਪੰਜਾਬੀ ਦੇ ਬਹੁ-ਪੱਖੀ ਲੇਖਕ ਹਰਜੀਤ ਦੌਧਰੀਆ ਦਾ 'ਇਕਬਾਲ ਅਰਪਨ ਯਾਦਗਾਰੀ ਪੁਰਸਕਾਰ' ਨਾਲ ਸਨਮਾਨ ਕੀਤਾ ਜਾਵੇਗਾ। ਇਸ ਮੌਕੇ ਸ਼ਾਨਦਾਰ ਕਵੀ ਦਰਬਾਰ ਅਤੇ ਗੀਤ ਸੰਗੀਤ ਵੀ ਕਰਵਾਇਆ ਜਾਵੇਗਾ। ਸਮਾਗਮ ਵਿੱਚ ਭਾਰਤ ਤੋਂ ਡਾ. ਸੁਰਜੀਤ ਸਿੰਘ ਬਰਾੜ, ਡਾ. ਸੁਖਦੇਵ ਸਿੰਘ ਪ੍ਰਧਾਨ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ, ਜਸਵਿੰਦਰ ਸਿੰਘ ਅਰਪਨ ਯੂ.ਐਸ.ਏ. ਤੋਂ ਪਹੁੰਚ ਰਹੇ ਹਨ। ਵੈਨਕੂਵਰ ਤੋਂ ਸੂਫ਼ੀ ਅਮਰਜੀਤ, ਨਛੱਤਰ ਸਿੰਘ ਗਿੱਲ ਅਤੇ ਗੁਰਚਰਨ ਟਲੇਵਾਲੀਆ ਵੀ ਸ਼ਾਮਲ ਹੋਣਗੇ। ਇਸੇ ਤਰ੍ਹਾਂ ਐਡਮਿੰਟਨ ਤੋਂ ਡਾ. ਕਾਲ਼ੀਆ, ਦਲਬੀਰ ਸਾਂਗਿਆਣ, ਜਸਵੀਰ ਦਿਉਲ, ਨਵਤੇਜ ਬੈਂਸ, ਜੋਗਿੰਦਰ ਰੰਧਾਵਾ ਅਤੇ ਕੈਨੇਡਾ ਭਰ ਤੋਂ ਸਾਹਿਤਕਾਰ ਸ਼ਾਮਲ ਹੋ ਰਹੇ ਹਨ। ਸਮਾਗਮ ਸਮੇਂ ਮਿਆਰੀ ਪੰਜਾਬੀ ਸਾਹਿਤ ਦੀ ਪੁਸਤਕ ਪ੍ਰਦਰਸ਼ਨੀ ਵੀ ਲਾਈ ਜਾਵੇਗੀ।

Thanks to our Sponsors and Punjabi Media

We appreciate all of your Support and hope that jointly we can continue our efforts in developing the Punjabi Language(Maa Boli) and keeping it alive it for the generations to come

ਹੋਰ ਜਾਣਕਾਰੀ ਲਈ ਸੰਪਰਕ ਕਰੋ:

ਸਤਨਾਮ ਸਿੰਘ ਢਾਅ:403-285-6091 ਇਕਬਾਲ ਖ਼ਾਨ: 403-921-8736



# Elite Driving School

**Learn to drive with experienced, caring & friendly instructor**
**Lessons available in English, Hindi, Punjabi & Urdu**

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience

15 Hours in Class Room & 10 Hours in Car Package Available

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।



- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.





**Gurmail Dhaliwal (Garry)**
**780-265-6990**



**2019 61st St NW, Edmonton, AB, T6L 1M5**
**Tel: 780-265-6990 Fax: 780-461-6990**
**Email: elitedriving@hotmail.com, www.elitedrivingschoolltd.ca**



ਗੁਲਜ਼ਾਰ ਨੂੰ ਵੱਕਾਰੀ ਦਾਦਾ ਸਾਹਿਬ ਫਾਲਕੇ ਪੁਰਸਕਾਰ ਨਾਲ ਨਵਾਜਿਆ ਗਿਆ ਹੈ। 'ਆਂਧੀ', 'ਮੌਸਮ', 'ਮੇਰੇ ਅਪਨੇ', 'ਕੋਸ਼ਿਸ਼', 'ਖ਼ੁਸ਼ਬੂ', 'ਅੰਗੂਰ', 'ਲਿਬਾਸ' ਅਤੇ 'ਮਾਚਿਸ' ਵਰਗੀਆਂ ਫ਼ਿਲਮਾਂ ਦਾ ਨਿਰਦੇਸ਼ਨ ਕਰ ਚੁੱਕੇ 78 ਸਾਲ ਦੇ ਗੁਲਜ਼ਾਰ ਇਹ ਸਨਮਾਨ ਹਾਸਲ ਕਰਨ ਵਾਲੇ 45ਵੇਂ ਵਿਅਕਤੀ ਹਨ।

# ਲਮਹੋਂ ਮੇ ਹੋਤੀ ਹੈ ਜ਼ਿੰਦਗੀ : ਗੁਲਜ਼ਾਰ

ਫ਼ਿਲਮ 'ਆਨੰਦ' ਵਿਚ ਕੈਂਸਰ ਨਾਲ ਜੂਝ ਰਹੇ ਰਾਜੇਸ਼ ਖੰਨਾ, ਅਮਿਤਾਭ ਬਚਨ ਨੂੰ ਕਹਿੰਦੇ ਹਨ, "ਮੌਤ ਤੋ ਏਕ ਪਲ ਹੈ। ਮੈਂ ਉਸ ਏਕ ਪਲ ਕੇ ਡਰ ਸੇ ਆਨੇ ਵਾਲੇ ਲਾਖੋਂ ਪਲ ਕਾ ਲੁਤਫ਼ ਕਿਉਂ ਨਾ ਉਠਾਊਂ। ਜਬ ਤਕ ਜ਼ਿੰਦਾ ਹੂੰ, ਮਰਾ ਨਹੀਂ। ਜਬ ਮਰ ਗਿਆ, ਤੋ ਸਾਲਾ ਮੈਂ ਹੀ ਨਹੀਂ।" ਇਹ ਸੰਵਾਦ ਲਿਖਿਆ ਸੀ ਗੁਲਜ਼ਾਰ ਨੇ ਅਤੇ ਅਸਲ ਜ਼ਿੰਦਗੀ ਵਿਚ ਵੀ ਉਨ੍ਹਾਂ ਦਾ ਇਹੀ ਫ਼ਲਸਫ਼ਾ ਹੈ। ਉਹ ਕਹਿੰਦੇ ਹਨ, "ਜ਼ਿੰਦਗੀ ਪਲਾਂ ਨੂੰ ਜੋੜ ਕੇ ਬਣਾਈ ਜਾ ਸਕਦੀ ਹੈ, ਵਰ੍ਹਿਆਂ ਦੀ ਨਹੀਂ ਹੁੰਦੀ। ਹਾਸਲ ਤਾਂ ਉਹ ਪਲ ਹੀ ਹਨ। ਉਸੇ ਵਿਚ ਮੈਨੂੰ ਜ਼ਿੰਦਗੀ ਦੇ ਆਸਾਰ ਜ਼ਿਆਦਾ ਨਜ਼ਰ ਆਉਂਦੇ ਹਨ, ਬਜਾਏ ਕਿ ਕਿਸੇ ਵੱਡੇ ਫ਼ਲਸਫ਼ੇ ਦੇ।" ਸ਼ਾਇਦ ਇਸੇ ਲਈ ਗੁਲਜ਼ਾਰ ਖ਼ੁਦ ਨੂੰ ਚਿੰਤਕ ਨਹੀਂ ਮੰਨਦੇ।

## ਉਹਦੇ ਗੀਤਾਂ ਤੋਂ ਮਿਲਦਾ ਹੈ ਜਿਊਣ ਦਾ ਸ਼ਹਿਦ ਥੋੜ੍ਹਾ ਥੋੜ੍ਹਾ

ਮੁਲਾਕਾਤੀ ਰੰਗਨਾਥ ਸਿੰਘ
ਪ੍ਰਦੀਪ ਕੁਮਾਰ

ਇਕ ਸ਼ਾਇਰ ਜੋ ਪਿਛਲੇ 50 ਵਰ੍ਹਿਆਂ ਤੋਂ ਲਿਖ ਰਿਹਾ ਹੈ, ਲੋਕਾਂ ਦਾ ਪਿਆਰਾ ਬਣਿਆ ਹੋਇਆ ਹੈ, ਉਸ ਬਾਰੇ ਕੁਝ ਵੀ ਲਿਖਣ ਵਿਚ ਕਈ ਮੁਸ਼ਕਲਾਂ ਹਨ। ਕੁਝ ਵੀ ਲਿਖ ਦਿਓ, ਬਹੁਤ ਕੁਝ ਰਹਿ ਜਾਂਦਾ ਹੈ। ਤਬੀਅਤ ਅਤੇ ਤਰਬੀਅਤ ਤੋਂ ਸ਼ਾਇਰ ਇਹ ਸ਼ਖ਼ਸ ਹਿੰਦੀ ਸਿਨੇਮਾ ਨੂੰ ਮਿਲ ਤਾਂ ਗਿਆ, ਪਰ ਉਹ ਏਨੇ ਵਿਚ ਸਮਾ ਨਾ ਸਕਿਆ।

ਉਹ ਸਾਹਿਤ ਵਿਚ ਵੀ ਓਨਾ ਹੀ ਦਖ਼ਲ ਰੱਖਦਾ ਹੈ, ਜਿੰਨਾ ਕਿ ਸਿਨੇਮਾ ਵਿਚ। ਉਹ ਓਨਾ ਹੀ ਬਿਹਤਰੀਨ ਡਾਇਰੈਕਟਰ ਹੈ, ਜਿੰਨਾ ਬਿਹਤਰੀਨ ਲੇਖਕ। ਇਹ ਸ਼ਾਇਰ ਸੰਪੂਰਨ ਸਿੰਘ ਕਾਲਰਾ ਬਟਵਾਰੇ ਦੌਰਾਨ ਪਾਕਿਸਤਾਨ ਤੋਂ ਭਾਰਤ ਆਇਆ ਅਤੇ ਗੁਲਜ਼ਾਰ ਬਣ ਗਿਆ, ਪਰ ਹੈਰਾਨੀ ਹੁੰਦੀ ਹੈ ਕਿ ਉਸ ਦੀਆਂ ਲਿਖਤਾਂ ਵਿਚ ਕੋਈ ਗ਼ੁੱਸਾ ਨਜ਼ਰ ਨਹੀਂ ਆਉਂਦਾ।

ਉਹ ਕਦੇ ਜ਼ਿਆਦਾ ਗ਼ੁੱਸੇ ਨਹੀਂ ਹੁੰਦਾ। ਉਹ -'ਜਲਾ ਦੋ ਮਿਟਾ ਦੋ' ਵਰਗੇ ਗੀਤ ਨਹੀਂ ਲਿਖਦਾ।

ਅੱਸੀ ਦਾ ਹੋਣ ਤੋਂ ਕੁਝ ਸਮਾਂ ਪਹਿਲਾਂ ਉਹ ਲਿਖ ਰਿਹਾ ਸੀ, 'ਦਿਲ ਤੋ ਬੱਚਾ ਹੈ ਜੀ' ਅਤੇ ਜਵਾਨੀ ਵਿਚ ਉਸ ਨੇ ਹੀ ਹਿੰਦੀ ਸਿਨੇਮਾ ਵਿਚ ਸਭ ਤੋਂ ਪਹਿਲਾਂ ਅੱਖਾਂ ਦੀ ਖ਼ੁਸ਼ਬੂ ਨੂੰ ਮਹਿਸੂਸ ਕੀਤਾ- 'ਹਮਨੇ ਦੇਖੀ ਹੈ ਉਨ ਆਖੋਂ ਕੀ ਮਹਿਕਤੀ ਖ਼ੁਸ਼ਬੂ, ਹਾਥ ਸੇ ਛੂਕਰ ਇਸੇ ਰਿਸ਼ਤੋਂ ਕਾ ਇਲਜ਼ਾਮ ਨਾ ਦੋ।'

ਉਸ ਦੌਰ ਦੇ ਕਈ ਸ਼ਾਇਰਾਂ ਨੂੰ ਲੱਗਾ ਕਿ ਇਹ ਨਵਾਂ ਸ਼ਾਇਰ ਥੋੜ੍ਹਾ ਬੇਅਦਬ ਹੈ ਜੋ ਅੱਖਾਂ ਦੀ ਗਹਿਰਾਈ, ਰੌਸ਼ਨੀ, ਚਮਕ ਦੀ ਥਾਂ ਉਨ੍ਹਾਂ ਵਿਚ ਖ਼ੁਸ਼ਬੂ ਲੱਭ ਰਿਹਾ ਹੈ ਪਰ ਉਹ ਸ਼ਾਇਰ ਤਾਂ ਕੁਝ ਅਜਿਹਾ ਹੀ ਸੀ, ਜਿਸ ਨੇ ਸ਼ਾਇਦ ਹਿੰਦੀ ਸਿਨੇਮਾ ਵਿਚ ਪਹਿਲੀ ਵਾਰ ਕਿਸੇ ਇਸਤਰੀ ਦਾ ਮਨ ਪੜ੍ਹਿਆ, ਆਧੁਨਿਕ ਇਸਤਰੀ ਦਾ ਮਨ।

ਉਂਜ ਉਸ ਤੋਂ ਪਹਿਲਾਂ ਕਿਸ ਨੇ ਇਸਤਰੀ ਦੀ ਮਨੋਰਚਨਾ ਵਿਚ ਕਿਸੇ ਪੁਰਸ਼ ਦੇ ਮੌਢੇ 'ਤੇ ਤਿਲ ਦੀ ਥਾਂ ਨੂੰ ਪਛਾਣਿਆ ਸੀ। ਉਸ ਤੋਂ ਪਹਿਲਾਂ ਦੇ ਸ਼ਾਇਰ ਤਾਂ ਔਰਤਾਂ ਦੇ ਹੀ ਤਿਲ ਨਿਹਾਰਦੇ ਆ ਰਹੇ ਸਨ।

ਗੁਲਜ਼ਾਰ ਤੋਂ ਪਹਿਲਾਂ ਹਿੰਦੀ ਸ਼ਾਇਰੀ (ਭਾਵੇਂ ਫ਼ਿਲਮੀ ਹੋਵੇ ਜਾਂ ਗ਼ੈਰ ਫ਼ਿਲਮੀ) ਬੜੀ ਹੀ ਮਰਦਵਾਦੀ ਕਿਸਮ ਦੀ ਸ਼ਾਇਰੀ ਸੀ। ਸ਼ਾਇਦ ਹੀ ਕਿਸੇ ਨੇ ਇਸਤਰੀ ਮਨ ਨੂੰ ਏਨੀ ਬਾਰੀਕੀ ਨਾਲ ਪੜ੍ਹਿਆ ਹੋਵੇਗਾ, ਜਿੰਨਾ ਇਸ ਸ਼ਖ਼ਸ ਨੇ ਪੜ੍ਹਿਆ। ਪੜ੍ਹਨਾ ਕਹਿਣਾ ਸ਼ਾਇਦ ਗ਼ਲਤ ਹੋਵੇਗਾ, ਇਸ ਸ਼ਾਇਰ ਨੇ ਇਸਤਰੀ ਮਨ ਨੂੰ ਸਭ ਤੋਂ ਵੱਧ ਮਹਿਸੂਸ ਕੀਤਾ ਹੈ।

ਇਸ ਬਾਰੇ ਪੁੱਛੇ ਜਾਣ 'ਤੇ ਗੁਲਜ਼ਾਰ ਦਾ ਕਹਿਣਾ ਹੈ, "ਮੈਂ ਕੋਈ ਫਿਲਾਸਫ਼ਰ ਨਹੀਂ ਹਾਂ। ਮੇਰੇ ਦਿਮਾਗ਼ ਵਿਚ ਬਹੁਤ ਜ਼ਿਆਦਾ ਨਹੀਂ ਹੈ ਪਰ ਦਿਲ ਵਿਚ ਹੈ। ਇਸ ਲਈ ਮਹਿਸੂਸ ਜ਼ਿਆਦਾ ਕਰਦਾ ਹਾਂ ਤੇ ਸੋਚਦਾ ਘੱਟ ਹਾਂ।"

ਹਮੇਸ਼ਾ ਚੌੜੇ ਪੌਂਚੇ ਵਾਲਾ ਸਫ਼ੇਦ ਪਜਾਮਾ ਅਤੇ ਕੁੜਤਾ ਪਾਉਣ ਵਾਲਾ ਇਹ ਸ਼ਾਇਰ ਕਦੇ ਅੱਕਦਾ ਨਹੀਂ। ਉਸ ਨੂੰ ਹਮੇਸ਼ਾ ਇਕ ਹੀ ਤਰ੍ਹਾਂ ਦੇ ਕੱਪੜਿਆਂ ਵਿਚ ਦੇਖ ਕੇ ਖ਼ਿਆਲ ਆਉਂਦਾ ਹੈ ਕਿ ਅਜਿਹੀ ਵੀ ਕੀ ਸਾਦਾਦਿਲੀ, ਪਰ ਜੇਕਰ ਉਹ ਏਨਾ ਸਾਦਾਦਿਲੀ ਨਾ ਹੁੰਦਾ ਤਾਂ ਸ਼ਾਇਦ ਗੁਲਜ਼ਾਰ ਨਾ ਹੁੰਦਾ। ਉਹ ਭਾਵੇਂ ਕਿੰਨਾ ਹੀ ਵੱਡਾ ਨਾਮਵਰ ਸ਼ਖ਼ਸੀਅਤ ਹੋ ਗਿਆ ਹੈ, ਖ਼ੁਦ ਨੂੰ ਲੈ ਕੇ ਹਮੇਸ਼ਾ ਅਹਿਸਾਸ-ਏ-ਕਮਤਰੀ ਬਣਾ ਕੇ ਰੱਖਦਾ ਹੈ। ਇਹ ਉਸ ਦੀ ਸ਼ਾਇਸਤਗੀ ਹੀ ਹੈ ਕਿ ਜਨਤਕ ਮੰਚ 'ਤੇ ਉਹ ਕਹਿ ਸਕਦਾ ਹੈ, "ਮੇਰੀ ਜੀਵਨ ਸਾਥਣ ਕਹਿੰਦੀ ਹੈ ਕਿ ਜੇਕਰ ਤੂੰ ਸ਼ਾਇਰ ਨਾ ਹੁੰਦਾ ਤਾਂ ਬਹੁਤ ਹੀ ਸਾਧਾਰਨ ਆਦਮੀ ਹੁੰਦਾ।" ਆਪਣੇ ਸਫ਼ੇਦ ਲਿਬਾਸ ਬਾਰੇ ਗੁਲਜ਼ਾਰ ਦਾ ਕਹਿਣਾ ਹੈ, "ਜਦੋਂ ਮੈਂ ਕਿਸੇ ਦੂਸਰੇ ਰੰਗ ਦੇ ਕੱਪੜੇ ਪਾਉਂਦਾ ਹਾਂ ਤਾਂ ਮੈਨੂੰ ਲੱਗਦਾ ਹੈ ਕਿ ਕੋਈ ਅਜਨਬੀ ਆ ਕੇ ਮੇਰੇ ਮੋਢੇ 'ਤੇ ਬੈਠ ਗਿਆ ਹੈ।" ਉਸ ਕੋਲ ਆਪਣਾ ਹਰ ਅਹਿਸਾਸ ਕਹਿਣ ਦਾ ਬੜਾ ਹੀ ਨਰਮ ਲਹਿਜ਼ਾ ਹੈ। ਜੇਕਰ ਉਹ ਤਲਖ਼ ਵੀ ਹੁੰਦਾ ਹੈ ਤਾਂ ਵੀ ਬਹੁਤ ਤਹਿਜ਼ੀਬ ਨਾਲ। ਉਹ ਅਦਬ ਨਾਲ ਜਿਉਂਦਾ ਹੈ, ਇਸ ਲਈ ਉਸ ਨੂੰ ਬੇਅਦਬੀ ਨਹੀਂ ਫੱਬਦੀ।



ਫ਼ਿਲਮੀ ਦੁਨੀਆ ਵਿਚ ਇਕ ਉਹੀ ਹੈ ਜੋ ਸਭ ਤੋਂ ਵੱਧ ਵਿਕਣ ਵਾਲੇ ਲੇਖਕ ਨੂੰ ਸ਼ਬਦਾਂ ਦੀ ਗ਼ਲਤ ਵਰਤੋਂ 'ਤੇ ਸ਼ਰੇਆਮ ਝਿੜਕ ਸਕਦਾ ਹੈ। ਉਹ ਬੱਚਿਆਂ ਲਈ ਕਹਾਣੀਆਂ ਲਿਖਦਾ ਹੈ। ਆਸਕਰ, ਗਰੈਮੀ, ਪਦਮ ਪੁਰਸਕਾਰ, ਰਾਸ਼ਟਰੀ ਪੁਰਸਕਾਰ ਤੇ ਪਤਾ ਨਹੀਂ ਹੋਰ ਕਿੰਨੇ ਇਨਾਮ-ਓ-ਇਕਰਾਮ ਜਿੱਤ ਚੁੱਕਾ ਹੈ।

ਹਿੰਦੀ, ਉਰਦੂ, ਬੰਗਲਾ, ਪੰਜਾਬੀ ਸਮੇਤ ਕਈ ਭਾਸ਼ਾਵਾਂ ਉਸ ਦੀਆਂ ਰਗਾਂ ਵਿਚ ਦੌੜਦੀਆਂ ਹਨ। ਉਹ ਖ਼ੁਦ ਕਹਿੰਦਾ ਹੈ, "ਮੈਂ ਗਾਲਿਬ ਦੀ ਪੈਨਸ਼ਨ ਖਾ ਰਿਹਾ ਹਾਂ। ਮੇਰੇ ਉਸਤਾਦ ਸ਼ੈਲੇਂਦਰ ਜੋ ਕੁਰਸੀ ਛੱਡ ਗਏ ਸਨ, ਮੈਂ ਉਸ ਦੇ ਇਕ ਪਾਸੇ ਖੜ੍ਹਾ ਹਾਂ, ਬੈਠਣ ਦੀ ਹਿੰਮਤ ਨਹੀਂ ਹੁੰਦੀ।"

ਪਰ ਉਸ ਦਾ ਸਭ ਤੋਂ ਸਾਫ਼ ਅਕਸ ਖ਼ੁਦ ਦੀਆਂ ਬਣਾਈਆਂ ਫ਼ਿਲਮਾਂ ਵਿਚ ਉਭਰਦਾ ਹੈ। ਮਨ ਦੇ ਭੂਗੋਲ ਦਾ ਇਹ ਸੈਲਾਨੀ ਉਸ ਦੇ ਕੋਨੇ-ਕੋਨੇ, ਕਤਰੇ-ਕਤਰੇ ਤੋਂ ਵਾਕਫ਼ ਨਜ਼ਰ ਆਉਂਦਾ ਹੈ। ਫ਼ਿਲਮ ਬਣਾਉਂਦੇ ਵਕਤ ਸ਼ਾਇਦ ਉਹ ਟਾਲਸਟਾਏ ਹੋ ਜਾਂਦਾ ਹੈ, ਜੋ ਕਹਿੰਦੇ ਸਨ, 'ਉਦੋਂ ਤਕ ਨਾ ਲਿਖੋ, ਜਦੋਂ ਤਕ ਤੁਸੀਂ ਉਸ ਨੂੰ ਲਿਖੇ ਬਿਨਾਂ ਰਹਿ ਸਕਦੇ ਹੋ। ਸ਼ਾਇਦ ਗੁਲਜ਼ਾਰ ਨੇ ਓਨੀਆਂ ਹੀ ਫ਼ਿਲਮਾਂ ਬਣਾਈਆਂ ਜਿੰਨੀਆਂ ਬਣਾਏ ਬਿਨਾਂ ਉਹ ਰਹਿ ਨਹੀਂ ਸਕਦਾ। ਹਿੰਦੀ ਸਿਨੇਮਾ ਵਿਚ ਅੱਜ ਵੀ ਗਾਲਿਬ, ਸ਼ੈਲੇਂਦਰ, ਬਿਮਲ ਰਾਏ, ਐਸ.ਡੀ. ਬਰਮਨ ਦੀ ਵਿਰਾਸਤ ਆਪਣੇ ਮੋਢਿਆਂ 'ਤੇ ਚੁੱਕੀ ਉਹ ਸਫ਼ੇਦ ਲਿਬਾਸ, ਸ਼ਫ਼ਾਫ਼ ਖ਼ਿਆਲ ਸ਼ਾਇਰ ਜੋ ਵੀ ਲਿਖਦਾ ਹੈ, ਉਸ ਤੋਂ ਪਿਛਲੇ 50 ਵਰ੍ਹਿਆਂ ਤੋਂ ਉਸ ਦੇ ਚਾਹੁਣ ਵਾਲਿਆਂ ਨੂੰ, 'ਸ਼ਹਿਦ ਜੀਨੇ ਕਾ ਮਿਲਾ ਕਰਤਾ ਹੈ ਥੋੜ੍ਹਾ ਥੋੜ੍ਹਾ'

ਅਜਿਹਾ ਮਹਿਬੂਬ ਗੁਲਜ਼ਾਰ ਇਕ ਦਿਨ ਵਿਚ ਨਹੀਂ ਬਣਿਆ। ਜੀਵਨ ਦੇ ਥਪੇੜਿਆਂ ਨੇ ਉਨ੍ਹਾਂ ਵਿਚ ਉਹ ਸੰਜੀਦਾਪਣ ਭਰਿਆ, ਜਿਸ ਕਾਰਨ ਪਾਕਿਸਤਾਨ ਦੇ ਦੀਨਾ, ਜੇਹਲਮ ਵਿਚ ਜਨਮੇ ਸੰਪੂਰਨ ਸਿੰਘ ਕਾਲਰਾ ਨੂੰ ਇਕ ਅਜਿਹੇ ਫਨਕਾਰ ਵਿਚ ਬਦਲ ਦਿੱਤਾ ਜੋ ਤਰਕ ਅਤੇ ਕਲਪਨਾ ਦੀ ਕਸੌਟੀ 'ਤੇ ਸ਼ਬਦਾਂ ਅਤੇ ਦ੍ਰਿਸ਼ਾਂ ਦਾ ਅਜਿਹਾ ਤਲਿਸਮ ਬੁਣਦੇ ਹਨ, ਜਿਸ ਵਿਚ ਤੁਸੀਂ ਡੁੱਬ ਜਾਣਾ ਚਾਹੁੰਦੇ ਹੋ। ਜਿਸ ਬਾਲੀਵੁੱਡ ਦੀ ਦੁਨੀਆ ਵਿਚ ਗੋਰੇ ਰੰਗ ਦੀ ਚਮਕ-ਦਮਕ ਕੁਝ ਜ਼ਿਆਦਾ ਹੀ ਹੋਵੇ, ਉਹ ਉਥੇ ਪਹਿਲੇ ਹੀ ਗਾਣੇ ਵਿਚ ਕਾਲੇ ਰੰਗ ਦੀ ਚਾਹਤ ਰੱਖਦੇ ਹਨ-'ਮੋਰਾ ਗੋਰਾ ਅੰਗ ਲਈ ਲੇ, ਮੋਹੇ ਸ਼ਿਆਮ ਰੰਗ ਦਈ ਦੇ..'

ਸਕਰੀਨ ਪਲੇਅ ਲਿਖਦੇ ਹਨ ਤਾਂ 'ਆਨੰਦ' ਵਰਗੀ ਫਿਲਮ ਜਿਸ ਦਾ ਨਾਇਕ ਹੱਸਦੇ ਹੱਸਦੇ ਪਲ ਪਲ ਕਰੀਬ ਆਉਂਦੀ ਮੌਤ ਲਈ ਤਿਆਰ ਨਜ਼ਰ ਆਉਂਦਾ ਹੈ। ਫ਼ਿਲਮ ਬਣਾਉਂਦੇ ਹਨ ਤਾਂ ਉਹ 'ਆਂਧੀ' ਅਤੇ 'ਮੌਸਮ' ਦੀ ਸ਼ਕਲ ਵਿਚ ਸਾਹਮਣੇ ਆਉਂਦੇ ਹਨ, ਜਿੱਥੇ ਸੰਵੇਦਨਾਵਾਂ ਦਾ ਜਵਾਰ ਆਪਣੇ ਪੂਰੇ ਸਿਖ਼ਰ 'ਤੇ ਨਜ਼ਰ ਆਉਂਦਾ ਹੈ। ਟੀ.ਵੀ. ਸੀਰੀਅਲ ਦੀ ਗੱਲ ਹੁੰਦੀ ਹੈ ਤਾਂ ਮਿਰਜ਼ਾ ਗਾਲਿਬ ਦਾ ਸ਼ਾਹਕਾਰ ਸਾਹਮਣੇ ਆਉਂਦਾ ਹੈ। ਮਿਰਜ਼ਾ ਗਾਲਿਬ ਲੜੀਵਾਰ ਦੀ ਹੈਸੀਅਤ ਕੁਝ ਅਜਿਹੀ ਹੈ, ਜਿਵੇਂ ਵੱਡੇ ਪਰਦੇ 'ਤੇ ਮੁਗਲੇ-ਆਜ਼ਮ ਦੀ ਹੋਵੇ।

ਗੁਲਜ਼ਾਰ ਦੇ ਇਸ ਸਫ਼ਰ ਦੀ ਸ਼ੁਰੂਆਤ ਉਦੋਂ ਹੋਈ ਜਦੋਂ 1947 ਵਿਚ ਵੰਡ ਮਗਰੋਂ ਉਨ੍ਹਾਂ ਦਾ ਪਰਿਵਾਰ ਭਾਰਤ ਆ ਗਿਆ ਅਤੇ ਪਿਤਾ ਘਰ-ਪਰਿਵਾਰ ਚਲਾਉਣ ਲਈ ਛੋਟਾ-ਮੋਟਾ ਕਾਰੋਬਾਰੀ ਕੰਮ ਕਰਨ ਲੱਗੇ ਸਨ। ਗੁਲਜ਼ਾਰ ਵੰਡ ਦੇ ਦੌਰ ਦੀ ਹਿੰਸਾ ਨੂੰ ਵਰ੍ਹਿਆਂ ਤਕ ਨਹੀਂ ਭੁੱਲ ਸਕੇ। ਉਦੋਂ ਉਹ 11-12 ਵਰ੍ਹਿਆਂ ਦੇ ਸਨ। ਆਪਣੀਆਂ ਅੱਖਾਂ ਸਾਹਮਣੇ ਉਨ੍ਹਾਂ ਨੇ ਸੈਂਕੜੇ ਲੋਕਾਂ ਦਾ ਕਤਲ ਹੁੰਦਿਆਂ ਦੇਖਿਆ ਸੀ। ਲੱਖਾਂ ਲੋਕਾਂ ਨੂੰ ਰਾਤੋ-ਰਾਤ ਉਜੜਦੇ ਵੀ ਦੇਖਿਆ। ਕੱਚੀ ਉਮਰ ਦੇ ਜ਼ਖ਼ਮ ਜ਼ਿੰਦਗੀ ਭਰ ਨਹੀਂ ਜਾਂਦੇ। ਗੁਲਜ਼ਾਰ ਅੰਦਰ ਵੀ ਇਹ ਪੂਰਾ ਹਾਦਸਾ ਕਿਸੇ ਖ਼ਤਰਨਾਕ ਮੰਜ਼ਰ ਵਾਂਗ ਉਬਲਦਾ ਰਹਿੰਦਾ ਹੈ। ਇਸੇ ਲਈ ਗੁਲਜ਼ਾਰ ਲਿਖਦੇ ਹਨ-""ਵੰਡ ਮੇਰੀ ਲੇਖਣੀ ਦਾ ਬਹੁਤ ਅਹਿਮ ਹਿੱਸਾ ਹੈ ਕਿਉਂਕਿ ਸ਼ੁਰੂਆਤੀ ਜ਼ਿੰਦਗੀ ਵਿਚ ਉਹ ਦੌਰ ਦੇਖਿਆ ਅਤੇ ਉਸ ਦਾ ਅਸਰ ਅੱਜ ਤਕ ਹੈ। ਅੱਜ ਵੀ ਕਿਤੇ ਦੰਗੇ ਦੇਖਦਾ ਹਾਂ, ਤਾਂ ਮੈਨੂੰ ਵੰਡ ਦੀ ਹੀ ਯਾਦ ਆਉਂਦੀ ਹੈ ਤੇ ਬਹੁਤ ਤਕਲੀਫ਼ ਹੁੰਦੀ ਹੈ। ਅੱਖਾਂ ਦਾ ਵੀਜ਼ਾ ਨਹੀਂ ਲੱਗਦਾ, ਸੁਪਨਿਆਂ ਦੀ ਸਰਹੱਦ ਹੁੰਦੀ ਨਹੀਂ, ਬੰਦ ਅੱਖਾਂ ਨਾਲ ਰੋਜ਼ ਮੈਂ ਸਰਹੱਦ ਪਾਰ ਚਲਾ ਜਾਂਦਾ ਹਾਂ।" 'ਮਾਚਿਸ' ਫ਼ਿਲਮ ਬਣਾਉਂਦੇ ਹਨ ਤਾਂ ਉਨ੍ਹਾਂ ਦਾ ਦਰਦ ਕੁਝ ਇਸ ਤਰ੍ਹਾਂ ਸਾਹਮਣੇ ਆਉਂਦਾ ਹੈ-

*ਛੋੜ ਆਏ ਹਮ ਵੋ ਗਲੀਆਂ..*
*ਜਹਾਂ ਤੇਰੇ ਪੈਰੋਂ ਕੇ ਕੰਵਲ ਗਿਰਾ ਕਰਤੇ ਥੇ*
*ਹੰਸੇ ਤੋ ਦੋ ਗਾਲੋਂ ਮੇਂ ਭੰਵਰ ਪੜਾ ਕਰਤੇ ਥੇ*
*ਤੇਰੀ ਕਮਰ ਕੇ ਬਲ ਪੇ ਨਦੀ ਮੁੜਾ ਕਰਤੀ ਥੀ*
*ਹੰਸੀ ਤੇਰੀ ਸੁਨ-ਸੁਨ ਕੇ ਫ਼ਸਲ ਪਕਾ ਕਰਤੀ ਥੀ..*

ਪਰ ਗੁਲਜ਼ਾਰ ਇਸੇ ਦਰਦ ਵਿਚ ਸਿਮਟੇ ਨਹੀਂ ਰਹੇ। ਉਹ ਕਹਿੰਦੇ ਹਨ, "ਵਕਤ ਨਾਲ ਸਮਝ ਆਇਆ ਕਿ ਘੱਟ ਕਹਿਣ ਵਿਚ ਜ਼ਿਆਦਾ ਤਸੱਲੀ ਹੈ। ਜ਼ਿਆਦਾ ਕਹਿਣ ਨਾਲ ਅਰਥ ਡਾਇਲਿਊਟ ਹੋ ਜਾਂਦੇ ਹਨ।"

ਇਸੇ ਲਈ ਗੁਲਜ਼ਾਰ ਜਦੋਂ ਮਸਤੀ ਦੇ ਮੂਡ ਵਿਚ ਹੁੰਦੇ ਹਨ ਤਾਂ ਲਿਖ ਦਿੰਦੇ ਹਨ-ਗੋਲੀ ਮਾਰ ਭੇਜੇ ਮੇਂ, ਭੇਜਾ ਸਾਲਾ ਸ਼ੋਰ ਕਰਤਾ ਹੈ..

ਇਹੀ ਗੁਲਜ਼ਾਰ ਜਦੋਂ ਪ੍ਰੇਮ ਕਵਿਤਾ ਲਿਖਦੇ ਹਨ-

*ਤੁਮਹਾਰੇ ਗ਼ਮ ਕੀ ਡਲੀ ਉਠਾ ਕਰ ਜ਼ੁਬਾਂ ਪਰ ਰੱਖ ਲੀ ਹੈ ਦੇਖੋ ਮੈਂ ਨੇ..ਵਹ ਕਤਰਾ ਕਤਰਾ ਪਿਘਲ ਰਹੀ ਹੈ..ਮੈਂ ਕਤਰਾ ਕਤਰਾ ਹੀ ਜੀ ਰਹਾ ਹੂੰ..*

ਬਚਪਨ ਤੋਂ ਹੀ ਗੁਲਜ਼ਾਰ ਨੂੰ ਕਵਿਤਾਵਾਂ ਲਿਖਣ ਦਾ ਸ਼ੌਕ ਸੀ। ਗੁਲਜ਼ਾਰ ਦੇ ਪਿਤਾ ਦਾ ਮੰਨਣਾ ਸੀ ਕਿ ਕਵਿਤਾ ਲਿਖਣ ਜਾਂ ਫਿਰ ਕਹਾਣੀ ਲਿਖ ਕੇ ਜੀਵਨ ਨਹੀਂ ਚੱਲਦਾ। ਲਿਹਾਜ਼ਾ ਉਹ ਗੁਲਜ਼ਾਰ ਲਈ ਆਪਣੇ ਰਿਸ਼ਤੇਦਾਰਾਂ ਨੂੰ ਕਿਹਾ ਕਰਦੇ ਸਨ, 'ਇਹ ਭਰਾਵਾਂ ਤੋਂ ਉਧਾਰ ਮੰਗੇਗਾ ਤੇ ਗੁਰਦੁਆਰੇ ਦੇ ਲੰਗਰ ਵਿਚ ਖਾਣਾ ਖਾਏਗਾ।'

1950 ਵਿਚ ਗੁਲਜ਼ਾਰ ਆਪਣੇ ਭਰਾ ਦੇ ਕੰਮ ਵਿਚ ਹੱਥ ਵੰਡਾਉਣ ਲਈ ਮੁੰਬਈ ਆਏ। ਉਦੋਂ ਉਨ੍ਹਾਂ ਨੇ ਸੋਚਿਆ ਵੀ ਨਹੀਂ ਸੀ ਕਿ ਇਕ ਦਿਨ ਉਹ ਫ਼ਿਲਮੀ ਦੁਨੀਆ ਵਿਚ ਕੰਮ ਕਰਨਗੇ। ਸ਼ੁਰੂ ਵਿਚ ਇਕ ਮੋਟਰ ਗੈਰਾਜ ਵਿਚ ਵੀ ਉਨ੍ਹਾਂ ਨੇ ਕੰਮ ਕੀਤਾ ਪਰ ਹੌਲੀ ਹੌਲੀ ਉਨ੍ਹਾਂ ਦਾ ਰੁਝਾਨ ਫ਼ਿਲਮੀ ਦੁਨੀਆ ਵੱਲ ਹੋਇਆ।

**ਗੁਲਜ਼ਾਰ ਮੰਨਦੇ ਹਨ ਕਿ ਲੇਖਕ ਲਈ 'ਮੈਂਟਲ ਬਲਾਕ' ਹੋਣਾ ਬਹੁਤ ਆਮ ਗੱਲ ਹੈ। ਪਰ ਕਿਉਂਕਿ ਉਨ੍ਹਾਂ ਕੋਲ ਪ੍ਰਗਟਾਵੇ ਦੇ ਬਹੁਤ ਸਾਰੇ ਜ਼ਰੀਏ ਹਨ, ਇਸ ਲਈ ਅਜਿਹਾ ਹੋਣ 'ਤੇ ਉਹ ਇਕ ਨਹੀਂ ਤਾਂ ਦੂਸਰੇ ਮਾਧਿਅਮ ਨਾਲ ਖ਼ੁਦ ਨੂੰ ਪੇਸ਼ ਕਰ ਲੈਂਦੇ ਹਨ। ਉਨ੍ਹਾਂ ਦਾ ਕਹਿਣਾ ਹੈ, "ਅਜਿਹਾ ਤਾਂ ਹੁੰਦਾ ਹੈ ਪਰ 6-7 ਮਹੀਨਿਆਂ ਤਕ ਨਾ ਲਿਖ ਸਕਾਂ, ਅਜਿਹੀ ਅਯਾਸ਼ੀ ਦੀ ਗੁੰਜਾਇਸ਼ ਮੇਰੇ ਕੋਲ ਨਹੀਂ ਹੈ। ਮੈਂ ਲੇਖਕ ਹਾਂ ਅਤੇ ਇਹ ਮੇਰੀ ਕਮਾਈ ਦਾ ਜ਼ਰੀਆ ਹੈ। ਜੇਕਰ ਲਿਖਾਂਗਾ ਨਹੀਂ ਤਾਂ ਖਾਉਂਗਾ ਕਿਵੇਂ।"**



ਉਨ੍ਹੀਂ ਦਿਨੀਂ ਗੁਲਜ਼ਾਰ ਫ਼ਿਲਮ ਗੀਤਕਾਰਾਂ ਵਿਚੋਂ ਇਕ ਰਾਜੇਂਦਰ ਕ੍ਰਿਸ਼ਨ ਦੇ ਘਰ ਕਿਰਾਏਦਾਰ ਵਜੋਂ ਰਹੇ। ਗੁਲਜ਼ਾਰ ਖੱਬੇ ਪੱਖੀ ਰੁਝਾਨ ਦੇ ਚਲਦਿਆਂ ਸ਼ੈਲੇਂਦਰ ਵਰਗੇ ਗੀਤਕਾਰਾਂ ਦੇ ਸੰਪਰਕ ਵਿਚ ਆਏ। ਬਾਅਦ ਵਿਚ ਬਿਮਲ ਰਾਏ ਦੇ ਸਹਾਇਕ ਵਜੋਂ ਕੰਮ ਕਰਨ ਲੱਗੇ। ਪਰ ਲੇਖਕ ਵਜੋਂ ਸ਼ੁਰੂਆਤ ਨਹੀਂ ਹੋਈ ਸੀ। ਸ਼ੈਲੇਂਦਰ ਨੇ ਉਨ੍ਹਾਂ ਨੂੰ ਸਭ ਤੋਂ ਪਹਿਲਾਂ ਬਿਮਲ ਰਾਏ ਦੀ ਫ਼ਿਲਮ ਵਿਚ ਗਾਣੇ ਲਿਖਣ ਲਈ ਪ੍ਰੇਰਿਆ ਤੇ ਗੁਲਜ਼ਾਰ ਦਾ ਨਾਂ ਬਿਮਲ ਰਾਏ ਦੇ ਸਹਿਯੋਗੀ ਦੇਬੂ ਸੇਨ ਨੇ ਸੁਝਾਇਆ। ਇਸ ਤਰ੍ਹਾਂ 1963 ਵਿਚ ਬੰਦਨੀ ਫ਼ਿਲਮ ਦੇ 'ਮੋਰਾ ਗੋਰਾ ਰੰਗ' ਦੇ ਗੀਤ ਨਾਲ ਗੁਲਜ਼ਾਰ ਨੇ ਦੱਸਿਆ ਕਿ ਉਹ ਲੰਬੇ ਸਮੇਂ ਤਕ ਟਿਕਣ ਵਾਲੇ ਹਨ।

ਬਿਮਲ ਰਾਏ ਦੇ ਸਹਾਇਕ ਵਜੋਂ ਫ਼ਿਲਮੀ ਸਫ਼ਰ ਦੀ ਸ਼ੁਰੂਆਤ ਕਰਨ ਵਾਲੇ ਗੁਲਜ਼ਾਰ ਦਾ ਕਹਿਣਾ ਹੈ, "ਬਿਮਲ ਰਾਏ ਦੀ ਛਾਪ ਯਕੀਨਨ ਮੇਰੀਆਂ ਫ਼ਿਲਮਾਂ ਵਿਚ ਨਜ਼ਰ ਆਉਂਦੀ ਹੈ। ਉਨ੍ਹਾਂ ਦੇ ਤਕਰੀਬਨ ਸਾਰੇ ਅਸਿਸਟੈਂਟ ਦਾ ਵੀ ਇਹੀ ਹਾਲ ਹੈ। ਬਿਮਲ ਰਾਏ ਵਾਂਗ ਹੀ ਸਾਰਿਆਂ ਨੇ ਸਾਹਿਤ ਨੂੰ ਆਪਣੀਆਂ ਫ਼ਿਲਮਾਂ ਦਾ ਆਧਾਰ ਬਣਾਇਆ, ਭਾਵੇਂ ਉਹ ਬਾਸੂ ਚੈਟਰਜੀ ਹੋਣ ਜਾਂ ਰਿਸ਼ੀਕੇਸ਼ ਮੁਖਰਜੀ। ਮੈਂ ਵੀ ਸਾਹਿਤ ਤੋਂ ਕਹਾਣੀਆਂ ਲਈਆਂ ਹਨ। ਹਾਂ ਚੋਣ ਅਤੇ ਇਜ਼ਹਾਰ ਹਰ ਸ਼ਖ਼ਸ ਦਾ ਆਪਣਾ ਵੱਖਰਾ ਵੱਖਰਾ ਹੁੰਦਾ ਹੈ।"

ਕਹਾਣੀ, ਗੀਤ, ਸੰਵਾਦ, ਸ਼ਾਇਰੀ-ਸਾਹਿਤ ਦੀਆਂ ਲਗਭਗ ਸਾਰੀਆਂ ਵਿਧਾਵਾਂ ਵਿਚ ਧਾਕ ਰੱਖਣ ਵਾਲੇ ਗੁਲਜ਼ਾਰ ਨੇ ਅੱਜ ਤਕ ਕੋਈ ਨਾਵਲ ਨਹੀਂ ਲਿਖਿਆ। ਇਸ ਦਾ ਕਾਰਨ ਉਹ ਦੱਸਦੇ ਹਨ, "ਕੋਸ਼ਿਸ਼ ਤਾਂ ਕੀਤੀ ਸੀ ਪਰ ਹੋ ਨਹੀਂ ਸਕਿਆ। ਮੇਰੇ ਤੋਂ ਫੈਲਾਅ ਨਹੀਂ ਹੁੰਦਾ। 20-30 ਪੰਨਿਆਂ ਵਿਚ ਕਹਾਣੀ ਖ਼ਤਮ ਹੋ ਜਾਂਦੀ ਹੈ, ਤਾਂ ਸੌ ਪੰਨੇ ਕਿਵੇਂ ਬਣਨ। ਮੈਂ ਆਪਣੇ ਲਿਖਣ ਦਾ ਕੋਈ ਫਾਰਮੂਲਾ ਨਹੀਂ ਬਣਾਇਆ। ਮੈਂ ਬੱਸ ਇਵੇਂ ਹੀ ਕਰਦਾ ਹਾਂ।"

ਬਿਮਲ ਰਾਏ ਦੀ ਮੌਤ ਮਗਰੋਂ ਗੁਲਜ਼ਾਰ ਰਿਸ਼ੀਕੇਸ਼ ਮੁਖਰਜੀ ਦੇ ਸਹਾਇਕ ਬਣੇ। ਰਿਸ਼ੀਕੇਸ਼ ਮੁਖਰਜੀ ਦੀਆਂ ਫ਼ਿਲਮਾਂ ਦੇ ਸਕਰੀਨ ਪਲੇਅ ਅਤੇ ਗੀਤਾਂ ਨੇ ਗੁਲਜ਼ਾਰ ਨੂੰ ਬੇਹੱਦ ਕਾਮਯਾਬ ਬਣਾਇਆ। ਇਸ ਵਿਚ ਆਸ਼ੀਰਵਾਦ, ਆਨੰਦ ਅਤੇ ਗੁੱਡੀ ਵਰਗੀਆਂ ਬਿਹਤਰੀਨ ਫ਼ਿਲਮਾਂ ਸ਼ਾਮਲ ਹਨ। 'ਆਨੰਦ' ਲਈ ਗੁਲਜ਼ਾਰ ਨੂੰ ਪਹਿਲੀ ਵਾਰ ਫ਼ਿਲਮ ਫੇਅਰ ਪੁਰਸਕਾਰ ਮਿਲਿਆ। ਉਹ ਏਨੇ ਨਰਵਸ ਸਨ ਕਿ ਉਹ ਇਸ ਨੂੰ ਲੈਣ ਲਈ ਸਟੇਜ 'ਤੇ ਨਹੀਂ ਗਏ। ਹਾਲਾਂਕਿ ਬਾਅਦ ਵਿਚ ਉਨ੍ਹਾਂ ਨੂੰ ਅਜਿਹੇ ਐਵਾਰਡ ਲੈਣ ਲਈ 19 ਵਾਰ ਸਟੇਜ 'ਤੇ ਚੜ੍ਹਨਾ ਪਿਆ। ਵੈਸੇ ਗੁਲਜ਼ਾਰ ਨੂੰ ਪਹਿਲੇ ਸਨਮਾਨ ਮਗਰੋਂ ਤਾਂ ਐਵਾਰਡ ਲੈਣ ਦੀ ਆਦਤ ਜਿਹੀ ਪੈ ਗਈ ਸੀ ਕਿਉਂਕਿ ਉਨ੍ਹਾਂ ਦਾ ਕੰਮ ਐਵਾਰਡ ਸਮਾਰੋਹ ਵਿਚ ਇਨਾਮ ਜਿੱਤਣ ਲਾਇਕ ਹੀ ਹੁੰਦਾ ਸੀ।

ਗੁਲਜ਼ਾਰ ਮੰਨਦੇ ਹਨ ਕਿ ਲੇਖਕ ਲਈ 'ਮੈਂਟਲ ਬਲਾਕ' ਹੋਣਾ ਬਹੁਤ ਆਮ ਗੱਲ ਹੈ। ਪਰ ਕਿਉਂਕਿ ਉਨ੍ਹਾਂ ਕੋਲ ਪ੍ਰਗਟਾਵੇ ਦੇ ਬਹੁਤ ਸਾਰੇ ਜ਼ਰੀਏ ਹਨ, ਇਸ ਲਈ ਅਜਿਹਾ ਹੋਣ 'ਤੇ ਉਹ ਇਕ ਨਹੀਂ ਤਾਂ ਦੂਸਰੇ ਮਾਧਿਅਮ ਨਾਲ ਖ਼ੁਦ ਨੂੰ ਪੇਸ਼ ਕਰ ਲੈਂਦੇ ਹਨ। ਉਨ੍ਹਾਂ ਦਾ ਕਹਿਣਾ ਹੈ, "ਅਜਿਹਾ ਤਾਂ ਹੁੰਦਾ ਹੈ ਪਰ 6-7 ਮਹੀਨਿਆਂ ਤਕ ਨਾ ਲਿਖ ਸਕਾਂ, ਅਜਿਹੀ ਅਯਾਸ਼ੀ ਦੀ ਗੁੰਜਾਇਸ਼ ਮੇਰੇ ਕੋਲ ਨਹੀਂ ਹੈ। ਮੈਂ ਲੇਖਕ ਹਾਂ ਅਤੇ ਇਹ ਮੇਰੀ ਕਮਾਈ ਦਾ ਜ਼ਰੀਆ ਹੈ। ਜੇਕਰ ਲਿਖਾਂਗਾ ਨਹੀਂ ਤਾਂ ਖਾਉਂਗਾ ਕਿਵੇਂ।"

ਰਿਸ਼ੀਕੇਸ਼ ਮੁਖਰਜੀ ਦੇ ਸਹਾਇਕ ਮਗਰੋਂ ਗੁਲਜ਼ਾਰ ਬਤੌਰ ਨਿਰਦੇਸ਼ਕ ਵੀ ਕਾਫ਼ੀ ਕਾਮਯਾਬ ਹੋਏ। ਉਨ੍ਹਾਂ ਦੀਆਂ ਫ਼ਿਲਮਾਂ ਵਿਚ 'ਮੇਰੇ ਅਪਨੇ', 'ਪਰਿਚੈ', 'ਕੋਸ਼ਿਸ਼', 'ਅਚਾਨਕ', 'ਮਾਚਿਸ' ਅਤੇ 'ਆਂਧੀ' ਵਰਗੀਆਂ ਲੀਹ ਤੋਂ ਹਟ ਕੇ ਬਣੀਆਂ ਫ਼ਿਲਮਾਂ ਸ਼ਾਮਲ ਹਨ। ਮਾਚਿਸ ਮਗਰੋਂ ਗੁਲਜ਼ਾਰ ਨੇ ਫ਼ਿਲਮ ਨਿਰਦੇਸ਼ਨ ਨੂੰ ਅਲਵਿਦਾ ਕਹਿ ਦਿੱਤਾ। ਗੀਤ ਲਿਖਣ ਲੱਗੇ। ਤਾਂ ਕੁਝ ਹੀ ਵਰ੍ਹਿਆਂ ਵਿਚ ਸਲੱਮਡਾਗ ਮਿਲੇਨੀਅਰ ਲਈ ਆਸਕਰ ਜਿੱਤ ਲਿਆ। 'ਬੀੜੀ ਜਲਈਲੇ' ਤੋਂ ਲੈ ਕੇ 'ਦਿਲ ਤੋ ਬੱਚਾ ਹੈ ਜੀ' ਵਿਚ ਗੁਲਜ਼ਾਰ ਕੁਝ ਜ਼ਿਆਦਾ ਹੀ ਪ੍ਰਯੋਗ ਕਰਦੇ ਨਜ਼ਰ ਆਏ ਅਤੇ ਇਸ ਵਿਚ ਖ਼ਾਸੇ ਕਾਮਯਾਬ ਰਹੇ।

ਹਾਲਾਂਕਿ ਇਸ ਪੂਰੇ ਸਫ਼ਰ ਦੌਰਾਨ ਗੁਲਜ਼ਾਰ 'ਤੇ ਦੂਸਰਿਆਂ ਨੂੰ ਨਕਲ ਕਰਨ ਦੇ ਦੋਸ਼ ਵੀ ਬਹੁਤ ਲੱਗੇ। ਭਾਵੇਂ ਉਹ 'ਇਬਨੇ ਬਤੂਤਾ, ਪਹਿਨਕੇ ਜੂਤਾ ਵਾਲਾ ਗਾਣਾ ਹੋਵੇ ਜਾਂ ਫੇਰ 'ਸਸੁਰਾਲ ਗੇਂਦਾ ਫੂਲ'। ਗਾਲਿਬ ਦੇ ਸ਼ਿਅਰਾਂ ਦਾ ਤਾਂ ਗੁਲਜ਼ਾਰ ਏਨਾ ਇਸਤਮਾਲ ਕਰ ਚੁੱਕੇ ਹਨ ਕਿ ਇਸੇ ਲਈ ਖ਼ੁਦ ਹੀ ਕਹਿੰਦੇ ਹਨ ਕਿ ਉਹ ਗਾਲਿਬ ਦੇ ਨਾਂਅ ਦੀ ਪੈਨਸ਼ਨ ਖਾ ਰਹੇ ਹਨ।

ਗੁਲਜ਼ਾਰ ਕਹਿੰਦੇ ਹਨ-"ਗਾਲਿਬ ਦਾ ਉਧਾਰ ਲੈਣਾ ਤੇ ਉਧਾਰ ਨਾ ਚੁਕਾ ਸਕਣ ਲਈ ਬਹਾਨੇ ਭਾਲਣਾ, ਫੇਰ ਆਪਣੀ ਖਬਤੀ ਦਾ ਇਜ਼ਹਾਰ ਕਰਨਾ ਜਜ਼ਬਾਤੀ ਤੌਰ 'ਤੇ ਮੈਨੂੰ ਗਾਲਿਬ ਦੇ ਨੇੜੇ ਲੈ ਜਾਂਦਾ ਹੈ।" ਹਾਲਾਂਕਿ ਵਾਰ-ਵਾਰ ਉਨ੍ਹਾਂ ਨੇ ਇਹ ਸਿੱਧ ਕੀਤਾ ਹੈ ਕਿ ਉਹ ਨਕਲ ਕਰਨ ਵਿਚ ਵੀ ਖ਼ੂਬ ਕਾਮਯਾਬ ਰਹੇ।

ਗੁਲਜ਼ਾਰ ਉਮਰ ਦੇ ਆਖ਼ਰੀ ਪੜਾਅ ਵਿਚ ਹਨ ਤੇ ਇਨ੍ਹੀਂ ਦਿਨੀਂ ਆਪਣੀ ਤਬੀਅਤ ਦਾ ਕੰਮ ਕਰ ਰਹੇ ਹਨ। ਕਵਿਤਾਵਾਂ ਲਿਖ ਰਹੇ ਹਨ। ਰਵਿੰਦਰ ਨਾਥ ਟੈਗੋਰ ਦੀਆਂ ਕਵਿਤਾਵਾਂ ਦਾ ਅਨੁਵਾਦ ਕਰ ਰਹੇ ਹਨ। ਤਿੰਨ ਦਹਾਕੇ ਪਹਿਲਾਂ ਆਪਣੀ ਧੀ ਬੋਸਕੀ ਭਾਵ ਮੇਘਨਾ ਲਈ ਬੋਸਕੀ ਦਾ ਪੰਚਤੰਤਰ ਲਿਖਿਆ ਸੀ, ਤਾਂ ਹੁਣ ਆਪਣੇ ਦੋਹਤੇ ਸਮਯ ਲਈ ਨਵੇਂ ਸਿਰੇ ਤੋਂ ਪੰਚਤੰਤਰ ਲਿਖ ਰਹੇ ਹਨ।

ਇਸ ਮੁਕਾਮ 'ਤੇ ਵੀ ਗੁਲਜ਼ਾਰ ਲਈ ਕੁਝ ਚੀਜ਼ਾਂ ਅੱਜ ਵੀ ਬਦਲੀਆਂ ਨਹੀਂ। ਮੁੰਬਈ ਵਿਚ ਰਹਿਣ ਮਗਰੋਂ ਵੀ ਗੁਲਜ਼ਾਰ ਤੜਕੇ ਪੰਜ ਵਜੇ ਉਠ ਜਾਂਦੇ ਹਨ। ਕਹਿੰਦੇ ਹਨ, "ਸੂਰਜ ਉਨ੍ਹਾਂ ਨੂੰ ਜਗਾਏ, ਉਸ ਤੋਂ ਪਹਿਲਾਂ ਉਹ ਸੂਰਜ ਨੂੰ ਜਗਾਉਣਾ ਚਾਹੁੰਦੇ ਹਨ।"

ਰੋਜ਼ਾਨਾ ਬਾਂਦਰਾ ਦੇ ਜਿੰਮਖਾਨਾ ਕਲੱਬ ਵਿਚ ਟੈਨਿਸ ਖੇਡੇ ਬਿਨਾਂ ਗੁਲਜ਼ਾਰ ਦਾ ਦਿਨ ਸ਼ੁਰੂ ਹੀ ਨਹੀਂ ਹੁੰਦਾ। ਟੀ.ਵੀ. 'ਤੇ ਟੈਨਿਸ ਤੇ ਕ੍ਰਿਕਟ ਦਾ ਮੈਚ ਆ ਰਿਹਾ ਹੋਵੇ ਤਾਂ ਗੁਲਜ਼ਾਰ ਕੋਈ ਦੂਸਰਾ ਕੰਮ ਨਹੀਂ ਕਰਦੇ। ਉਹ ਰੋਜਰ ਫੈਡਰਰ, ਆਂਦਰੇ ਆਗਾਸੀ ਤੇ ਜਾਨ ਮੈਕਨੇਰੋ ਵਰਗੇ ਸਿਤਾਰਿਆਂ ਦੇ ਪ੍ਰਸੰਸਕ ਹਨ। ਕ੍ਰਿਕਟ ਦੇ ਮੈਦਾਨ ਵਿਚ ਉਹ ਸੁਨੀਲ ਗਵਾਸਕਰ ਅਤੇ ਵਸੀਮ ਅਕਰਮ ਦੇ ਮੁਰੀਦ ਰਹੇ ਹਨ। ਕ੍ਰਿਕਟ ਨਾਲ ਗੁਲਜ਼ਾਰ ਨੂੰ ਏਨਾ ਮੋਹ ਹੈ ਕਿ ਉਹ ਆਪਣੇ ਸੁਪਨੇ ਵਿਚ ਕਈ ਵਾਰ ਖ਼ੁਦ ਨੂੰ ਕ੍ਰਿਕਟ ਖੇਡਦੇ ਦੇਖਦੇ ਹਨ।

ਗੁਲਜ਼ਾਰ ਦੀ ਸ਼ਖ਼ਸੀਅਤ ਵਿਚ ਇਕ ਖ਼ਾਸ ਗੱਲ ਹੋਰ ਹੈ। ਸ਼ਾਂਤ ਚਿਤ ਨਜ਼ਰ ਆਉਣ ਵਾਲੇ ਗੁਲਜ਼ਾਰ ਨੂੰ ਤੇਜ਼ ਰਫ਼ਤਾਰ ਨਾਲ ਕਾਰ ਚਲਾਉਣ ਦੀ ਆਦਤ ਹੈ ਤੇ ਇਸ ਲਈ ਉਹ ਕਦੇ-ਕਦਾਈਂ ਗੱਡੀ ਲੈ ਕੇ ਲੰਬੀ ਡਰਾਈਵ 'ਤੇ ਨਿਕਲ ਪੈਂਦੇ ਹਨ।

# ਗੁਲਜ਼ਾਰ ਨੇ ਝਗੜਾ ਖ਼ਤਮ ਕਰਵਾਇਆ: ਲਤਾ ਮੰਗੇਸ਼ਕਰ

80 ਵਰ੍ਹਿਆਂ ਦੇ ਗੁਲਜ਼ਾਰ ਦੇ ਲਿਖੇ ਗਾਣਿਆਂ ਦੇ ਕਰੋੜਾਂ ਪ੍ਰਸ਼ੰਸਕ ਹਨ। ਪਰ ਜਦੋਂ ਉਹ ਜਵਾਨ ਸਨ ਤਾਂ ਵੀ ਉਨ੍ਹਾਂ ਦੇ ਕਦਰਦਾਨਾਂ ਦੀ ਕਮੀ ਨਹੀਂ ਸੀ। ਉਨ੍ਹਾਂ ਦੇ ਲਿਖੇ ਇਕ ਗਾਣੇ ਦੀ ਮਹਿਮਾ ਨੇ ਸੰਗੀਤਕਾਰ ਐਸ.ਡੀ. ਬਰਮਨ ਅਤੇ ਗਾਇਕਾ ਲਤਾ ਮੰਗੇਸ਼ਕਰ ਵਿਚਾਲੇ ਰਿਸ਼ਤਿਆਂ 'ਤੇ ਪਈ ਬਰਫ਼ ਪਿਘਲਾ ਦਿੱਤੀ ਸੀ। ਦਰਅਸਲ, 60 ਵੇਂ ਦਹਾਕੇ ਵਿਚ ਲਤਾ ਅਤੇ ਸਚਿਨਦੇਵ ਬਰਮਨ ਵਿਚਾਲੇ ਕਿਸੇ ਗੱਲ ਨੂੰ ਲੈ ਕੇ ਝਗੜਾ ਚੱਲ ਰਿਹਾ ਸੀ ਤੇ ਲਤਾ ਉਨ੍ਹਾਂ ਲਈ ਗਾ ਨਹੀਂ ਰਹੀ ਸੀ। ਲਤਾ ਨੇ ਦੱਸਿਆ, "ਬਰਮਨ ਦਾਦਾ ਨਾਲ ਮੇਰਾ ਝਗੜਾ ਚੱਲ ਰਿਹਾ ਸੀ। ਇਸ ਦੌਰਾਨ ਇਕ ਦਿਨ ਉਨ੍ਹਾਂ ਦਾ ਫ਼ੋਨ ਆਇਆ ਕਿ ਇਕ ਨਵਾਂ ਲੜਕਾ ਆਇਆ ਹੈ, ਉਸ ਨੇ ਫ਼ਿਲਮ 'ਬੰਦਨੀ' ਲਈ ਇਹ ਗਾਣਾ ਲਿਖਿਆ ਹੈ 'ਮੋਰਾ ਗੋਰਾ ਅੰਗ ਲਈ ਲੇ, ਮੋਹੇ ਸ਼ਿਆਮ ਰੰਗ ਦਈ ਦੇ'। ਮੈਨੂੰ ਇਹ ਗਾਣਾ ਏਨਾ ਪਸੰਦ ਆਇਆ ਕਿ ਮੈਂ ਗਾਣੇ ਲਈ ਮੰਨ ਗਈ।"



ਲਤਾ ਮੰਗੇਸ਼ਕਰ ਮੁਤਾਬਕ ਗੁਲਜ਼ਾਰ ਦੀ ਸ਼ਾਇਰੀ ਬਾਕੀ ਸ਼ਾਇਰਾਂ ਨਾਲੋਂ ਬਿਲਕੁਲ ਵੱਖਰੀ ਹੁੰਦੀ ਹੈ। ਉਨ੍ਹਾਂ ਦੇ ਸੋਚਣ ਦਾ ਢੰਗ ਬਿਲਕੁਲ ਵੱਖਰਾ ਹੈ। ਉਹ ਕਹਿੰਦੀ ਹੈ, "ਕਈ ਵਾਰ ਮੈਂ ਉਨ੍ਹਾਂ ਨੂੰ ਪੁੱਛਦੀ ਹਾਂ ਕਿ ਤੁਸੀਂ ਇਹ ਸ਼ਬਦ ਕਿਉਂ ਲਿਖਿਆ ਹੈ ਜਾਂ ਇਹ ਲਾਈਨ ਕਿਉਂ ਲਿਖੀ ਹੈ, ਤਾਂ ਉਹ ਸਿਰਫ਼ ਹੱਸ ਦਿੰਦੇ ਤੇ ਕਹਿੰਦੇ, 'ਮੈਨੂੰ ਚੰਗਾ ਲੱਗਾ ਤੇ ਮੈਂ ਲਿਖ ਦਿੱਤਾ।' ਉਹ ਉਸ ਦੀ ਕੋਈ ਵਜ੍ਹਾ ਨਹੀਂ ਦੱਸਦੇ। ਉਨ੍ਹਾਂ ਨੂੰ ਜੋ ਚੰਗਾ ਲਗਦਾ ਹੈ, ਉਹ ਉਹੀ ਲਿਖਦੇ ਹਨ।"

ਗੁਲਜ਼ਾਰ ਦੇ ਲਿਖੇ ਲਤਾ ਦੇ ਪਸੰਦੀਦਾ ਗਾਣੇ ਹਨ-'ਨਾਮ ਗੁਮ ਜਾਏਗਾ, ਚੇਹਰਾ ਯੇ ਬਦਲ ਜਾਏਗਾ', 'ਯਾਰਾ ਸੀਲੀ-ਸੀਲੀ' ਅਤੇ 'ਪਾਨੀ-ਪਾਨੀ ਰੇ'। ਲਤਾ ਨੇ ਦੱਸਿਆ ਕਿ ਉਨ੍ਹਾਂ ਦੇ ਵੱਡੇ ਭਰਾ ਹਿਰਦੈਨਾਥ ਮੰਗੇਸ਼ਕਰ ਵੀ ਗੁਲਜ਼ਾਰ ਦੇ ਬਹੁਤ ਵੱਡੇ ਪ੍ਰਸ਼ੰਸਕ ਹਨ। ਉਹ ਦੱਸਦੀ ਹੈ, "ਮੈਂ ਭਗਵਾਨ ਦੀ ਸ਼ੁਕਰਗੁਜ਼ਾਰ ਹਾਂ ਕਿ ਮੈਨੂੰ ਗੁਲਜ਼ਾਰ ਦੇ ਲਿਖੇ ਢੇਰ ਸਾਰੇ ਗਾਣੇ ਗਾਉਣ ਦਾ ਮੌਕਾ ਮਿਲਿਆ। ਉਨ੍ਹਾਂ ਨੇ ਆਰ.ਡੀ. ਬਰਮਨ ਤੋਂ ਲੈ ਕੇ ਵਿਸ਼ਾਲ ਤਕ ਲਈ ਗਾਣੇ ਲਿਖੇ।"

# ਗੁਲਜ਼ਾਰ-ਰਾਖੀ ਦੇ ਤਲਾਕ 'ਤੇ ਬੋਸਕੀ ਦਾ ਜਵਾਬ



**ਇੰਦੂ ਪਾਂਡੇ**

ਇਕ ਗੀਤਕਾਰ ਜੋ ਪਿਤਾ ਹੈ, ਪਤੀ ਹੈ ਤੇ ਇਸ ਗੀਤਕਾਰ ਗੁਲਜ਼ਾਰ ਨੂੰ ਤਾਂ ਅਸੀਂ ਸਾਰੇ ਬਹੁਤ ਚੰਗੀ ਤਰ੍ਹਾਂ ਜਾਣਦੇ ਹਾਂ। ਪਰ ਗੁਲਜ਼ਾਰ ਨੂੰ ਉਨ੍ਹਾਂ ਦੀ ਧੀ ਮੇਘਨਾ ਗੁਲਜ਼ਾਰ ਦੇ ਨਜ਼ਰੀਏ ਨਾਲ ਵੀ ਜਾਣਨਾ ਦਿਲਚਸਪ ਅਨੁਭਵ ਹੈ। ਮੇਘਨਾ ਨੇ ਗੁਲਜ਼ਾਰ ਦੀ ਸ਼ਖ਼ਸੀਅਤ ਦੇ ਉਸ ਪਹਿਲੂ ਨੂੰ ਸਾਂਝਾ ਕੀਤਾ ਜਿਸ ਤੋਂ ਜ਼ਿਆਦਾ ਲੋਕ ਵਾਕਫ਼ ਨਹੀਂ ਹਨ। ਇਕ ਪਿਤਾ ਵਜੋਂ ਕਿਹੋ ਜਿਹੇ ਹਨ ਗੁਲਜ਼ਾਰ।

ਗੁਲਜ਼ਾਰ ਆਪਣੀ ਧੀ ਮੇਘਨਾ ਨੂੰ ਪਿਆਰ ਨਾਲ 'ਬੋਸਕੀ' ਕਹਿੰਦੇ ਹਨ। ਬੋਸਕੀ ਦਾ ਮਤਲਬ ਹੁੰਦਾ ਹੈ 'ਨਰਮ'। ਜਦੋਂ ਬੋਸਕੀ ਨੂੰ ਉਸ ਦੇ ਪਿਤਾ ਗੁਲਜ਼ਾਰ ਬਾਰੇ ਪੁੱਛਿਆ ਤਾਂ ਉਹ ਬੋਲੀ, "ਪਾਪਾ ਬਹੁਤ ਹੀ ਸੰਵੇਦਨਸ਼ੀਲ ਇਨਸਾਨ ਹਨ। ਉਨ੍ਹਾਂ ਦੀ ਨਜ਼ਾਕਤ, ਉਨ੍ਹਾਂ ਦੀ ਨਰਮੀ ਉਨ੍ਹਾਂ ਦੇ ਹਰ ਕੰਮ ਵਿਚ ਝਲਕਦੀ ਹੈ। ਉਨ੍ਹਾਂ ਦੇ ਗੀਤਾਂ ਵਿਚ ਉਹ ਨਰਮੀ ਗੁਣਗੁਣਾਉਂਦੀ ਹੈ।" ਉਹ ਅੱਗੇ ਦੱਸਦੀ ਹੈ, "ਇਕ ਪਿਤਾ ਵਜੋਂ ਉਹ ਬਿਲਕੁਲ ਆਪਣੇ ਸੁਭਾਅ ਵਾਂਗ ਹੀ ਨਰਮ ਹਨ ਤੇ ਹੁਣ ਮੈਂ ਜਦੋਂ ਉਨ੍ਹਾਂ ਨੂੰ ਆਪਣੇ ਬੇਟੇ ਨਾਲ ਦੇਖਦੀ ਹਾਂ ਤਾਂ ਮੈਨੂੰ ਸਾਫ਼ ਦਿਖਾਈ ਦਿੰਦਾ ਹੈ ਕਿ ਉਹ ਬਚਪਨ ਵਿਚ ਮੇਰੇ ਨਾਲ ਕਿਵੇਂ ਰਹੇ ਹੋਣਗੇ।"

ਗੁਲਜ਼ਾਰ ਫ਼ਿਲਮਕਾਰ ਵਿਸ਼ਾਲ ਭਾਰਦਵਾਜ ਦੇ ਬੇਹੱਦ ਕਰੀਬ ਹਨ। ਇਸ ਬਾਰੇ ਗੁਲਜ਼ਾਰ ਦਾ ਕਹਿਣਾ ਹੈ, "ਦੇਖੋ ਜਦੋਂ ਦੋ ਰਚਨਾਤਮਕ ਲੋਕ ਮਿਲਦੇ ਹਨ ਅਤੇ ਜਦੋਂ ਉਹ ਦੋਵੇਂ ਇਕ-ਦੂਸਰੇ ਦੇ ਸੁਰ ਵਿਚ ਬੰਨ੍ਹੇ ਜਾਂਦੇ ਹਨ, ਫਿਰ ਉਨ੍ਹਾਂ ਦੋਹਾਂ ਵਿਚਾਲੇ ਬਣਦਾ ਰਿਸ਼ਤਾ ਕਦੇ ਵਿਗੜਦਾ ਨਹੀਂ।"

ਮੇਘਨਾ ਦੱਸਦੀ ਹੈ, "ਅਜਿਹਾ ਹੀ ਰਿਸ਼ਤਾ ਹੈ ਪਾਪਾ ਤੇ ਵਿਸ਼ਾਲ ਵਿਚਾਲੇ। ਉਹ ਦੋਵੇਂ ਇਕ-ਦੂਸਰੇ ਦੀ ਬਹੁਤ ਇੱਜ਼ਤ ਕਰਦੇ ਹਨ। ਕੰਮ ਦੀ ਬਹੁਤ ਇੱਜ਼ਤ ਕਰਦੇ ਹਨ। ਜੋ ਸਾਰਿਆਂ ਤੋਂ ਚੰਗੀ ਗੱਲ ਹੈ, ਉਹ ਇਹ ਕਿ ਸਮੇਂ ਦੇ ਨਾਲ ਇਹ ਰਿਸ਼ਤਾ ਪਰਿਵਾਰਕ ਬਣ ਗਿਆ ਹੈ।"

ਫ਼ਿਲਮਕਾਰ ਗੁਲਜ਼ਾਰ ਨੇ 60-70 ਵੇਂ ਦਹਾਕੇ ਦੀ ਮਸ਼ਹੂਰ ਅਭਿਨੇਤਰੀ ਰਾਖੀ ਨਾਲ ਵਿਆਹ ਰਚਾਇਆ ਸੀ। ਪਰ ਦੋਵਾਂ ਵਿਚਾਲੇ ਜਲਦੀ ਹੀ ਮਤਭੇਦ ਹੋ ਗਏ ਅਤੇ ਫੇਰ ਦੋਵੇਂ ਵੱਖ-ਵੱਖ ਰਹਿਣ ਲੱਗੇ। ਇਸ ਬਾਰੇ ਮੇਘਨਾ ਨੇ ਦੱਸਿਆ, "ਚੰਗਾ ਹੋਇਆ ਦੋਵੇਂ ਵੱਖ ਹੋ ਗਏ, ਕਿਉਂਕਿ ਮਤਭੇਦ ਹੋਣ ਦੇ ਬਾਵਜੂਦ ਇਕੱਠੇ ਰਹਿਣ ਨਾਲੋਂ ਚੰਗਾ ਹੈ, ਸਕੂਨ ਨਾਲ ਵੱਖ ਵੱਖ ਰਹਿਣਾ। ਦੋਹਾਂ ਨੇ ਆਪਣੇ ਇਕੱਲੇਪਣ ਨੂੰ ਕੰਮ ਨਾਲ ਭਰ ਲਿਆ ਹੈ।"

ਇਹ ਪੁੱਛੇ ਜਾਣ 'ਤੇ ਕਿ ਮੇਘਨਾ ਨੇ ਆਪਣੇ ਪਾਪਾ ਨੂੰ ਕਦੇ ਰੰਗੀਨ ਕੱਪੜੇ ਪਹਿਣਨ ਲਈ ਕਿਹਾ ਤਾਂ ਉਸ ਨੇ ਕਿਹਾ, "ਮੈਨੂੰ ਕਦੇ ਲੱਗਾ ਨਹੀਂ ਕਿ ਇਨ੍ਹਾਂ ਨੂੰ ਬਦਲਣਾ ਚਾਹੀਦਾ ਹੈ। ਜਦੋਂ ਅਸੀਂ ਇਕ ਦਫ਼ਾ ਨਿਊਯਾਰਕ ਗਏ ਸੀ ਤਾਂ ਉਥੇ ਮੈਂ ਪਾਪਾ ਨੂੰ ਇਕ ਬਲਿਊ ਜਾਂ ਗਰੇਅ ਵਿੰਟਰ ਕੋਟ ਖ਼ਰੀਦ ਕੇ ਦਿੱਤਾ ਸੀ। ਇਸ ਤੋਂ ਇਲਾਵਾ ਮੈਂ ਕਦੇ ਵੀ ਉਨ੍ਹਾਂ ਨੂੰ ਰੰਗੀਨ ਕੱਪੜਿਆਂ ਵਿਚ ਨਹੀਂ ਦੇਖਿਆ। ਮੇਰੇ ਵਿਆਹ 'ਤੇ ਵੀ ਉਨ੍ਹਾਂ ਨੇ ਆਫ਼ ਵ੍ਹਾਈਟ ਰੰਗ ਦਾ ਕੁੜਤਾ ਪਾਇਆ ਸੀ।"

ਗੁਲਜ਼ਾਰ ਦੇ ਟੈਨਿਸ ਦੇ ਸ਼ੌਕ ਬਾਰੇ ਮੇਘਨਾ ਦੱਸਦੀ ਹੈ, "ਉਹ ਹਾਲੇ ਵੀ ਟੈਨਿਸ ਖੇਡਦੇ ਹਨ ਤੇ ਆਪਣੇ ਦੋਸਤਾਂ ਨੂੰ ਹਰਾ ਕੇ ਆਉਂਦੇ ਹਨ। ਘਰ ਆ ਕੇ ਆਪਣੀ ਜਿੱਤ ਦਾ ਇਜ਼ਹਾਰ ਕਰਦੇ ਨਹੀਂ ਥੱਕਦੇ। ਉਹ ਇਹੀ ਕਹਿੰਦੇ ਹਨ ਕਿ ਹੁਣ ਤਾਂ ਮੇਰੇ ਖੇਡਣ ਦੇ ਦਿਨ ਹਨ।"

# ਗੁਲਜ਼ਾਰ ਸਾਹਿਬ ਦਾ ਖ਼ੌਫ਼ ਸੀ: ਸ਼ਰਮਿਲਾ ਟੈਗੋਰ



**ਵਿਦਿਤ ਮਹਿਰਾ**

ਸ਼ਰਮਿਲਾ ਨੇ ਗੁਲਜ਼ਾਰ ਨਿਰਦੇਸ਼ਤ ਫ਼ਿਲਮ 'ਨਮਕੀਨ' ਵਿਚ ਕੰਮ ਕੀਤਾ ਹੈ। ਉਨ੍ਹਾਂ ਦੀ ਹੀ ਫ਼ਿਲਮ 'ਮੌਸਮ' ਲਈ ਸ਼ਰਮਿਲਾ ਨੂੰ ਰਾਸ਼ਟਰੀ ਪੁਰਸਕਾਰ ਮਿਲਿਆ ਸੀ। ਗੁਲਜ਼ਾਰ ਵਕਤ ਦੇ ਬੜੇ ਪਾਬੰਦ ਹਨ। ਗੁਲਜ਼ਾਰ ਦੀ ਸ਼ਖ਼ਸੀਅਤ ਬਿਆਨ ਕਰਦਿਆਂ ਸ਼ਰਮਿਲਾ ਕਹਿੰਦੀ ਹੈ, "ਗੁਲਜ਼ਾਰ ਜਿਵੇਂ ਦਿਖਾਈ ਦਿੰਦੇ ਹਨ, ਵੈਸੇ ਉਹ ਹੈ ਨਹੀਂ। ਉਹ ਬਹੁਤ ਹੀ ਕਾਇਦੇ ਕਾਨੂੰਨ ਵਾਲੇ ਆਦਮੀ ਹਨ। ਹਰ ਵਕਤ ਉਨ੍ਹਾਂ ਦਾ ਖ਼ੌਫ਼ ਬਣਿਆ ਰਹਿੰਦਾ ਹੈ।" ਉਹ ਦੱਸਦੀ ਹੈ, "ਜੇਕਰ ਸੈੱਟ 'ਤੇ ਕੋਈ ਪੰਜ ਮਿੰਟ ਵੀ ਲੇਟ ਹੋ ਜਾਂਦਾ ਸੀ ਤਾਂ ਮਾਹੌਲ ਵਿਚ ਅਜੀਬ ਜਿਹੀ ਖਾਮੋਸ਼ੀ ਛਾ ਜਾਂਦੀ ਸੀ। ਹਾਲਾਂਕਿ ਉਹ ਬੜੇ ਹੀ ਹਸਮੁਖ ਇਨਸਾਨ ਹਨ, ਪਰ ਸਭ ਤੋਂ ਇਕ ਦੂਰੀ ਬਣਾ ਕੇ ਚੱਲਦੇ ਹਨ।"

ਗੁਲਜ਼ਾਰ ਨੇ ਕਾਫ਼ੀ ਕਵਿਤਾਵਾਂ ਲਿਖੀਆਂ ਹਨ ਅਤੇ ਉਨ੍ਹਾਂ ਨੇ ਮਿਰਜ਼ਾ ਗਾਲਿਬ ਨੂੰ ਲੈ ਕੇ ਵੀ ਕਾਫ਼ੀ ਸਾਰਾ ਖੋਜ ਕਾਰਜ ਕੀਤਾ ਹੈ। ਪਰ ਗੁਲਜ਼ਾਰ ਵਿਚ ਉਹ ਅਜਿਹੀ ਕਿਹੜੀ ਖ਼ਾਸ ਗੱਲ ਹੈ ਜੋ ਉਨ੍ਹਾਂ ਨੂੰ ਦੂਸਰੇ ਗੀਤਕਾਰਾਂ ਅਤੇ ਲੇਖਕਾਂ ਤੋਂ ਵੱਖ ਕਰਦੀ ਹੈ। ਸ਼ਰਮਿਲਾ ਇਸ ਸਵਾਲ 'ਤੇ ਕਹਿੰਦੀ ਹੈ, 'ਦੇਖੋ, ਉਨ੍ਹਾਂ ਵਿਚ ਅਜਿਹੀ ਕੋਈ ਇਕ ਖਾਸੀਅਤ ਨਹੀਂ ਹੈ, ਜਿਸ ਦੀ ਵਜ੍ਹਾ ਨਾਲ ਉਹ ਦੂਸਰਿਆਂ ਤੋਂ ਵੱਖ ਹੋਣ। ਗੁਲਜ਼ਾਰ ਦੇ ਸ਼ਬਦਾਂ ਦੀ ਚੋਣ, ਉਨ੍ਹਾਂ ਦੇ ਖ਼ਿਆਲ ਹੀ ਉਨ੍ਹਾਂ ਨੂੰ ਸਭ ਤੋਂ ਵੱਖ ਰੱਖਦਾ ਹੈ।" ਉਹ ਅੱਗੇ ਕਹਿੰਦੀ ਹੈ, "ਉਹ ਪੂਰੀ ਤਰ੍ਹਾਂ ਆਪਣੇ ਕੰਮ ਵਿਚ ਡੁੱਬ ਜਾਂਦੇ ਹਨ। ਇਕ ਦਫ਼ਾ ਉਹ ਦੱਸ ਰਹੇ ਸਨ ਕਿ ਉਹ ਕਿਵੇਂ ਇਕ ਖ਼ਿਆਲ ਵਿਚ ਖੋ ਗਏ ਤੇ ਉਹ ਰਾਤ ਭਰ ਉਸ ਬਾਰੇ ਸੋਚਦੇ ਰਹੇ। ਇਕ ਜਗ੍ਹਾ ਆ ਕੇ ਉਹ ਵਾਰ ਵਾਰ ਰੁਕ ਜਾਂਦੇ ਸਨ। ਉਨ੍ਹਾਂ ਸੋਚਿਆ ਕਿ ਹੁਣ ਸੋ ਜਾਂਦਾ ਹਾਂ, ਕੱਲ੍ਹ ਸਵੇਰੇ ਉੱਠ ਕੇ ਇਸ ਬਾਰੇ ਸੋਚਾਂਗਾ। ਅਗਲੇ ਦਿਨ ਜਦੋਂ ਉਹ ਸੋ ਕੇ ਉੱਠੇ ਤਾਂ ਉਨ੍ਹਾਂ ਨੇ ਉਸ ਰੁਕਾਵਟ ਨੂੰ ਪਲ ਭਰ ਵਿਚ ਹੀ ਦੂਰ ਕਰ ਦਿੱਤਾ। ਇਸ ਹਦ ਤਕ ਉਹ ਆਪਣੇ ਕੰਮ ਵਿਚ ਮਗਨ ਰਹਿੰਦੇ ਹਨ।"

ਸ਼ਰਮਿਲਾ ਟੈਗੋਰ ਦਾ ਬੇਟਾ ਸੈਫ਼ ਅਲੀ ਖਾਨ ਜਦੋਂ ਮੁੰਬਈ ਆਇਆ ਤਾਂ ਉਹ ਸਭ ਤੋਂ ਪਹਿਲਾਂ ਗੁਲਜ਼ਾਰ ਸਾਹਿਬ ਨੂੰ ਮਿਲਿਆ। ਸ਼ਰਮਿਲਾ ਟੈਗੋਰ ਦੱਸਦੀ ਹੈ, "ਮੈਂ ਸੈਫ਼ ਨੂੰ ਸਭ ਤੋਂ ਪਹਿਲਾਂ ਮੁੰਬਈ ਵਿਚ ਗੁਲਜ਼ਾਰ ਸਾਹਿਬ ਦੇ ਘਰ ਭੇਜਿਆ ਕਿਉਂਕਿ ਮੈਂ ਉਨ੍ਹਾਂ ਨੂੰ ਹੀ ਚੰਗੀ ਤਰ੍ਹਾਂ ਜਾਣਦੀ ਸੀ। ਸੈਫ਼ ਉਥੇ ਕੁਝ ਦਿਨ ਰੁਕਿਆ ਤੇ ਉਹ ਫੇਰ ਉਥੋਂ ਭੱਜ ਗਿਆ।" ਸ਼ਰਮਿਲਾ ਨੇ ਦੱਸਿਆ, "ਮੈਂ ਜਦੋਂ ਸੈਫ਼ ਨੂੰ ਪੁੱਛਿਆ ਤਾਂ ਉਸ ਨੇ ਕਿਹਾ ਕਿ 'ਗੁਲਜ਼ਾਰ ਸਾਹਿਬ ਤਾਂ ਇਕਦਮ ਇਕਾਂਤਵਾਸੀ ਹਨ। ਮੈਂ ਉਥੇ ਨਹੀਂ ਰਹਿ ਸਕਦਾ।' ਮੈਂ ਜਦੋਂ ਗੁਲਜ਼ਾਰ ਸਾਹਿਬ ਨੂੰ ਇਸ ਬਾਰੇ ਦੱਸਿਆ ਤਾਂ ਗੁਲਜ਼ਾਰ ਬੋਲੇ, 'ਕੋਈ ਨਹੀਂ ਬੱਚਾ ਹੈ, ਵਾਪਸ ਆ ਜਾਏਗਾ।'

# ਅਸੀਂ ਭਟਕਦੇ ਹਾਂ ਗੁਲਜ਼ਾਰ ਨਹੀਂ: ਦੀਪਤੀ ਨਵਲ

**ਸਵਾਤੀ ਬਖ਼ਸ਼ੀ**

ਗੁਲਜ਼ਾਰ ਨੂੰ ਲੰਬੇ ਸਮੇਂ ਤੋਂ ਜਾਣਨ ਵਾਲੇ ਕੁਝ ਲੋਕਾਂ ਵਿਚ ਸ਼ਾਮਲ ਅਭਿਨੇਤਰੀ ਅਤੇ ਲੇਖਿਕਾ ਦੀਪਤੀ ਨਵਲ ਕਹਿੰਦੀ ਹੈ ਕਿ ਇਕ ਰਚਨਾਕਾਰ ਵਜੋਂ ਗੁਲਜ਼ਾਰ ਵਰਗਾ ਅਨੁਸ਼ਾਸਤ ਸ਼ਖ਼ਸ ਦੂਸਰਾ ਕੋਈ ਨਹੀਂ ਹੈ। ਗੁਲਜ਼ਾਰ ਦੇ ਵਿਅਕਤੀਤਵ ਦੀ ਸਭ ਤੋਂ ਵੱਡੀ ਖ਼ਾਸੀਅਤ 'ਤੇ ਟਿੱਪਣੀ ਕਰਦਿਆਂ ਦੀਪਤੀ ਕਹਿੰਦੀ ਹੈ-"ਗੁਲਜ਼ਾਰ ਬਾਰੇ ਜਦੋਂ ਵੀ ਕੋਈ ਪੁੱਛੇਗਾ ਤਾਂ ਇਹ ਕਹਿਣਾ ਹੋਵੇਗਾ ਕਿ ਉਹ ਬੇਹੱਦ ਅਨੁਸ਼ਾਸਤ ਸ਼ਖ਼ਸੀਅਤ ਹੈ। ਅਸੀਂ ਲੋਕ ਭਟਕ ਜਾਂਦੇ ਹਾਂ। ਸਾਨੂੰ ਖਿੱਚ ਖਿੱਚ ਕੇ ਖ਼ੁਦ ਨੂੰ ਵਾਪਸ ਲਿਆਉਣਾ ਪੈਂਦਾ ਹੈ ਪਰ ਗੁਲਜ਼ਾਰ ਲਗਾਤਾਰ ਉਸੇ ਟਰੈਕ 'ਤੇ ਬਣੇ ਰਹਿੰਦੇ ਹਨ। ਇਕ ਕਵੀ ਆਦਮ ਜੋ ਭਟਕ ਸਕਦਾ ਹੈ, ਕਿਤੇ ਹੋਰ ਹੀ ਨਿਕਲ ਸਕਦਾ ਹੈ। ਉਸ ਅੰਦਰ ਲੇਖਨ ਲਈ ਜੋ ਪ੍ਰਤੀਬੱਧਤਾ ਹੈ, ਉਹ ਮੈਂ ਕਿਸੇ ਹੋਰ ਵਿਚ ਨਹੀਂ ਦੇਖੀ।"

ਗੁਲਜ਼ਾਰ ਨਾਲ ਦੀਪਤੀ ਨਵਲ ਦੀ ਮੁਲਾਕਾਤ ਉਸ ਵਕਤ ਹੋਈ ਜਦੋਂ ਉਹ ਨਿਊਯਾਰਕ ਵਿਚ ਪੜ੍ਹਾਈ ਕਰ ਰਹੀ ਸੀ ਤੇ ਗੁਲਜ਼ਾਰ ਇਕ ਪ੍ਰੋਗਰਾਮ ਦੇ ਸਿਲਸਿਲੇ ਵਿਚ ਉਥੇ ਗਏ ਸਨ। ਦੀਪਤੀ ਦੱਸਦੀ ਹੈ, "ਗੁਲਜ਼ਾਰ ਪੰਡਤ ਰਵੀ ਸ਼ੰਕਰ ਨੂੰ ਮਿਲਣ ਨਿਊਯਾਰਕ ਆਏ ਸਨ। ਸ਼ਾਇਦ ਉਹ ਆਪਣੀ ਫ਼ਿਲਮ 'ਮੀਰਾ' ਦਾ ਸੰਗੀਤ ਰਵੀ ਸ਼ੰਕਰ ਤੋਂ ਕਰਵਾਉਣਾ ਚਾਹੁੰਦੇ ਸਨ ਤੇ ਰਵੀ ਸ਼ੰਕਰ ਦਾ ਉਥੇ ਪ੍ਰੋਗਰਾਮ ਸੀ। ਉਥੇ ਹੀ ਪਹਿਲੀ ਵਾਰ ਮੁਲਾਕਾਤ ਹੋਈ। ਮੈਂ ਕਾਲਜ ਦੇ ਜ਼ਮਾਨੇ ਤੋਂ ਰੇਡੀਓ ਸ਼ੋਅ ਕਰਦੀ ਸੀ ਤਾਂ ਉਨ੍ਹਾਂ ਦਾ ਇੰਟਰਵਿਊ ਲੈਣ ਉਥੇ ਗਈ ਸੀ।"

ਕਾਲਜ ਤੋਂ ਬਾਅਦ ਦੀਪਤੀ ਜਦੋਂ ਮੁੰਬਈ ਆਈ ਅਤੇ ਫ਼ਿਲਮਾਂ ਕਰਨ ਲੱਗੀ ਤਾਂ ਇਹ ਸੰਪਰਕ ਲਗਾਤਾਰ ਬਣਿਆ ਰਿਹਾ। ਏਨੇ ਵਰ੍ਹਿਆਂ ਤੋਂ ਗੁਲਜ਼ਾਰ ਨੂੰ ਬੇਹੱਦ ਕਰੀਬ ਤੋਂ ਜਾਣਨ ਵਾਲੀ ਦੀਪਤੀ ਉਨ੍ਹਾਂ ਦੀ ਸ਼ਾਇਰੀ ਦੇ ਵੱਖਰੇ ਅੰਦਾਜ਼ ਬਾਰੇ ਕਹਿੰਦੀ ਹੈ, "ਮੈਂ ਗੁਲਜ਼ਾਰ ਦੀ ਭਗਤ ਹਾਂ। ਉਨ੍ਹਾਂ ਦੀ ਸ਼ਾਇਰੀ ਵਿਚ ਜੋ ਰਵਾਨਗੀ ਹੈ ਉਹ ਕਿਤੇ ਨਹੀਂ। ਉਹ ਜਿਸ ਤਰ੍ਹਾਂ ਗੱਲ ਕਹਿ ਦਿੰਦੇ ਹਨ, ਲਗਦਾ ਹੈ ਜਿਵੇਂ ਇਹ ਗੱਲ ਤਾਂ ਬੱਸ ਇਵੇਂ ਹੀ ਕਹੀ ਜਾ ਸਕਦੀ ਸੀ। ਹੋਰ ਤਾਂ ਕੋਈ ਤਰੀਕਾ ਹੀ ਨਹੀਂ ਹੈ, ਇਸ ਨੂੰ ਕਹਿਣ ਦਾ।"

ਦੀਪਤੀ ਮੰਨਦੀ ਹੈ ਕਿ ਗੁਲਜ਼ਾਰ ਕਹਿੰਦੇ ਹਨ ਤਾਂ ਬਹੁਤ ਸੁਭਾਵਕ ਲਗਦਾ ਹੈ, ਕੋਈ ਹੋਰ ਕਹੇ ਤਾਂ ਲਗਦਾ ਹੈ ਬਹੁਤ ਜ਼ਿਆਦਾ ਹੋ ਗਿਆ। ਦੀਪਤੀ ਨਵਲ ਨੂੰ ਲੰਬੇ ਸਮੇਂ ਤੋਂ ਗੁਲਜ਼ਾਰ ਨੂੰ ਮਿਲਣ ਦਾ ਮੌਕਾ ਨਹੀਂ ਮਿਲ ਸਕਿਆ ਤਾਂ ਉਹ ਕੁਝ ਸ਼ਿਕਾਇਤ ਭਰੇ ਲਹਿਜ਼ੇ ਵਿਚ ਕਹਿੰਦੀ ਹੈ, "ਹੁਣ ਉਹ ਕਿਸੇ ਨੂੰ ਵਕਤ ਦੇਣਾ ਹੀ ਨਹੀਂ ਚਾਹੁੰਦੇ, ਕੰਜੂਸ ਹੋ ਗਏ ਹਨ।" ਦੀਪਤੀ ਦੱਸਦੀ ਹੈ, 'ਜਦੋਂ ਮੈਂ ਹਿੰਦੁਸਤਾਨੀ ਵਿਚ ਲਿਖਣਾ ਚਾਹਿਆ ਤਾਂ ਉਸ ਵਿਚ ਗੁਲਜ਼ਾਰ ਸਾਹਿਬ ਨੇ ਮੇਰੀ ਬਹੁਤ ਮਦਦ ਕੀਤੀ। ਉਹ ਉਸ ਵਕਤ ਮੈਨੂੰ ਮਿਲੇ ਜਦੋਂ ਇਕ ਅਜਿਹੇ ਦੋਸਤ ਦੀ ਜ਼ਰੂਰਤ ਸੀ, ਜੋ ਮੇਰਾ ਸਾਥ ਦਿੰਦਾ। ਮੈਂ ਹਮੇਸ਼ਾ ਲਿਖਣ ਮਗਰੋਂ ਉਨ੍ਹਾਂ ਨੂੰ ਦਿਖਾਉਂਦੀ ਸੀ ਤੇ ਉਹ ਹਮੇਸ਼ਾ ਮੈਨੂੰ ਦੱਸਦੇ ਕਿ ਤੁਹਾਡੀ ਤਾਕਤ ਕੀ ਹੈ, ਉਸ ਨੂੰ ਉਭਾਰੋ। ਇਹ ਕਮਜ਼ੋਰੀ ਹੈ, ਇਸ ਨੂੰ ਕੱਢ ਦਿਓ। ਉਹ ਮੇਰੇ ਮਾਰਗਦਰਸ਼ਕ ਰਹੇ ਹਨ। ਮੇਰੀ ਪਹਿਲੀ ਕਵਿਤਾਵਾਂ ਦੀ ਕਿਤਾਬ ਦੀਆਂ ਕਵਿਤਾਵਾਂ ਉਨ੍ਹਾਂ ਦੀ ਚੋਣ ਸਨ।"

ਦਾਦਾ ਸਾਹਿਬ ਫਾਲਕੇ ਪੁਰਸਕਾਰ ਗੁਲਜ਼ਾਰ ਨੂੰ ਦਿੱਤੇ ਜਾਣ 'ਤੇ ਦੀਪਤੀ ਕਹਿੰਦੀ ਹੈ, "ਮੇਰੇ ਖ਼ਿਆਲ ਨਾਲ ਇਹ ਤਾਂ ਬਹੁਤ ਪਹਿਲਾਂ ਹੋ ਜਾਣਾ ਚਾਹੀਦਾ ਸੀ। ਉਨ੍ਹਾਂ ਨਾਲੋਂ ਜ਼ਿਆਦਾ ਕੌਣ ਇਸ ਐਵਾਰਡ ਦਾ ਹੱਕਦਾਰ ਹੈ।



# ਗੁਲਜ਼ਾਰ ਦੀਆਂ ਦਸ ਬਿਹਤਰੀਨ ਕਵਿਤਾਵਾਂ

## 1-ਬੋਲੀਏ ਸੁਰੀਲੀ ਬੋਲੀਆਂ

ਬੋਲੀਏ ਸੁਰੀਲੀ ਬੋਲੀਆਂ
ਖੱਟੀ ਮੀਠੀ ਆਖੋਂ ਕੀ ਰਸੀਲੀ ਬੋਲੀਆਂ,
ਰਾਤ ਮੇਂ ਘੋਲੇ ਚਾਂਦ ਕੀ ਮਿਸ਼ਰੀ
ਦਿਨ ਕੇ ਗਮ ਨਮਕੀਨ ਲਗਤੇ ਹੈਂ
ਨਮਕੀਨ ਆਂਖੋਂ ਕੀ ਨਸ਼ੀਲੀ ਬੋਲੀਆਂ
ਗੂੰਜ ਰਹੇ ਹੈ ਡੂਬਤੇ ਸਾਏ
ਸ਼ਾਮ ਕੀ ਖੁਸ਼ਬੂ ਹਾਥ ਨਾ ਆਏ
ਗੂੰਜਤੀ ਆਂਖੋਂ ਕੀ ਨਸ਼ੀਲੀ ਬੋਲੀਆਂ

## 2- ਦੇਖੋ, ਆਹਿਸਤਾ ਚਲੋ!

ਦੇਖੋ, ਆਹਿਸਤਾ ਚਲੋ, ਔਰ ਭੀ ਆਹਿਸਤਾ ਜ਼ਰਾ,
ਦੇਖਨਾ, ਸੋਚ-ਸੰਭਲ ਕਰ ਜ਼ਰਾ ਪਾਂਵ ਰੱਖਨਾ,
ਜ਼ੋਰ ਸੇ ਬਜ ਨ ਉਠੇ ਪੈਰੋਂ ਕੀ ਆਵਾਜ਼ ਕਹੀਂ
ਕਾਂਚ ਕੇ ਖ਼ਵਾਬ ਹੈਂ ਬਿਖਰੇ ਹੁਏ ਤਨਹਾਈ ਮੇਂ
ਖ਼ਵਾਬ ਟੂਟੇ ਨਾ ਕੋਈ, ਜਾਗ ਨਾ ਜਾਏ ਦੇਖੋ,
ਜਾਗ ਜਾਏਗਾ ਕੋਈ ਖ਼ਵਾਬ ਤੋ ਮਰ ਜਾਏਗਾ।

## 3- ਕਿਤਾਬੇਂ

ਕਿਤਾਬੇਂ ਝਾਂਕਤੀ ਹੈ ਬੰਦ ਅਲਮਾਰੀ ਕੇ ਸ਼ੀਸ਼ੋਂ ਸੇ,
ਬੜੀ ਹਸਰਤ ਸੇ ਤਕਤੀ ਹੈਂ।
ਮਹੀਨੋਂ ਅਬ ਮੁਲਾਕਾਤੇਂ ਨਹੀਂ ਹੋਤੀਂ,
ਜੋ ਸ਼ਾਮੇਂ ਇਨ ਕੀ ਸੋਹਬਤ ਮੇਂ ਕਟਾ ਕਰਤੀ ਥੀਂ।
ਅਬ ਅਕਸਰ..
ਗੁਜ਼ਰ ਜਾਤੀ ਹੈਂ 'ਕੰਪਿਊਟਰ' ਕੇ ਪਦੋਂ ਪਰ
ਬੜੀ ਬੇਚੈਨ ਰਹਿਤੀ ਹੈਂ ਕਿਤਾਬੇਂ..
ਇਨਹੇਂ ਅਬ ਨੀਂਦ ਮੇਂ ਚਲਨੇ ਕੀ ਆਦਤ ਹੋ ਗਈ ਹੈ
ਬੜੀ ਹਸਰਤ ਸੇ ਤਕਤੀ ਹੈਂ,
ਜੋ ਕਦਰੇਂ ਵੋ ਸੁਨਾਤੀ ਥੀਂ,
ਕਿ ਜਿਨਕੇ 'ਸੇਲ' ਕਭੀ ਮਰਤੇ ਨਹੀਂ ਥੇ,
ਵੋ ਕਦਰੇਂ ਅਬ ਨਜ਼ਰ ਆਤੀਂ ਨਹੀਂ ਘਰ ਮੇਂ,
ਜੋ ਰਿਸ਼ਤੇ ਵੋ ਸੁਨਾਤੀ ਥੀਂ।
ਵਹ ਸਾਰੇ ਉਧੜੇ-ਉਧੜੇ ਹੈਂ,
ਕੋਈ ਸਫ਼ਾ ਪਲਟਤਾ ਹੂੰ ਤੋ ਇਕ ਸਿਸਕੀ ਨਿਕਲਤੀ ਹੈ,
ਕਈ ਲਫ਼ਜ਼ੋਂ ਕੇ ਮਾਨੀ ਗਿਰ ਪੜੇ ਹੈਂ।
ਬਿਨਾਂ ਪੱਤੋਂ ਕੇ ਸੂਖੇ ਠੂੰਠ ਲਗਤੇ ਹੈਂ ਵੋ ਸਭ ਅਲਫ਼ਾਜ਼,
ਜਿਨ ਪਰ ਅਬ ਕੋਈ ਮਾਨੀ ਨਹੀਂ ਉਗਤੇ,
ਬਹੁਤ-ਸੀ ਇਸਤਲਾਹੇਂ ਹੈਂ,
ਜੋ ਮਿੱਟੀ ਕੇ ਸਕੋਰੋਂ ਕੀ ਤਰ੍ਹਾਂ ਬਿਖਰੀ ਪੜੀਂ ਹੈਂ,
ਗਿਲਾਸੋਂ ਨੇ ਉਨਹੇਂ ਮਤਰੂਕ ਕਰ ਡਾਲਾ।
ਜ਼ੁਬਾਨ ਪਰ ਜ਼ਾਇਕਾ ਆਤਾ ਥਾ ਜੋ ਸਫਹੇ ਪਲਟਨੇ ਕਾ,
ਅਬ ਉਂਗਲੀ 'ਕਲਿੱਕ' ਕਰਨੇ ਸੇ ਬਸ ਇਕ,
ਝਪਕੀ ਗੁਜ਼ਰਤੀ ਹੈ,
ਬਹੁਤ ਕੁਛ ਤਹ-ਬ-ਤਹ ਖੁਲਤਾ ਚਲਾ ਜਾਤਾ ਹੈ ਪਰਦੇ ਪਰ,
ਕਿਤਾਬੋਂ ਸੇ ਜੋ ਜ਼ਾਤੀ ਰਾਬਤਾ ਥਾ, ਕਟ ਗਿਆ ਹੈ,
ਕਭੀ ਸੀਨੇ ਪੇ ਰਖ ਕੇ ਲੇਟ ਜਾਤੇ ਥੇ,
ਕਭੀ ਗੋਦੀ ਮੇਂ ਲੇਤੇ ਥੇ,

ਕਭੀ ਘੁਟਨੋਂ ਕੋ ਅਪਨੇ ਰਿਹਲ ਕੀ ਸੂਰਤ ਬਨਾ ਕਰ।
ਨੀਮ-ਸਜਦੇ ਮੇਂ ਪੜ੍ਹਾ ਕਰਤੇ ਥੇ, ਛੂਤੇ ਥੇ ਜਬੀਂ ਸੇ,
ਵੋ ਸਾਰਾ ਇਲਮ ਤੋ ਮਿਲਤਾ ਰਹੇਗਾ ਆਇੰਦਾ ਭੀ।
ਮਗਰ ਵੋ ਜੋ ਕਿਤਾਬੋਂ ਮੇਂ ਮਿਲਾ ਕਰਤੇ ਥੇ ਸੂਖੇ ਫੂਲ,
ਔਰ ਮਹਿਕੇ ਹੁਏ ਰੁੱਕੇ,
ਕਿਤਾਬੇਂ ਮਾਂਗਨੇ, ਗਿਰਨੇ, ਉਠਾਨੇ ਕੇ ਬਹਾਨੇ ਰਿਸ਼ਤੇ ਬਨਤੇ ਥੇ,
ਉਨ ਕਾ ਕਯਾ ਹੋਗਾ।
ਵੋ ਸ਼ਾਇਦ ਅਬ ਨਹੀਂ ਹੋਂਗੇ!

## 4-ਖ਼ੁਦਾ

ਪੂਰੇ ਕਾ ਪੂਰਾ ਆਕਾਸ਼ ਘੁਮਾ ਕਰ ਬਾਜ਼ੀ ਦੇਖੀ ਮੈਂਨੇ
ਕਾਲੇ ਘਰ ਮੇਂ ਸੂਰਜ ਰਖ ਕੇ,
ਤੁਮਨੇ ਸ਼ਾਇਦ ਸੋਚਾ ਥਾ, ਮੇਰੇ ਸਭ ਮੋਹਰੇ ਪਿਟ ਜਾਏਂਗੇ,
ਮੈਂਨੇ ਏਕ ਚਿਰਾਗ਼ ਜਲਾ ਕਰ,
ਆਪਨਾ ਰਸਤਾ ਖੋਲ੍ਹ ਲਿਆ,
ਤੁਮਨੇ ਏਕ ਸਮੰਦਰ ਹਾਥ ਮੇਂ ਲੇ ਕਰ, ਮੁਝ ਪਰ ਠੇਲ ਦੀਆ,
ਮੈਂਨੇ ਨੂਹ ਕੀ ਕਸ਼ਤੀ ਉਸ ਕੇ ਊਪਰ ਰਖ ਦੀ,
ਕਾਲ ਚਲਾ ਤੁਮਨੇ ਔਰ ਮੇਰੀ ਜਾਨਿਬ ਦੇਖਾ,
ਮੈਨੇ ਕਾਲ ਕੋ ਤੋੜ ਕੇ ਲਮਹਾ-ਲਮਹਾ ਜੀਨਾ ਸੀਖ ਲੀਆ।
ਮੇਰੀ ਖ਼ੁਦੀ ਕੋ ਤੁਮਨੇ ਚੰਦ ਚਮਤਕਾਰੋਂ ਸੇ ਮਾਰਨਾ ਚਾਹਾ,
ਮੇਰੇ ਇਕ ਪਿਆਦੇ ਨੇ ਤੇਰਾ ਚਾਂਦ ਕਾ ਮੋਹਰਾ ਮਾਰ ਲਿਆ
ਮੌਤ ਕੀ ਸ਼ਹਿ ਦੇ ਕਰ ਤੁਮਨੇ ਸਮਝਾ ਅਬ ਤੋ ਮਾਤ ਹੁਈ,
ਮੈਨੇ ਜਿਸਮ ਕਾ ਖ਼ੋਲ ਉਤਾਰ ਕੇ ਸੌਂਪ ਦਿਆ,
ਔਰ ਰੂਹ ਬਚਾ ਲੀ,
ਪੂਰੇ-ਕਾ ਪੂਰਾ ਆਕਾਸ਼ ਘੁਮਾ ਕਰ ਅਬ ਤੁਮ ਦੇਖੋ ਬਾਜ਼ੀ।

## 5-ਇਕ ਇਮਾਰਤ!

ਇਕ ਇਮਾਰਤ
ਹੈ ਸਰਾਏ ਸ਼ਾਇਦ
ਜੋ ਮੇਰੇ ਸਰ ਮੇਂ ਬਸੀ ਹੈ।
ਸੀੜ੍ਹੀਆਂ ਚੜ੍ਹਤੇ-ਉਤਰਤੇ ਹੁਏ ਜੂਤੋਂ ਕੀ ਧਮਕ,
ਬਜਤੀ ਹੈ ਸਰ ਮੇਂ।
ਕੋਨੋਂ-ਖੁਦਰੋਂ ਮੇਂ ਖੜ੍ਹੇ ਲੋਗੋਂ ਕੀ ਸਰਗੋਸ਼ੀਆਂ,
ਸੁਨਤਾ ਹੂੰ ਕਭੀ।
ਸਾਜ਼ਿਸ਼ੇਂ, ਪਹਿਨੇ ਹੁਏ ਕਾਲੇ ਲਬਾਦੇ ਸਰ ਤਕ,
ਉਡਤੀ ਹੈਂ, ਭੂਤੀਆ ਮਹੱਲੋਂ ਮੇਂ ਉਡਾ ਕਰਤੀ ਹੈਂ
ਚਮਗਾਦੜੇਂ ਜੈਸੇ।
ਇਕ ਮਹੱਲ ਹੈ ਸ਼ਾਇਦ!
ਸਾਜ਼ ਕੇ ਤਾਰ ਚਟਖ਼ਤੇ ਹੈਂ ਨਸੋਂ ਮੇਂ
ਕੋਈ ਖੋਲ ਕੇ ਆਂਖੇਂ,
ਪੱਤੀਆਂ ਪਲਕੋਂ ਕੀ ਝਪਕਾ ਕੇ ਬੁਲਾਤਾ ਹੈ ਕਿਸੇ ਕੋ!
ਚੂਲ੍ਹੇ ਜਲਤੇ ਹੈਂ ਤੋ ਮਹਿਕੀ ਹੁਈ 'ਗਨਦੁਮ' ਕੇ ਧੁਏਂ ਮੇਂ,
ਖ਼ਿੜਕੀਆਂ ਖੋਲ੍ਹ ਕੇ ਕੁਛ ਚੇਹਰੇ ਮੁਝੇ ਦੇਖਤੇ ਹੈਂ।
ਔਰ ਸੁਨਤੇ ਹੈਂ ਜੋ ਮੈਂ ਸੋਚਤਾ ਹੂੰ!
ਏਕ, ਮਿੱਟੀ ਕਾ ਘਰ ਹੈ
ਇਕ ਗਲੀ ਹੈ, ਜੋ ਫ਼ਕਤ ਘੂਮਤੀ ਹੀ ਰਹਿਤੀ ਹੈ
ਸ਼ਹਿਰ ਹੈ ਕੋਈ, ਮੇਰੇ ਸਰ ਮੇਂ ਬਸਾ ਹੈ ਸ਼ਾਇਦ!

## 6-ਅਮਲਤਾਸ

ਖ਼ਿੜਕੀ ਪਿਛਵਾੜੇ ਕੋ ਖੁਲਤੀ ਤੋ ਨਜ਼ਰ ਆਤਾ ਥਾ,
ਵੋ ਅਮਲਤਾਸ ਕਾ ਏਕ ਪੇੜ, ਜ਼ਰਾ ਦੂਰ, ਅਨੇਲਾ-ਸਾ ਖੜ੍ਹਾ ਥਾ,
ਸ਼ਾਖ਼ੇਂ ਪੰਖੋਂ ਕੀ ਤਰਹ ਖੋਲੇ ਹੁਏ।
ਏਕ ਪਰਿੰਦੇ ਕੀ ਤਰਹ,
ਬਰਗਲਾਤੇ ਥੇ ਉਸੇ ਰੋਜ਼ ਪਰਿੰਦੇ ਆਕਰ,
ਸਬ ਸੁਨਾਤੇ ਥੇ ਵੋ ਪਰਵਾਜ਼ ਕੇ ਕਿੱਸੇ ਉਸਕੋ,
ਔਰ ਦਿਖਾਤੇ ਥੇ ਉਸੇ ਉਡ ਕੇ, ਕਲਾਬਾਜ਼ੀਆਂ ਖਾ ਕੇ,
ਬਦਲੀਆਂ ਛੂ ਕੇ ਬਤਾਤੇ ਥੇ, ਮਜ਼ੇ ਠੰਢੀ ਹਵਾ ਕੇ!
ਆਂਧੀ ਕਾ ਹਾਥ ਪਕੜ ਕਰ ਸ਼ਾਇਦ
ਉਸ ਨੇ ਕਲ ਉੜਨੇ ਕੀ ਕੋਸ਼ਿਸ਼ ਕੀ ਥੀ,
ਔਂਧੇ ਮੂੰਹ ਬੀਚ-ਸੜਕ ਆ ਕੇ ਗਿਰਾ ਹੈ!!

## 7- ਵਕਤ ਕੋ ਆਤੇ ਨ ਜਾਤੇ ਨਾ ਗੁਜ਼ਰਤੇ ਦੇਖਾ!

ਵਕਤ ਕੋ ਆਤੇ ਨ ਜਾਤੇ ਨ ਗੁਜ਼ਰਤੇ ਦੇਖਾ,
ਨ ਉਤਰਤੇ ਹੁਏ ਦੇਖਾ ਕਭੀ ਇਲਹਾਮ ਕੀ ਸੂਰਤ,
ਜਮ੍ਹਾ ਹੋਤੇ ਹੁਏ ਏਕ ਜਗ੍ਹਾ ਮਗਰ ਦੇਖਾ ਹੈ।
ਸ਼ਾਇਦ ਆਇਆ ਥਾ ਵੋ ਖ਼ਵਾਬ ਸੇ ਦਬੇ ਪਾਂਵ ਹੀ,
ਔਰ ਜਬ ਆਇਆ ਖ਼ਿਆਲੋਂ ਕੋ ਅਹਿਸਾਸ ਨ ਥਾ।
ਆਂਖ ਕਾ ਰੰਗ ਤੁਲੂ ਹੋਤੇ ਹੁਏ ਦੇਖਾ ਜਿਸ ਦਿਨ,
ਮੈਂਨੇ ਚੂਮਾ ਥਾ ਮਗਰ ਵਕਤ ਨੂੰ ਪਹਿਚਾਨਾ ਨਾ ਥਾ।
ਚੰਦ ਤੁਤਲਾਤੇ ਹੁਏ ਬੋਲੋਂ ਮੇਂ ਆਹਟ ਸੁਨੀ,
ਦੂਧ ਕਾ ਦਾਂਤ ਗਿਰਾ ਥਾ ਤੋ ਭੀ ਵਹਾਂ ਦੇਖਾ,
ਬੋਸਕੀ ਬੇਟੀ ਮੇਰੀ, ਚਿਕਨੀ-ਸੀ ਰੇਸ਼ਮ ਕੀ ਡਲੀ,
ਲਿਪਟੀ ਲਿਪਟਾਈ ਹੁਈ ਰੇਸ਼ਮ ਕੇ ਤਾਗੋਂ ਮੇ ਪੜੀ ਥੀ।
ਮੁਝੇ ਅਹਿਸਾਸ ਹੀ ਨਹੀਂ ਥਾ ਕਿ ਵਹਾਂ ਵਕਤ ਪੜਾ ਹੈ।
ਪਾਲਨਾ ਖੋਲ ਕੇ ਜਬ ਮੈਂਨੇ ਉਤਾਰਾ ਥਾ ਉਸੇ ਬਿਸਤਰ ਪਰ,
ਲੋਰੀ ਕੇ ਬੋਲੋਂ ਸੇ ਏਕ ਬਾਰ ਹੁਆ ਥਾ ਉਸ ਕੋ,
ਬੜਤੇ ਨਾਖੂਨੋਂ ਮੇਂ ਹਰ ਬਾਰ ਤਰਾਸ਼ਾ ਭੀ ਥਾ।
ਚੂੜੀਆਂ ਚੜ੍ਹਤੀ-ਉਤਰਤੀ ਥੀਂ ਕਲਾਈ ਪੇ ਮੁਸਲਸਲ,
ਔਰ ਹਾਥੋਂ ਸੇ ਉਤਰਤੀ ਕਭੀ ਚੜ੍ਹਤੀ ਥੀ ਕਿਤਾਬੇਂ,
ਮੁਝਕੋ ਮਾਲੂਮ ਨਹੀਂ ਥਾ ਕਿ ਵਹਾਂ ਵਕਤ ਲਿਖਾ ਹੈ।
ਵਕਤ ਕੋ ਆਤੇ ਨ ਜਾਤੇ ਨ ਗੁਜ਼ਰਤੇ ਦੇਖਾ,
ਜਮ੍ਹਾ ਹੋਤੇ ਹੁਏ ਦੇਖਾ ਮਗਰ ਉਸ ਕੋ ਮੈਂਨੇ,
ਇਸ ਬਰਸ ਬੋਸਕੀ ਅਠਾਰਹ ਬਰਸ ਕੀ ਹੋਗੀ।

## 8-ਮੇਰੇ ਰੌਸ਼ਨਦਾਨ ਮੇਂ ਬੈਠਾ ਏਕ ਕਬੂਤਰ

ਮੇਰੇ ਰੌਸ਼ਨਦਾਨ ਮੇਂ ਬੈਠਾ ਏਕ ਕਬੂਤਰ
ਜਬ ਆਪਨੀ ਮਾਦਾ ਸੇ ਗੁਟਰਗੂੰ ਕਹਿਤਾ ਹੈ
ਲਗਤਾ ਹੈ ਮੇਰੇ ਬਾਰੇ ਮੇਂ, ਉਸ ਨੇ ਕੋਈ ਬਾਤ ਕਹੀ।
ਸ਼ਾਇਦ ਮੇਰਾ ਯੂੰ ਕਮਰੇ ਮੇਂ ਆਨਾ ਔਰ ਮੁਖ਼ਲ ਹੋਨਾ
ਉਨਕੋ ਨਾਵਾਜਿਬ ਲਗਤਾ ਹੈ।
ਉਨਕਾ ਘਰ ਹੈ ਰੌਸ਼ਨਦਾਨ ਮੇਂ
ਔਰ ਮੈਂ ਇਕ ਪੜੌਸੀ ਹੂੰ
ਉਨਕੇ ਸਾਮਨੇ ਏਕ ਵਸੀ ਆਕਾਸ਼ ਕਾ ਆਂਗਨ।
ਹਮ ਦਰਵਾਜ਼ੇ ਭੇੜ ਕੇ, ਇਨ ਦਰਬੋਂ ਮੇਂ ਬੰਦ ਹੋ ਜਾਤੇ ਹੈਂ,
ਉਨਕੇ ਪਰ ਹੈਂ, ਔਰ ਪਰਵਾਜ਼ ਹੀ ਖਸਲਤ ਹੈ।
ਆਠਵੀਂ, ਦਸਵੀਂ ਮੰਜ਼ਿਲ ਕੇ ਛੱਜੋਂ ਪਰ ਵੋ,
ਬੇਖ਼ੌਫ਼ ਟਹਿਲਤੇ ਰਹਿਤੇ ਹੈਂ।
ਹਮ ਭਾਰੀ-ਭਰਕਮ, ਏਕ ਕਦਮ ਆਗੇ ਰੱਖਾ,
ਔਰ ਨੀਚੇ ਗਿਰ ਕੇ ਫ਼ੌਤ ਹੁਏ।
ਬੋਲੇ ਗੁਟਰਗੂੰ..
ਕਿਤਨਾ ਵਜ਼ਨ ਲੇਕਰ ਚਲਤੇ ਹੈਂ ਯੇ ਇਨਸਾਨ
ਕੌਨ ਸੀ ਸ਼ੈ ਹੈ ਇਸ ਕੇ ਪਾਸ ਜੋ ਇਤਰਾਤਾ ਹੈ
ਯੇ ਕਭੀ ਨਹੀਂ ਕਿ ਦੋ ਗਜ਼ ਕੀ ਪਰਵਾਜ਼ ਕਰੇਂ,
ਆਂਖੇਂ ਬੰਦ ਕਰਤਾ ਹੂੰ ਤੋ ਮਾਥੇ ਕੇ ਰੌਸ਼ਨਦਾਨ ਸੇ ਅਕਸਰ
ਮੁਝਕੋ ਗੁਟਰਗੂੰ ਕੀ ਆਵਾਜ਼ੇਂ ਆਤੀ ਹੈਂ!!

## 9-ਅਭੀ ਨਾ ਪਰਦ ਗਿਰਾਓ, ਠਹਿਰੋ, ਕਿ ਦਾਸਤਾਂ ਆਗੇ ਔਰ ਭੀ ਹੈ!

ਅਭੀ ਨਾ ਪਰਦਾ ਗਿਰਾਓ, ਠਹਿਰੋ, ਕਿ ਦਾਸਤਾਂ ਆਗੇ ਔਰ ਭੀ ਹੈ
ਅਭੀ ਨਾ ਪਰਦਾ ਗਿਰਾਓ, ਠਹਿਰੋ!
ਅਭੀ ਤੋ ਟੂਟੀ ਹੈ ਕੱਚੀ ਮਿੱਟੀ, ਅਭੀ ਤੋ ਬਸ ਜਿਸਮ ਹੀ ਗਿਰੇ ਹੈਂ
ਅਭੀ ਤੋ ਕਿਰਦਾਰ ਹੀ ਬੁਝੇ ਹੈਂ।
ਅਭੀ ਸੁਲਗਤੇ ਹੈਂ ਰੂਹ ਕੇ ਗ਼ਮ, ਅਭੀ ਧੜਕਤੇ ਹੈਂ ਦਰਦ ਦਿਲ ਕੇ
ਅਭੀ ਤੋ ਅਹਿਸਾਸ ਜੀ ਰਹਾ ਹੈ।
ਯਹ ਲੌ ਬਚਾ ਲੋ ਜੋ ਥਕ ਕੇ ਕਿਰਦਾਰ ਕੀ ਹਥੇਲੀ ਸੇ ਗਿਰ ਪੜੀ ਹੈ।
ਯਹ ਲੌ ਬਚਾ ਲੋ ਯਹੀਂ ਸੇ ਉਠੇਗੀ ਜੁਸਤਜੂ ਫਿਰ ਬਗੂਲਾ ਬਨਕਰ,
ਯਹੀਂ ਸੇ ਉਠੇਗਾ ਕੋਈ ਕਿਰਦਾਰ ਫਿਰ ਇਸੀ ਰੌਸ਼ਨੀ ਕੋ ਲੇਕਰ,
ਕਹੀਂ ਤੋ ਅੰਜਾਮ-ਓ-ਜੁਸਤਜੂ ਕੇ ਸਿਰੇ ਮਿਲੇਂਗੇ,
ਅਭੀ ਨਾ ਪਰਦਾ ਗਿਰਾਓ, ਠਹਿਰੋ!

## 10- ਮੌਤ ਤੂ ਏਕ ਕਵਿਤਾ ਹੈ!

ਮੌਤ ਤੂ ਏਕ ਕਵਿਤਾ ਹੈ,
ਮੁਝਸੇ ਏਕ ਕਵਿਤਾ ਕਾ ਵਾਦਾ ਹੈ ਮਿਲੇਗੀ ਮੁਝਕੋ,
ਡੂਬਤੀ ਨਬਜ਼ੋਂ ਮੇਂ ਜਬ ਦਰਦ ਨੂੰ ਨੀਂਦ ਆਨੇ ਲਗੇ
ਜ਼ਰਦ ਸਾ ਚੇਹਰਾ ਲੀਏ ਜਬ ਚਾਂਦ ਉਫਕ ਤਕ ਪਹੁੰਚੇ
ਦਿਨ ਅਭੀ ਪਾਨੀ ਮੇਂ ਹੋ, ਰਾਤ ਕਿਨਾਰੇ ਕੇ ਕਰੀਬ
ਨਾ ਅੰਧੇਰਾ ਨਾ ਉਜਾਲਾ ਹੋ, ਨਾ ਅਭੀ ਰਾਤ ਨਾ ਦਿਨ
ਜਿਸਮ ਜਬ ਖ਼ਤਮ ਹੋ ਔਰ ਰੂਹ ਕੋ ਜਬ ਸਾਂਸ ਆਏ
ਮੁਝਸੇ ਏਕ ਕਵਿਤਾ ਕਾ ਵਾਦਾ ਹੈ ਮਿਲੇਗੀ ਮੁਝਕੋ



ਪੰਜਾਬੀ ਅਨੁਵਾਦ ਤੇ ਲਿਪੀਅੰਤਰ
ਕਮਲ ਦੁਸਾਂਝ
+91-97813-60020
kdosanjh13@gmail.com


NIRVANA
ENTERTAINMENT INC.
NIRVANA
Lunch & Dinner Buffet 7 Days a Week
(Veg. & Non-Veg.)
1009-5075 Falconridge Blvd. N.E.
403-590-9797
www.nirvanacalgary.com/nirvanantertainmentic.com

# ਟੁੱਟੇ ਖੰਭਾਂ ਵਾਲੀ ਤਿਤਲੀ

ਲੜੀ ਨੰ. 6


ਹਰਪਿੰਦਰ ਰਾਣਾ
+91-94648-14456
harpinderrana21@yahoo.com




ਹਰਪਿੰਦਰ ਰਾਣਾ ਨੂੰ ਪੰਜਾਬੀ ਸਾਹਿਤ ਦੀ ਲਗਭਗ ਹਰ ਵਿਧਾ 'ਤੇ ਆਬੂਰ ਹਾਸਲ ਹੈ। ਕਵਿਤਾ ਦੇ ਨਾਲ-ਨਾਲ ਉਹਨੇ ਨਾਵਲ ਵੀ ਲਿਖਿਆ ਹੈ। ਇਸੇ ਦੌਰਾਨ ਆਪਣੇ ਜੀਵਨ ਵਿਚ ਹੋਏ ਹਾਦਸਿਆਂ ਅਤੇ ਘਟਨਾਵਾਂ ਨੂੰ ਵੀ ਹਰਪਿੰਦਰ ਨੇ ਸਾਹਿਤਕ ਅੰਦਾਜ਼ ਵਿਚ ਚਿਤਰਿਆ ਹੈ। ਕਹਾਣੀ ਰਸ ਵਾਲੀਆਂ ਇਨ੍ਹਾਂ ਲਿਖਤਾਂ ਵਿਚ ਜਿਥੇ ਯਥਾਰਥ ਹੈ, ਉਥੇ ਅਹਿਸਾਸ ਦੀ ਸ਼ਿੱਦਤ ਵੀ ਪੇਸ਼-ਪੇਸ਼ ਹੈ। 'ਟੁੱਟੇ ਖੰਭਾਂ ਵਾਲੀ ਤਿਤਲੀ' ਵਿਚ ਉਹਦੇ ਅਜਿਹੇ ਲੇਖ ਹੀ ਸ਼ਾਮਲ ਹਨ। 'ਨਵੀਂ ਦੁਨੀਆ' ਹਰਪਿੰਦਰ ਰਾਣਾ ਦੀਆਂ ਇਨ੍ਹਾਂ ਹਕੀਕਤਾਂ ਨੂੰ ਲੜੀਵਾਰ ਛਾਪਣ ਦੀ ਖੁਸ਼ੀ ਲੈ ਰਿਹਾ ਹੈ। - ਸੰਪਾਦਕ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਸ਼ਾਇਦ ਮੇਰੇ ਅੰਦਰੋਂ ਜਿਊਣ ਦੀ ਲਾਲਸਾ ਮੁੱਕ ਚੁੱਕੀ ਸੀ। ਤਾਂ ਇਹ ਬਿਮਾਰੀ ਲੰਮੀ ਪੈ ਗਈ ਸੀ। ਮੈਂ ਉਸ ਸ਼ਖ਼ਸ ਦਾ ਚਿਹਰਾ ਦੁਬਾਰਾ ਨਾ ਦਿਖਾਉਣ ਲਈ ਰੱਬ ਨੂੰ ਕਹਿੰਦੀ। ਸ਼ਾਇਦ ਉਸ ਨੇ ਮੇਰੀ ਸੁਣ ਲਈ। ਉਹ ਨਾ ਆਇਆ। ਉੱਧਰ ਮੇਰੀ ਬਿਮਾਰੀ ਦੀ ਖ਼ਬਰ ਸੁਣ ਕੇ ਮੇਰੀ ਛੋਟੀ ਮਾਸੀ ਮੇਰਾ ਪਤਾ ਲੈਣ ਆਈ। ਕਾਫੀ ਸਮਝਦਾਰ ਸੀ ਉਹ ਜਾਂ ਫਿਰ ਪ੍ਰਮਾਤਮਾ ਨੇ ਹੀ ਉਸ ਨੂੰ ਮੇਰੇ ਲਈ ਭੇਜਿਆ। ਗੱਲਾਂ-2 'ਚ ਉਹ ਕਹਿਣ ਲੱਗੀ ਕਿਉਂ ਨਾ ਇਹਦਾ ਹਵਾ ਪਾਣੀ ਬਦਲਿਆ ਜਾਵੇ। ਕੀ ਪਤਾ ਠੀਕ ਈ ਹੋ ਜਾਵੇ। ਜੇ ਭੋਰਾ ਬੁਖਾਰ ਟੁੱਟੇ ਤਾਂ ਮੈਂ ਲੈ ਜਾਉਂਗੀ ਆਵਦੇ ਕੋਲ। ਇਸ ਗੱਲ ਨੇ ਮੇਰੇ ਮਰਦੀ ਦੇ ਮੂੰਹ ਪਾਣੀ ਪਾ ਦਿੱਤਾ ਤੇ ਮੈਂ ਕੁਝ ਰਉਂ 'ਚ ਆ ਗਈ। ਮਾਸੀ 15 ਕੁ ਦਿਨਾਂ ਬਾਅਦ ਫਿਰ ਆਈ ਤਾਂ ਮੈਂ ਠੀਕ ਸਾਂ। ਉਸੇ ਦਿਨ ਸ਼ਾਮ ਨੂੰ ਮੈਂ ਆਪਣੀ ਮਾਸੀ ਮਾਸੜ ਨਾਲ ਫਰੀਦਕੋਟ ਨੂੰ ਚੱਲ ਪਈ। ਮੈਨੂੰ ਲੱਗਾ ਜਿਵੇਂ ਮੇਰੇ ਲਈ ਕਾਲਾ ਹਨੇਰਾ ਮੁੱਕ ਗਿਆ।

ਸਾਡੇ ਛੋਟੇ ਜਿਹੇ ਘਰ ਦੇ ਮੁਕਾਬਲੇ ਮਾਸੀ ਦਾ ਚੌਗੁਣਾ ਵੱਡਾ ਘਰ। ਦੋ ਪਰਿਵਾਰਾਂ ਤੋਂ ਬਿਨਾਂ 5-6 ਕਿਰਾਏਦਾਰ। ਭਰਿਆ ਭਰਿਆ ਘਰ। ਘਰ 'ਚ ਟੀ.ਵੀ. ਪਹਿਲੀ ਵਾਰ ਮੈਂ ਦੇਖਿਆ। ਮਾਸੜ ਜੀ ਦਾ ਪੁਲਸੀਆਂ ਵਾਲਾ ਅਨੁਸ਼ਾਸਨ ਘਰ ਵਿਚ ਕਾਇਮ ਸੀ। ਸਮੇਂ 'ਤੇ ਖਾਣਾ, ਪੀਣਾ, ਹੱਸਣਾ, ਖੇਡਣਾ, ਟੀ.ਵੀ. ਦੇਖਣਾ ਬੱਸ ਇਕ ਲੈਅ ਜਿਵੇਂ ਚੱਕਰਚੂੰਡਾ ਆਪਣੇ ਧੁਰੇ ਦੁਆਲੇ ਚੱਕਰ ਖਾਂਦਾ ਹੋਵੇ ਪਰ ਜਿਸ ਨੂੰ ਜਦੋਂ ਮਰਜ਼ੀ ਰੋਕ ਲਿਆ ਜਾਵੇ ਤੇ ਜਦੋਂ ਮਰਜ਼ੀ ਤੋਰ ਲਿਆ ਜਾਵੇ।

ਏਥੇ ਮੈਨੂੰ ਸਭ ਕੁਝ ਨਵਾਂ ਨਵਾਂ ਲੱਗਾ। ਬਹੁਤ ਕੁਝ ਸਮਝੋਂ ਪਰੇ। ਸੁਪਨ ਸੰਸਾਰ ਵਰਗਾ ਤੇ ਕੁਝ ਸੋਚ ਤੋਂ ਵੀ ਪਰੇ 'ਪਰ੍ਹੀ ਸੰਸਾਰ' ਵਰਗਾ। ਵੱਡਾ ਵੀਰ ਗਿਆਰਵੀਂ (ਕਾਮਰਸ) 'ਚ ਪੜ੍ਹਦਾ। ਮੇਰੇ ਤੋਂ ਸਾਲ ਛੋਟੀ 9ਵੀਂ ਜਮਾਤ 'ਚ। ਦੋ ਭੈਣ ਭਰਾ ਛੋਟੀਆਂ ਜਮਾਤਾਂ ਵਿਚ। ਮੇਰੀ ਸਭ ਤੋਂ ਪਿਆਰੀ ਪਰ੍ਹੀ ਹਾਲੇ ਫਸਟ ਕਲਾਸ 'ਚ ਹੀ ਸੀ। ਇਹ ਪਰੀ ਸੀ ਗੁਲਸ਼ਨ ਮੇਰੀ ਮਾਸੀ ਦੀ ਸਭ ਤੋਂ ਛੋਟੀ ਬੇਟੀ। ਸਾਰੇ ਸਕੂਲ ਚਲੇ ਜਾਂਦੇ। ਮੈਨੂੰ ਕੋਈ ਵੀ ਕੰਮ ਨਹੀਂ ਸੀ ਹੁੰਦਾ। ਏਥੇ ਰੇਡੀਓ ਨਹੀਂ ਸੀ। ਮੈਂ ਇੱਕਲੀ ਬੈਠੀ ਮੂੰਹ ਬੰਦ ਕਰ ਕੇ ਗਲੇ ਵਿਚ ਬੀਨ ਵਰਗੀ ਆਵਾਜ਼ ਕੱਢ ਕੇ ਗਾਣਿਆਂ ਦੀਆਂ ਧੁਨਾਂ ਕੱਢਦੀ ਰਹਿੰਦੀ। ਗਾਣੇ ਦੇ ਬੋਲ ਮੇਰੇ ਬੁੱਲਾਂ 'ਚੋਂ ਬਾਹਰ ਨਾ ਡਿੱਗਦੇ। ਰਾਤ ਨੂੰ ਵੀ ਦੇਰ ਤੱਕ ਨੀਂਦ ਨਾ ਆਉਂਦੀ। ਮਾਸੀ ਜੀ ਨੂੰ ਮੇਰੀ ਘੱਟ ਨੀਂਦ ਦੀ ਬੜੀ ਚਿੰਤਾ ਹੁੰਦੀ। ਆਖਰ ਮਾਸੀ ਜੀ ਅਤੇ ਉਨ੍ਹਾਂ ਦੀ ਦਰਾਣੀ ਸਾਹਿਬਾ ਇਸ ਨਤੀਜੇ 'ਤੇ ਪਹੁੰਚੀਆਂ ਕਿ ਰਿੰਪੀ (ਮੇਰਾ ਨਿਕ ਨਾਂ) ਨੂੰ ਥਕਾਵਟ ਹੀ ਨਹੀਂ ਹੁੰਦੀ ਫਿਰ ਨੀਂਦ ਕਿਵੇਂ ਆ ਜੂ। ਮੇਰੇ ਲਈ ਇਹ ਤੈਅ ਹੋਇਆ ਕਿ ਰੋਜ਼ ਮੇਨ ਗੇਟ ਤੱਕ ਇਕ ਗੇੜਾ ਕੱਢ ਕੇ ਆਇਆ ਕਰਾਂ। ਬੜੀ ਉਲਝਣ ਪਈ। ਪੈਰਾਂ ਭਾਰ ਹੌਲੀ ਹੌਲੀ ਰੁੜ੍ਹ ਕੇ ਗੇਟ ਤੱਕ ਜਾਣ 'ਚ ਅੱਧਾ ਘੰਟਾ ਲੱਗ ਜਾਂਦਾ। ਮੈਂ ਪੈਰਾਂ 'ਚ ਚੱਪਲ ਵੀ ਨਹੀਂ ਪਾ ਸਕਦੀ ਸੀ। ਤਲੀਆਂ ਛਿਲੀਆਂ ਜਾਂਦੀਆਂ। ਕੱਪੜੇ ਮਿੱਟੀ ਨਾਲ ਲਿਬੜ ਜਾਂਦੇ ਪਰ ਮੈਂ ਲਗਾਤਾਰ ਚੱਲਦੀ। ਇੱਥੇ ਮੈਂ ਹਰੇਕ ਦੀ ਅੱਖ ਥੱਲੇ ਰਹਿੰਦੀ ਸੀ। ਹਰ ਕੋਈ ਪੜ੍ਹਿਆ ਲਿਖਿਆ ਸੋਚਵਾਨ ਸੀ ਘਰ ਵਿਚ। ਮੇਰੇ ਲਈ ਨਵੀਆਂ ਨਵੀਆਂ ਤਰਕੀਬਾਂ ਸੋਚਦਾ ਰਹਿੰਦਾ ਪਰ ਮਾਸੀ ਦੀਆਂ ਆਂਢਣਾਂ ਗੁਆਂਢਣਾਂ ਮੈਨੂੰ ਉਚੇਚੇ ਤੌਰ 'ਤੇ ਇੰਜ ਵੇਖਣ ਆਉਂਦੀਆਂ ਜਿਵੇਂ ਮੈਂ ਓਪਰੇ ਗ੍ਰਹਿ ਤੋਂ ਉਤਰੀ ਏਲੀਅਨ ਹੋਵਾਂ। ਫਿਰ ਹਮਦਰਦੀ ਦੇ ਕੋਝੇ ਬਾਣ ਅਜਿਹੇ ਛੱਡਦੀਆਂ ਜਿਹੜੇ ਮੇਰੀ ਰੂਹ ਨੂੰ ਵਿੰਨ੍ਹਦੇ ਰਹਿੰਦੇ। ਮੈਂ ਗੁੰਮ-ਸੁੰਮ ਸੋਚਦੀ ਰਹਿੰਦੀ। ਮੇਰੀ ਚੁੱਪ ਕਦੇ ਘੱਟ ਹੀ ਟੁੱਟਦੀ ਹੁੰਦੀ ਸੀ।



ਉਦੋਂ ਮਾਰਕਸੀ ਚਿੰਤਕ ਤੇ ਆਲੋਚਕ ਕਾਮਰੇਡ ਸੁਰਜੀਤ ਗਿੱਲ ਉਪਰ ਚੁਬਾਰੇ ਉੱਤੇ ਰਹਿੰਦੇ ਸਨ। ਉਹ ਹਰ ਰੋਜ਼ ਖ਼ਬਰਾਂ ਸੁਣਨ ਲਈ ਹੇਠਾਂ ਉਤਰਦੇ। ਘਰ 'ਚ ਉਨ੍ਹਾਂ ਨੂੰ ਬਾਬਾ ਜੀ ਕਿਹਾ ਜਾਂਦਾ। ਕਈ ਵਾਰ ਜਦੋਂ ਉਹ ਦਫਤਰੋਂ ਆਉਂਦੇ ਤਾਂ ਉਨ੍ਹਾਂ ਨਾਲ ਦੋ ਗੰਨਮੈਨ ਹੁੰਦੇ। ਉਨ੍ਹਾਂ ਕੋਲ ਖ਼ੁਦ ਵੀ ਰਿਵਾਲਵਰ ਹੁੰਦਾ। ਮੈਂ ਸੋਚਦੀ ਜ਼ਰੂਰ ਇਹ ਬੰਦਾ ਡੀ.ਐਸ.ਪੀ. ਹੋਵੇਗਾ ਪਰ ਕਦੇ ਗੱਲ ਨਾ ਕਰਦੀ। ਆਖ਼ਰ ਮਾਸੀ ਜੀ ਨੇ ਮੇਰੀ ਸਮੱਸਿਆ ਦੀ ਚਿੰਤਾ ਉਨ੍ਹਾਂ ਕੋਲ ਕੀਤੀ ਕਿ ਇਹ ਕੁੜੀ ਨਾ ਸੌਂਦੀ ਹੈ ਨਾ ਬੋਲਦੀ ਹੈ। ਫਿਰ ਬਾਬਾ ਜੀ ਦਾ ਧਿਆਨ ਵੀ ਮੇਰੇ ਵੱਲ ਹੋ ਗਿਆ। ਉਹ ਵੀ ਮੈਨੂੰ ਲਗਾਤਾਰ ਘੋਖਣ ਲੱਗੇ। ਮੈਨੂੰ ਦੇਖਦੇ ਰਹਿੰਦੇ ਪਰ ਕੁਝ ਨਾ ਬੋਲਦੇ। ਇਹ ਤਾਂ ਬਹੁਤ ਪਿੱਛੋਂ ਜਾ ਕੇ ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਮੇਰੀ ਹਾਲਤ 'ਤੇ ਅਫਸੋਸ ਹੁੰਦਾ ਸੀ। ਸੋਚਦੇ ਸਨ ਕਿ ਇਸ ਤਰ੍ਹਾਂ ਦੀ ਜ਼ਿੰਦਗੀ ਤੋਂ ਕੀ ਲੈਣਾ ਪਰ ਇਹ ਗੱਲ ਬੋਲ ਕੇ ਕਹਿ ਨਾ ਸਕਦੇ।

ਮਾਸੀ ਕੋਲ ਆਇਆਂ ਮੈਨੂੰ ਦੋ ਮਹੀਨੇ ਦੇ ਕਰੀਬ ਹੋ ਚੱਲਿਆ ਸੀ। ਮੇਰੇ ਅੰਦਰ ਨਵੀਆਂ ਤਬਦੀਲੀਆਂ ਆ ਰਹੀਆਂ ਸਨ। ਮੇਰੇ ਮਸੇਰ ਭੈਣ ਭਰਾ ਮੇਰੇ ਨਾਲ ਖੇਡਦੇ। ਇਕ ਦਿਨ ਵੀਰ ਜੀ ਨੇ ਕਿਹਾ ਕਿ ਰਿੰਪੀ ਪਾਣੀ ਦਾ ਗਿਲਾਸ ਥੱਲੋਂ ਚੁੱਕ ਕੇ ਮੈਨੂੰ ਫੜਾ ਦੇ ਉਨ੍ਹਾਂ ਨੇ ਇਹ ਸੁਭਾਵਕ ਹੀ ਕਿਹਾ ਪਰ ਮੇਰੇ ਤੋਂ ਉਹ ਭਰਿਆ ਗਿਲਾਸ ਹੀ ਨਾ ਚੁੱਕਿਆ ਗਿਆ। ਉਨ੍ਹਾਂ ਦੇ ਹੱਥ ਤੱਕ ਪਹੁੰਚਦਿਆਂ ਉਹ ਡੋਲ ਕੇ ਡੁੱਲ੍ਹ ਗਿਆ। ਇਹ ਗੱਲ ਉਨ੍ਹਾਂ ਲਈ ਅਚੰਭਾ ਸੀ ਕਿ 13-14 ਸਾਲਾਂ ਦੀ ਕੋਈ ਕੁੜੀ ਇਕ ਭਰਿਆ ਗਿਲਾਸ ਤੱਕ ਨਹੀਂ ਚੁੱਕ ਸਕਦੀ। ਸਾਰਿਆਂ ਨੂੰ ਇਕ ਖੇਡ ਮਿਲ ਗਈ। ਉਹ ਵੱਖ ਵੱਖ ਭਾਰ ਦੀਆਂ ਚੀਜ਼ਾਂ ਮੇਰੇ ਤੋਂ ਚੁਕਵਾ ਕੇ ਦੇਖਦੇ। ਮੇਰੀ ਮਾਸੀ ਦੀ ਦਰਾਣੀ ਦਾ ਸਾਲ ਕੁ ਦਾ ਬੱਚਾ ਰੁੜਦਾ ਫਿਰਦਾ ਮੈਨੂੰ ਹੱਥ ਪਾ ਕੇ ਖੜ੍ਹਾ ਹੋਣ ਲੱਗਦਾ ਤਾਂ ਮੈਂ ਡਿੱਗ ਪੈਂਦੀ। ਇਸ ਤੋਂ ਨਿਸ਼ਕਤੀ ਦਾ ਗਿਆਨ ਹੋ ਗਿਆ। ਮਾਸੀ ਨੂੰ ਊਟੀ ਤੋਂ ਆਏ ਨਵੇਂ ਡਾਕਟਰ ਦੀ ਦੱਸ ਪਈ ਤਾਂ ਮੇਰੇ ਲਈ ਨਵੇਂ ਸਿਰੇ ਤੋਂ ਇਲਾਜ ਸ਼ੁਰੂ ਹੋਇਆ।

ਕਿਉਂਕਿ ਘਰ ਦੇ ਹਰੇਕ ਬਾਸ਼ਿੰਦੇ ਦੀ ਨਜ਼ਰ 'ਚ ਸਾਂ, ਸੋ ਹਰ ਕੋਈ ਮੇਰੇ 'ਤੇ ਨਵੇਂ ਤਜ਼ੁਰਬੇ ਕਰਦਾ। ਘਰ 'ਚ ਰਹਿੰਦਾ ਇਕ ਕਿਰਾਏਦਾਰ ਰਘਬੀਰ ਮਿਸਤਰੀਆਂ ਦਾ ਮੁੰਡਾ ਸੀ ਪਰ ਆਪ ਉਹ ਸਕੂਟਰ ਮਕੈਨਿਕ ਸੀ। ਉਸ ਦੇ ਦਿਮਾਗ਼ ਨੇ ਮੇਰੇ ਲਈ ਅਜਿਹੀ ਜੁਗਤ ਲੜਾਈ ਜਿਸ ਨੇ ਮੇਰੀ ਜ਼ਿੰਦਗੀ ਨੂੰ ਪਹੀਏ ਲਗਾ ਦਿੱਤੇ। ਭਾਵ ਕਿ ਉਸ ਨੇ ਸਕੂਟਰ ਦੇ ਪੁਰਾਣੇ ਬੈਰਿੰਗਜ਼ ਨੂੰ ਲੱਕੜ ਦੀ ਚੌਂਕੀ ਨੁਮਾ ਪਟੜੀ ਵਿਚ ਇਸ ਤਰ੍ਹਾਂ ਜੜਿਆ ਕਿ ਉਹ ਰੁੜ੍ਹਨ ਲੱਗੀ। ਫਿਰ ਮੈਂ ਉਸ ਫੱਟੀ ਉੱਤੇ ਦੋਵੇਂ ਪਾਸੇ ਲੱਤਾਂ ਕਰ ਕੇ ਬੈਠਣਾ ਤੇ ਉਸ ਨੂੰ ਹੌਲੀ ਹੌਲੀ ਰੇੜ੍ਹਨਾ ਸਿੱਖਿਆ। ਤੇਲ ਅਤੇ ਗਰੀਸ ਲੱਗੇ ਉਹ ਬੈਰਿੰਗਜ਼ ਐਨੀ ਤੇਜ਼ ਭੱਜਦੇ ਕਿ ਮੈਂ ਸੰਭਲ ਨਾ ਪਾਉਂਦੀ। ਉਹ ਪਟੜੀ ਮੇਰੇ ਥੱਲੋਂ ਨਿਕਲ ਅਗਾਂਹ ਭੱਜ ਜਾਂਦੀ ਤੇ ਮੈਂ ਪਿੱਛੇ ਡਿੱਗ ਪੈਂਦੀ ਪਰ ਇਹ ਨਵੀਂ ਖੇਡ ਮੇਰੇ ਲਈ ਵਰਦਾਨ ਸਾਬਤ ਹੁੰਦੀ। ਸ਼ਾਮ ਦਾ ਸਮਾਂ ਸਾਰੇ ਮੇਰੇ ਦੁਆਲੇ ਹੋ ਜਾਂਦੇ। ਵੱਖ ਵੱਖ ਢੰਗਾਂ ਨਾਲ ਮੇਰੀ ਪ੍ਰੈਕਟਿਸ ਕਰਵਾਈ ਜਾਂਦੀ। ਮੇਰੇ ਹੱਥਾਂ ਪੈਰਾਂ 'ਚ ਤਾਕਤ ਭਰਨ ਲੱਗੀ। ਉਸ ਬੈਰਿੰਗਜ਼ ਵਾਲੀ ਫੱਟੀ ਨੂੰ ਚਲਾਉਣ ਅਤੇ ਕਾਬੂ ਕਰਨ ਦੀ ਜਾਚ ਵੀ ਮੈਨੂੰ ਛੇਤੀ ਆ ਗਈ।

ਮੈਂ ਚਾਂਈ ਚਾਂਈ ਸਾਰਾ ਦਿਨ ਇਧਰ ਉਧਰ ਘੁੰਮਦੀ ਰਹਿੰਦੀ। ਦੋ ਤਿੰਨ ਚੱਕਰ ਗੇਟ ਤੱਕ ਲਾ ਆਉਂਦੀ। ਮਾਸੀ ਦੇ ਘਰ ਦੇ ਹਰੇਕ ਕਮਰੇ 'ਚ ਜਾ ਕੇ ਵੇਖ ਆਉਣ ਦਾ ਚਾਅ ਚੜ੍ਹ ਗਿਆ। ਮੈਂ ਰੋਜ਼ ਕਿਸੇ ਨਾ ਕਿਸੇ ਕਮਰੇ 'ਚ ਜਾਂਦੀ। ਉੱਥੇ ਕਿਰਾਏ 'ਤੇ ਰਹਿਣ ਵਾਲਿਆਂ ਨਾਲ ਗੱਲਾਂ ਮਾਰਦੀ। ਮੇਰੇ ਚਿਹਰੇ 'ਤੇ ਅਜ਼ੀਬ ਚਮਕ ਆ ਗਈ। ਮਾਸੀ ਮੇਰੀ ਇਸ ਤਬਦੀਲੀ 'ਤੇ ਮਾਣ ਮਹਿਸੂਸ ਕਰਦੀ। ਕਿਉਂਕਿ ਹੁਣ ਮੇਰੀ ਨੀਂਦ ਦੀ ਸਮੱਸਿਆ ਵੀ ਹੱਲ ਹੋ ਗਈ ਸੀ। ਘੁੰਮਦੀ ਫਿਰਦੀ ਮੈਂ ਥੱਕ ਜਾਂਦੀ ਤੇ ਸਭ ਤੋਂ ਪਹਿਲਾਂ ਹੀ ਘੂਕ ਸੌ ਜਾਂਦੀ।

ਦੁਪਿਹਰ ਸਮੇਂ ਤਾਂ ਘਰ 'ਚ ਕੋਈ ਨਹੀਂ ਹੁੰਦਾ ਸੀ। ਮਾਸੀ ਕੰਮ 'ਚ ਰੁੱਝੀ ਹੁੰਦੀ। ਘਰ 'ਚ ਘੁੰਮਦਿਆਂ ਘੁਮਾਉਂਦਿਆਂ ਇਕ ਦਿਨ ਮੈਂ ਤੂੜੀ ਵਾਲੇ ਕੋਠੇ ਜਿਹੇ ਅੰਦਰ ਚਲੀ ਗਈ ਕਿਉਂਕਿ ਉਹਦੀ ਛੱਤ 'ਤੇ ਚਿੜੀਆਂ ਨੇ ਆਹਲਣੇ ਪਾਏ ਹੋਏ ਸਨ। ਉਨ੍ਹੀ ਦਿਨੀਂ ਨਿੱਕੇ ਨਿੱਕੇ ਬੋਟ ਵੀ ਸਨ। ਉਨ੍ਹਾਂ ਆਲਣਿਆਂ ਵਿਚ ਉਹ ਵਾਰ ਚੋਗਾ ਲੈ ਕੇ ਅੰਦਰ ਜਾਂਦੀਆਂ ਮੇਰੇ ਨਜ਼ਰੀਂ ਪੈ ਗਈਆਂ ਸਨ। ਬੋਟ ਦੇਖਣ ਦੀ ਤਮੰਨਾ ਮੈਨੂੰ ਅੰਦਰ ਖਿੱਚ ਕੇ ਲੈ ਗਈ। ਉੱਥੇ ਮੈਨੂੰ ਮਿੱਟੀ ਗੋਹੇ, ਸਿੱਲ, ਤੂੜੀ ਦੀ ਅਜੀਬ ਜਿਹੀ ਗੰਧ ਆਈ। ਮੈਨੂੰ ਬਹੁਤ ਚੰਗੀ ਲੱਗੀ। ਉੱਥੇ ਅਕਸਰ ਕੂੜ ਕਬਾੜ ਸਾਂਭਿਆ ਪਿਆ ਹੁੰਦਾ ਜਾਂ ਦਿਨ ਵੇਲੇ ਮੰਜੇ ਖੜੇ ਕੀਤੇ ਹੁੰਦੇ। ਇਕ ਟੁੱਟੀ ਜਿਹੀ ਨੀਵੀਂ ਜਿਹੀ ਕੁਰਸੀ ਪਈ ਹੁੰਦੀ। ਮੈਂ ਜਦ ਸਾਰੇ ਪਾਸੇ ਦਾ ਜ਼ਾਇਜ਼ਾ ਲਿਆ ਤਾਂ ਇਕ ਖ਼ਜ਼ਾਨਾ ਮੈਨੂੰ ਨਜ਼ਰੀਂ ਪਿਆ। ਕੋਨੇ ਜਿਹੇ 'ਚ ਪੁਰਾਣੀ ਮਿੱਟੀ ਨਾਲ ਲਿਬੜੀ ਬੋਰੀ ਪਈ ਸੀ। ਮੈਂ ਹੱਥ ਲਾ ਦੇਖਿਆ ਤਾਂ ਪਤਾ ਲੱਗਾ ਕਿ ਉਸ ਵਿਚ ਕੁਝ ਪੁਰਾਣੀਆਂ ਕਿਤਾਬਾਂ ਸਨ। ਉਸ ਬੋਰੀ ਦਾ ਮੂੰਹ ਮੇਰੇ ਹੱਥ ਤੋਂ ਉੱਚਾ ਸੀ। ਮੈਂ ਜੁਗਤ ਲੜਾਈ। ਉਹ ਕੁਰਸੀ ਜਿਸ ਦਾ ਢੋਅ ਟੁੱਟਾ ਹੋਇਆ ਸੀ। ਘੜੀਸ ਕੇ ਲਿਆਂਦੀ। ਹੌਲੀ ਹੌਲੀ ਉਸ 'ਤੇ ਚੜ੍ਹ ਗਈ। ਕਾਂ ਦੁਆਰਾ ਘੜੇ ਵਿਚ ਵੱਟੇ ਸੁਟੱਣ ਵਾਂਗ ਮੈਂ ਵੀ ਆਪਣੀ ਪੜ੍ਹਨ ਦੀ ਪਿਆਸ ਬੁਝਾਉਣ ਦੇ ਕਾਬਲ ਹੋ ਗਈ, ਭਾਵ ਬੋਰੀ ਦਾ ਘੁੱਟ ਕੇ ਬੰਨ੍ਹਿਆ ਹੋਇਆ ਮੂੰਹ ਖੋਲ੍ਹ ਲਿਆ। ਉਸ ਵਿਚ ਭਾਈ ਵੀਰ ਸਿੰਘ ਤੇ ਨਾਨਕ ਸਿੰਘ ਦੇ ਨਾਵਲਾਂ ਤੋਂ ਇਲਾਵਾ ਕੁਝ ਧਾਰਮਕ ਕਿਤਾਬਾਂ ਵੀ ਸਨ। ਕੁਝ ਪੁਰਾਣੇ ਕਿੱਸੇ ਵੀ ਉਸ ਵਿਚ ਸਨ। ਮੇਰੇ ਲਈ ਤਾਂ ਅਲਾਦੀਨ ਦਾ ਚਿਰਾਗ ਲੱਭ ਪਿਆ।

ਜਦੋਂ ਮਾਸੀ ਰਸੋਈ 'ਚ ਹੁੰਦੀ ਤਾਂ ਮੈਂ ਅੱਖ ਬਚਾ ਕੇ ਉਸ ਕੋਠੇ 'ਚ ਜਾ ਬੈਠਦੀ ਤੇ ਕਿਤਾਬਾਂ ਪੜ੍ਹਨ 'ਚ ਗੁਆਚ ਜਾਂਦੀ। ਇਕ ਦਿਨ ਮੈਂ ਨਾਨਕ ਸਿੰਘ ਦਾ ਨਾਵਲ ਚਿੱਟਾ ਲਹੂ ਪੜ੍ਹਨ ਵਿਚ ਐਨੀ ਗੁਆਚ ਗਈ ਕਿ ਮੈਨੂੰ ਆਸੇ ਪਾਸੇ ਦਾ ਤੇ ਸਮੇਂ ਦਾ ਕੋਈ ਖਿਆਲ ਨਾ ਰਿਹਾ। ਅੱਗੇ ਤਾਂ ਮੈਂ ਡਰਦੀ ਮਾਸੀ ਦੇ ਵਿਹਲੀ ਹੋਣ ਤੋਂ ਪਹਿਲਾਂ ਹੀ ਬੀਬਾ ਬੱਚਾ ਬਣ ਕੇ ਕਮਰੇ 'ਚ ਮੁੜ ਆਉਂਦੀ ਸੀ ਪਰ ਉਸ ਦਿਨ ਐਨਾ ਗੁਆਚੀ ਕਿ ਮਾਸੀ ਨੂੰ ਲੱਭਣਾ ਪੈ ਗਿਆ। ਮਾਸੀ ਅਤੇ ਉਸ ਦੀ ਦਰਾਣੀ ਨੇ ਸਭ ਪਾਸੇ ਲੱਭਿਆ ਪਰ ਮੈਂ ਖੂੰਜੇ ਲੁਕੀ ਬੈਠੀ ਸਾਹਿਤ ਸੰਸਾਰ 'ਚ ਗੁੰਮ ਸਾਂ। ਅਚਾਨਕ ਦੂਸਰੀ ਮਾਸੀ ਉਸ ਪੜਛੱਤੇ ਅੰਦਰ ਆਈ ਤਾਂ ਮੈਂ ਕਿਤਾਬ 'ਚ ਗੜੁੱਚ ਸਾਂ। ਬਹੁਤ ਝਿੜਕਾਂ ਪਈਆਂ ਮੇਰੇ ਦੋਵਾਂ ਮਾਸੀਆਂ ਤੋਂ। ਮੇਰੀ ਮਾਸੀ ਨੇ ਘੱਟ ਝਿੜਕਾਂ ਦਿੱਤੀਆਂ ਪਰ ਦੂਸਰੀ ਨੇ ਵੱਧ। ਕਿਉਂਕਿ ਉਸ ਪੜਛੱਤੇ ਦੀ ਛੱਤ ਬਹੁਤ ਜ਼ਰਜ਼ਰ ਸੀ। ਅਕਸਰ ਮਿੱਟੀ ਉਪਰੋਂ ਡਿੱਗਦੀ ਰਹਿੰਦੀ। ਸੋ ਮੇਰਾ ਉਸ ਪੜਛੱਤੇ 'ਚ ਜਾਣਾ ਵੀ ਬੰਦ ਕਰ ਦਿੱਤਾ ਗਿਆ ਪਰ ਫਿਰ ਮੈਂ ਨਵੀਂ ਤਰਕੀਬ ਕੱਢ ਲਈ।

**(ਚਲਦਾ)**





**With my 15 years of experience in Residential Mortgage Industry, I would like to, once again, help you with mortgage approvals, construction draw mortgage and line of credits.**

Please Contact:

**ANJALI AGARWAL** AMP, BA

Senior Mortgage Advisor

*Now I have access to almost all banks and more than 25 lenders.*

ਮੈਂ ਪੰਜਾਬੀ ਅਤੇ ਹਿੰਦੀ ਵਿੱਚ ਗੱਲਬਾਤ ਕਰ ਸਕਦੀ ਹਾਂ

TMG

call @ 780-934-7217 (Cell) or Email anjali.agarwal@mortgagegroup.com

# ਘੱਟ ਗਿਣਤੀਆਂ ਵਿਰੁੱਧ ਸਰਕਾਰੀ ਅਤਿਵਾਦ ਨੂੰ ਨੰਗਾ ਕਰਦੀ ਹੈ ਕਿਤਾਬ 'ਕਰਕਰੇ ਦਾ ਕਾਤਲ ਕੌਣ?'

ਮਨਜੀਤ ਸਿੰਘ ਰਾਜਪੁਰਾ
+91-97802-79640
manjitsinghrajpura@gmail.com



ਭਾਰਤ ਵਿਚ ਹਮੇਸ਼ਾ ਹੀ ਘੱਟ ਗਿਣਤੀਆਂ ਨੂੰ, ਵਿਕਾਊ ਮੀਡੀਏ ਦੀ ਸਹਾਇਤਾ ਨਾਲ ਅਤਿਵਾਦੀ, ਦੇਸ਼ ਧਰੋਹੀ ਦੇ ਤੌਰ 'ਤੇ ਪੇਸ਼ ਕੀਤਾ ਜਾਂਦਾ ਰਿਹਾ ਹੈ। ਪੰਜਾਬ ਦਾ ਹੁਣ ਤੱਕ ਦਾ ਇਤਿਹਾਸ ਗਵਾਹ ਹੈ ਕਿ ਭਾਵੇਂ ਪੰਜਾਬੀਆਂ ਨੇ ਪਹਿਲਾਂ ਦੇਸ਼ ਦੀ ਆਜ਼ਾਦੀ ਲਈ ਤੇ ਉਸ ਤੋਂ ਬਾਅਦ ਆਜ਼ਾਦੀ ਦੀ ਰੱਖਿਆ ਲਈ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਪਰ ਜਦੋਂ ਪੰਜਾਬੀਆਂ ਨੇ ਅਪਣੇ ਹੱਕ ਮੰਗੇ ਤਾਂ ਉਨ੍ਹਾਂ ਨੂੰ ਦੁਨੀਆ ਭਰ ਵਿਚ ਦੇਸ਼ ਧਰੋਹੀ ਦੇ ਤੌਰ 'ਤੇ ਪੇਸ਼ ਕੀਤਾ ਗਿਆ। ਇਹੀ ਹਾਲ ਮੁਸਲਮਾਨਾਂ ਦਾ ਕੀਤਾ ਗਿਆ। ਉਨ੍ਹਾਂ ਤੋਂ ਅਕਸਰ ਹੀ ਦੇਸ਼ ਭਗਤ ਹੋਣ ਦੇ ਸਰਟੀਫਿਕੇਟ ਦੀ ਮੰਗ ਕੀਤੀ ਜਾਂਦੀ ਹੈ ਪਰ ਮਹਾਰਾਸ਼ਟਰ ਪੁਲੀਸ ਦੇ ਸਾਬਕਾ ਆਈ.ਜੀ.ਐਸ.ਐਮ. ਮੁਸ਼ਰਿਫ ਵਲੋਂ ਲਿਖੀ ਕਿਤਾਬ 'ਕਰਕਰੇ ਦਾ ਕਾਤਲ ਕੌਣ' ਘੱਟ ਗਿਣਤੀਆਂ ਦੇ ਗਲ ਮੜ੍ਹੇ ਗਏ ਅਤਿਵਾਦੀ, ਦੇਸ਼ ਧਰੋਹੀ ਦੇ ਇਲਜ਼ਾਮਾਂ ਨੂੰ ਸਬੂਤਾਂ ਨਾਲ ਰੱਦ ਹੀ ਨਹੀਂ ਕਰਦੀ, ਸਗੋਂ ਸਮੇਂ ਦੀਆਂ ਸਰਕਾਰਾਂ ਵਲੋਂ ਘੱਟ ਗਿਣਤੀਆਂ ਨੂੰ ਬਦਨਾਮ ਕਰਨ ਲਈ ਚਲਾਏ ਗਏ ਸਰਕਾਰੀ ਅਤਿਵਾਦ ਨੂੰ ਬੁਰੀ ਤਰ੍ਹਾਂ ਬੇਪਰਦ ਕਰਦੀ ਹੈ। ਇਸ ਕਿਤਾਬ ਵਿਚ ਜਨਾਬ ਮੁਸ਼ਰਿਫ ਨੇ ਭਾਰਤੀ ਸਿਸਟਮ 'ਤੇ ਭਾਰੂ ਹੋਏ ਬ੍ਰਾਹਮਣਵਾਦ ਨੂੰ ਦੇਸ਼ ਦੇ ਸਭ ਮਸਲਿਆਂ ਦੀ ਜੜ੍ਹ ਦੱਸਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਦੇਸ਼ ਦੇ ਆਮ ਹਿੰਦੂ ਤਾਂ ਘੱਟ ਗਿਣਤੀਆਂ ਵਾਂਗ ਵਿਚਾਰੇ ਹੀ ਹਨ, ਜਿਨ੍ਹਾਂ ਨੂੰ ਵਿਕਾਊ ਮੀਡੀਏ ਦੀ ਸਹਾਇਤਾ ਨਾਲ ਭੜਕਾ ਕੇ ਫ਼ਸਾਦ ਕਰਵਾਏ ਜਾਂਦੇ ਹਨ। ਮੀਡੀਏ ਦੇ ਰੋਲ ਦੀ ਚੀਰਫਾੜ ਕਰਦਿਆਂ ਜਨਾਬ ਮੁਸ਼ਰਿਫ ਲਿਖਦੇ ਹਨ ਕਿ ਮੀਡੀਆ ਇਸ ਸਮੇਂ ਪੂਰੀ ਤਰ੍ਹਾਂ ਬ੍ਰਾਹਮਣਵਾਦੀਆਂ ਦੇ ਕਬਜ਼ੇ ਵਿਚ ਹੈ, ਉਹ ਉਹੀ ਲਿਖਦਾ ਹੈ ਜੋ ਉਸ ਨੂੰ ਬ੍ਰਾਹਮਣਵਾਦੀ ਲਾਬੀ ਵਲੋਂ ਕਿਹਾ ਜਾਂਦਾ ਹੈ। ਇਸ ਕਰ ਕੇ ਜਦੋਂ ਵੀ ਕਦੇ ਬੰਬ ਧਮਾਕੇ ਜਾਂ ਕੋਈ ਅਤਿਵਾਦੀ ਹਮਲਾ ਹੁੰਦਾ ਹੈ ਤਾਂ ਬ੍ਰਾਹਮਣਵਾਦੀਆਂ ਦੇ ਕਬਜ਼ੇ ਵਾਲਾ ਮੀਡੀਆ ਤੁਰੰਤ ਹੀ ਘੱਟ ਗਿਣਤੀਆਂ ਵਿਰੁੱਧ ਆਪਣੀਆਂ ਤੋਪਾਂ ਦੇ ਮੂੰਹ ਖੋਲ੍ਹ ਦਿੰਦਾ ਹੈ। ਕਿਤਾਬ ਵਿਚ ਇਸ ਗੱਲ ਦੇ ਬਹੁਤ ਹੀ ਠੋਸ ਤੱਥ ਪੇਸ਼ ਕੀਤੇ ਗਏ ਹਨ ਕਿ ਖ਼ੁਫ਼ੀਆ ਏਜੰਸੀਆਂ ਵਿਚ ਵੀ ਆਰ.ਐਸ.ਐਸ ਦੀ ਲਾਬੀ ਵੱਡੇ ਪੱਧਰ 'ਤੇ ਕੰਮ ਕਰ ਰਹੀ ਹੈ। ਇਹ ਲਾਬੀ ਇੰਨੀ ਤਾਕਤਵਰ ਹੈ ਕਿ ਸਰਕਾਰ ਵੀ ਇਸ ਦੇ ਹੱਥਾਂ ਦੀ ਕਠਪੁਤਲੀ ਬਣ ਜਾਂਦੀ ਹੈ, ਜਿਸ ਕਰ ਕੇ ਇਸ ਲਾਬੀ ਦੇ ਇਰਾਦੇ ਹੁਣ ਬਹੁਤ ਹੀ ਖ਼ਤਰਨਾਕ ਹੋ ਗਏ ਹਨ। ਬਹੁਤੇ ਬੰਬ ਧਮਾਕਿਆਂ ਵਿਚ ਆਰ.ਐਸ.ਐਸ. ਦੇ ਬੰਦੇ ਸ਼ਾਮਲ ਸਨ ਪਰ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ ਜਦਕਿ ਅਜਿਹੇ ਮਾਮਲਿਆਂ ਵਿਚ ਝੂਠੇ ਸਬੂਤਾਂ ਦੇ ਆਧਾਰ 'ਤੇ ਫੜੇ ਗਏ ਘੱਟ ਗਿਣਤੀ ਦੇ ਬੰਦਿਆਂ ਨੂੰ ਬਹੁਤ ਹੀ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ। ਕਈ ਤਾਂ ਬਿਨਾਂ ਕਿਸੇ ਦੋਸ਼ ਤੋਂ ਹੀ ਜੇਲ੍ਹਾਂ ਵਿਚ ਆਪਣੀਆਂ ਜਵਾਨੀਆਂ ਗਾਲ ਕੇ ਬਾਹਰ ਆਏ।

ਸਮਝੌਤਾ ਐਕਸਪ੍ਰੈੱਸ 'ਚ ਬੰਬ ਧਮਾਕੇ ਜਿਨ੍ਹਾਂ ਬਾਰੇ ਪਹਿਲਾਂ ਵਿਕਾਊ ਮੀਡੀਏ ਦੀ ਸਹਾਇਤਾ ਨਾਲ ਇਹ ਰੌਲਾ ਪਾਇਆ ਗਿਆ ਸੀ ਕਿ ਉਹ ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਨੇ ਕਰਵਾਏ ਹਨ, ਜਦੋਂ ਪੜਤਾਲ ਹੋਈ ਤਾਂ ਸੱਚ ਸਾਹਮਣੇ ਆਇਆ ਕਿ ਉਹ ਕਰਨਲ ਪ੍ਰੋਹਿਤ ਨੇ ਕਰਵਾਏ ਸਨ। ਇਸੇ ਤਰ੍ਹਾਂ ਮਾਲੇਗਾਉਂ ਵਿਖੇ ਹੋਏ ਬੰਬ ਧਮਾਕਿਆਂ ਬਾਰੇ ਇਹੀ ਪ੍ਰਚਾਰ ਕੀਤਾ ਗਿਆ ਪਰ ਮਹਾਰਾਸ਼ਟਰ ਪੁਲੀਸ ਦੇ ਅਤਿਵਾਦ ਵਿਰੋਧੀ ਦਸਤੇ ਦੇ ਚੀਫ਼ ਹੇਮੰਤ ਕਰਕਰੇ ਨੇ ਜਦੋਂ ਨਿਰਪੱਖਤਾ ਨਾਲ ਇਸ ਦੀ ਪੜਤਾਲ ਕੀਤੀ ਤਾਂ ਇਸ ਪਿੱਛੇ ਜਿਹੜਾ ਸੱਚ ਸਾਹਮਣੇ ਆਇਆ, ਉਹ ਬਹੁਤ ਹੀ ਖ਼ਤਰਨਾਕ ਸੀ। ਜਦੋਂ ਕਿ ਕਰਕਰੇ ਇਨ੍ਹਾਂ ਧਮਾਕਿਆਂ ਪਿੱਛੇ ਕੰਮ ਕਰਦੀਆਂ ਤਾਕਤਾਂ ਨੂੰ ਬੇਪਰਦ ਕਰਨ ਹੀ ਵਾਲੇ ਸਨ ਕਿ ਮੁੰਬਈ ਉੱਤੇ ਹੋਏ ਅਤਿਵਾਦੀ ਹਮਲੇ ਵਿਚ ਉਨ੍ਹਾਂ ਦਾ ਕਤਲ ਕਰ ਦਿੱਤਾ ਗਿਆ। ਕਿਤਾਬ ਵਿਚ ਜਨਾਬ ਮੁਸ਼ਰਿਫ ਨੇ ਮੁੰਬਈ ਦੇ ਕਾਮਾ ਹਸਪਤਾਲ ਦੇ ਵਾਕਿਆ ਬਾਰੇ, ਜਿੱਥੇ ਕਿ ਕਰਕਰੇ ਤੇ ਉਨ੍ਹਾਂ ਦੇ ਬਹਾਦਰ ਸਾਥੀਆਂ ਦਾ ਕਤਲ ਹੋਇਆ, ਬਾਰੇ ਬਹੁਤ ਹੀ ਨਿੱਗਰ ਸਬੂਤਾਂ ਨਾਲ ਦੱਸਿਆ ਕਿ ਕਰਕਰੇ ਨੂੰ ਮਾਰਨ ਲਈ ਪਹਿਲਾਂ ਤੋਂ ਹੀ ਬਹੁਤ ਵੱਡੀ ਚਾਲ ਚੱਲੀ ਗਈ ਸੀ ਤੇ ਉਸ ਦਿਨ-ਰਾਤ ਨੂੰ ਜਦੋਂ ਮੁੰਬਈ ਉੱਤੇ ਹਮਲਾ ਹੋਇਆ ਤਾਂ ਕਰਕਰੇ ਨੂੰ ਮੋਬਾਈਲ ਫ਼ੋਨ 'ਤੇ ਦਿੱਤੀਆਂ ਜਾ ਰਹੀਆਂ ਹਦਾਇਤਾਂ ਨਾਲ ਉਸ ਥਾਂ 'ਤੇ ਪਹੁੰਚਾ ਦਿੱਤਾ ਗਿਆ, ਜਿੱਥੇ ਕਿ ਅਤਿਵਾਦੀ ਪਹਿਲਾਂ ਤੋਂ ਹੀ ਉਨ੍ਹਾਂ ਦੀ ਉਡੀਕ ਕਰ ਰਹੇ ਸਨ। ਲੇਖਕ ਦਾ ਕਹਿਣਾ ਹੈ ਕਿ ਮੁੰਬਈ ਉੱਤੇ ਹੋਇਆ ਅਤਿਵਾਦੀ ਹਮਲਾ ਸਚਾਈ ਹੈ ਪਰ ਉਸ ਦਾ ਕਹਿਣਾ ਹੈ ਕਿ ਤਾਜ ਹੋਟਲ ਤੇ ਨਾਰੀਮਨ ਹਾਊਸ 'ਤੇ ਜਿੱਥੇ ਬਾਹਰਲੇ ਅਤਿਵਾਦੀਆਂ ਨੇ ਹਮਲਾ ਕੀਤਾ, ਉੱਥੇ ਕਰਕਰੇ ਨੂੰ ਮਾਰਨ ਵਾਲੇ ਅਤਿਵਾਦੀ ਮਹਾਰਾਸ਼ਟਰ ਦੇ ਸਨ ਜੋ ਕਿ ਬਿਲਕੁਲ ਸਾਫ਼ ਮਰਾਠੀ ਬੋਲ ਰਹੇ ਸਨ। ਜਿਨ੍ਹਾਂ ਨੇ ਹਮਲੇ ਸਮੇਂ ਅਤਿਵਾਦੀਆਂ ਨਾਲ ਗੱਲਬਾਤ ਕੀਤੀ, ਉਨ੍ਹਾਂ ਦੀ ਗਵਾਹੀ ਲੇਖਕ ਨੇ ਸਬੂਤ ਵਜੋਂ ਪੇਸ਼ ਕੀਤੀ ਹੈ ਤੇ ਦੱਸਿਆ ਹੈ ਕਿ ਉਨ੍ਹਾਂ ਅਤਿਵਾਦੀਆਂ ਨੂੰ ਕੋਈ ਮੁੰਬਈ 'ਚ ਬੈਠਾ ਹੀ ਹਦਾਇਤਾਂ ਦੇ ਰਿਹਾ ਸੀ। ਮੁੰਬਈ ਉੱਤੇ ਹਮਲੇ ਦੌਰਾਨ ਛਤਰਪਤੀ ਸ਼ਿਵਾ ਜੀ ਟਰਮੀਨਲ ਰੇਲਵੇ ਸਟੇਸ਼ਨ 'ਤੇ ਮਾਰੇ ਗਏ ਬੰਦਿਆਂ 'ਚੋਂ 22 ਮੁਸਲਮਾਨ ਸਨ, ਲੇਖਕ ਦਾ ਕਹਿਣਾ ਹੈ ਕਿ ਜੇ ਅਤਿਵਾਦੀ ਮੁਸਲਮਾਨ ਜਿਹਾਦੀ ਸਨ ਤਾਂ ਫਿਰ ਉਨ੍ਹਾਂ ਨੇ ਮੁਸਲਮਾਨਾਂ ਨੂੰ ਹੀ ਕਿਵੇਂ ਮਾਰ ਦਿੱਤਾ ਜਦਕਿ ਮੁਸਲਮਾਨ ਅਪਣੀ ਦਾੜ੍ਹੀ ਤੇ ਟੋਪੀ ਕਾਰਨ ਦੂਰ ਤੋਂ ਹੀ ਪਛਾਣੇ ਜਾਂਦੇ ਹਨ। ਲੇਖਕ ਨੇ ਜ਼ੋਰਦਾਰ ਮੰਗ ਕੀਤੀ ਹੈ ਕਿ ਮੁੰਬਈ ਹਮਲੇ ਦੀ ਮੁੜ ਤੋਂ ਕਿਸੇ ਨਿਰਪੱਖ ਏਜੰਸੀ ਤੋਂ ਪੜਤਾਲ ਕਰਵਾਈ ਜਾਵੇ ਤਾਂ ਜੋ ਕਰਕਰੇ ਵਰਗੇ ਬਹਾਦਰ ਪੁਲੀਸ ਅਫ਼ਸਰ ਦਾ ਕਤਲ ਕਰਨ ਵਾਲੀਆਂ ਤਾਕਤਾਂ ਨੂੰ ਲੋਕਾਂ ਸਾਹਮਣੇ ਬੇਪਰਦ ਕਰ ਕੇ ਸਜ਼ਾ ਦਿੱਤੀ ਜਾ ਸਕੇ।




ਕਿਤਾਬ ਵਿਚ ਜਨਾਬ ਮੁਸ਼ਰਿਫ ਨੇ ਇਸ ਗੱਲ ਦੇ ਸਬੂਤ ਵੀ ਪੇਸ਼ ਕੀਤੇ ਹਨ ਕਿ ਇਸ ਹਮਲੇ ਵਿਚ ਫਾਂਸੀ ਚੜ੍ਹਾਏ ਗਏ ਅਜਮਲ ਕਸਾਬ ਦਾ ਇਸ ਹਮਲੇ ਨਾਲ ਕੋਈ ਲੇਗਾ ਦੇਗਾ ਨਹੀਂ ਸੀ, ਉਸ ਨੂੰ ਤਾਂ ਕਾਠਮੰਡੂ ਤੋਂ ਫੜਿਆ ਗਿਆ ਸੀ। ਉਸ ਦੀ ਛਤਰਪਤੀ ਰੇਲਵੇ ਸਟੇਸ਼ਨ 'ਤੇ ਹਮਲੇ ਵਾਲੀ ਰਾਤ ਨੂੰ ਖਿੱਚੀ ਗਈ ਤਸਵੀਰ ਨੂੰ ਵੀ ਲੇਖਕ ਚਲਾਕੀ ਨਾਲ ਕੀਤਾ ਕੰਮ ਦੱਸਦਾ ਹੈ ਤੇ ਕਹਿੰਦਾ ਹੈ ਕਿ ਇਹ ਕਿਵੇਂ ਸੰਭਵ ਹੈ ਕਿ ਜਦੋਂ ਅਤਿਵਾਦੀ ਸਟੇਸ਼ਨ 'ਤੇ ਗੋਲੀਆਂ ਚਲਾ ਰਹੇ ਸਨ ਤਾਂ ਕੋਈ ਬਿਲਕੁਲ ਉਨ੍ਹਾਂ ਦੇ ਸਾਹਮਣੇ ਹੋ ਕੇ ਉਨ੍ਹਾਂ ਦੀ ਤਸਵੀਰ ਖਿੱਚ ਲੈਂਦਾ।

ਕਿਤਾਬ 'ਕਰਕਰੇ ਦਾ ਕਾਤਲ ਕੌਣ' ਇਕ ਤਰ੍ਹਾਂ ਨਾਲ ਸਰਕਾਰੀ ਅਤਿਵਾਦ ਨੂੰ ਬੇਪਰਦ ਕਰਨ ਵਾਲਾ ਇਤਿਹਾਸਕ ਦਸਤਾਵੇਜ਼ ਹੈ, ਜਿਸ ਨੇ ਘੱਟ ਗਿਣਤੀਆਂ ਸਿਰ ਮੜ੍ਹੇ ਜਾਂਦੇ ਅਤਿਵਾਦੀ, ਦੇਸ਼ ਧਰੋਹੀ ਦੇ ਦੋਸ਼ਾਂ ਦਾ ਭਾਂਡਾ ਚੌਰਾਹੇ ਵਿਚ ਭੰਨਿਆ ਹੈ। ਲੇਖਕ ਐਸ.ਐਮ ਮੁਸ਼ਰਿਫ ਨੇ ਆਪਣੇ ਪੁਲੀਸ ਨੌਕਰੀ ਦੇ ਤਜਰਬੇ ਦਾ ਇਸ ਕਿਤਾਬ ਵਿਚ ਲਾਭ ਉਠਾਉਂਦੇ ਹੋਏ, ਉਨ੍ਹਾਂ ਸਰਕਾਰੀ ਦਫ਼ਤਰਾਂ ਅੰਦਰਲੇ ਕਾਲੇ ਕਾਰਨਾਮਿਆਂ ਨੂੰ ਲੋਕਾਂ ਸਾਹਮਣੇ ਲਿਆਂਦਾ ਹੈ, ਆਮ ਬੰਦਾ ਜਿਨ੍ਹਾਂ ਦੇ ਨੇੜੇ ਵੀ ਨਹੀਂ ਢੁੱਕ ਸਕਦਾ। ਜਨਾਬ ਮੁਸ਼ਰਿਫ ਦਾ ਇਹ ਕੰਮ ਬਹੁਤ ਹੀ ਦਲੇਰੀ ਭਰਿਆ ਹੈ। ਉਹ ਕਿਤਾਬ ਵਿਚ ਲਿਖਦੇ ਹਨ ਕਿ ਇਹ ਕਿਤਾਬ ਲਿਖ ਕੇ ਉਨ੍ਹਾਂ ਨੇ ਇਕ ਤਰ੍ਹਾਂ 'ਬਿੱਲੀ ਦੇ ਗੱਲ ਟੱਲੀ' ਬੰਨ੍ਹ ਦਿੱਤੀ ਹੈ। ਇਹ ਬਿੱਲੀ ਬਹੁਤ ਹੀ ਖ਼ਤਰਨਾਕ ਤੇ ਬਦਲਾ ਲੈਣ ਵਾਲੀ ਹੈ। ਪਰ ਮੈਂ ਆਪਣੇ ਮਹਾਨ ਦੇਸ਼ ਦੀ ਖ਼ਾਤਰ ਆਪਣੀ ਜ਼ਿੰਦਗੀ ਲਈ ਕੋਈ ਵੀ ਖ਼ਤਰਾ ਲੈਣ ਲਈ ਤਿਆਰ ਹਾਂ। ਘੱਟੋ ਘੱਟ ਪੰਜਾਬੀਆਂ ਨੂੰ ਇਹ ਕਿਤਾਬ ਜ਼ਰੂਰ ਪੜ੍ਹਨੀ ਚਾਹੀਦੀ ਹੈ, ਜਿਨ੍ਹਾਂ ਨੇ ਬਹੁਤ ਲੰਮਾ ਸਮਾਂ ਸੰਤਾਪ ਭੋਗਿਆ ਹੈ।

ਇਸ ਕਿਤਾਬ ਨੂੰ ਪੰਜਾਬੀ ਵਿਚ ਚੱਕ ਸਤਾਰਾਂ ਪ੍ਰਕਾਸ਼ਨ ਰਾਜਪੁਰਾ ਨੇ ਛਾਪਿਆ ਹੈ। ਕਿਤਾਬ ਦੀ ਕੀਮਤ 300 ਰੁਪਏ ਹੈ। ਵੀ ਪੀ ਰਾਹੀਂ ਕਿਤਾਬ 150 ਰੁਪਏ ਵਿਚ ਦਿੱਤੀ ਜਾ ਰਹੀ ਹੈ। ਕਿਤਾਬ ਪ੍ਰਾਪਤ ਕਰਨ ਲਈ 9872241223 'ਤੇ ਅਪਣਾ ਸੁਨੇਹਾ ਛੱਡਿਆ ਜਾ ਸਕਦਾ ਹੈ।

'ਨਵੀਂ ਦੁਨੀਆ' ਦੀ ਪੰਜਾਬੀ ਅਦਬ ਵਿਚ ਨਵੀਂ ਪਹਿਲ
ਨਵੀਂ ਦੁਨੀਆ ਪ੍ਰਕਾਸ਼ਨ
ਲੇਖਕ ਮਿਆਰੀ ਕਿਤਾਬਾਂ ਰਿਆਇਤੀ ਦਰਾਂ 'ਤੇ ਛਪਵਾਉਣ ਲਈ ਸੰਪਰਕ ਕਰਨ
ਫ਼ੋਨ : 780 465 9118
ਫ਼ੈਕਸ : 780 465 0661
Email : info@nawidunia.com

Gurpreet Singh Sohal (B.E. Mech.)
Tel.: 780.935.2990
Driver Instructor
Professional Training
Class 4
Class 5 Basic
Class 5 Advance
Lock Smith
If:
→ Your Car is Locked
→ Your Car Need Boost
Please Call
Rental Car Available For Road Test (Dual Brake)



C.J. Auto
& Transmission Repair Ltd.
& Body Shop
Specialize in Propane Repair & Body Shop
Nindy Rao (Manager)
Tel.: 780-434-9912 Fax: 780-434-6706
9504-62 Avenue Edmonton, AB. T6E 0C9
* Import & Domestic Repairs * Insurance Claims



BeLL
STUCCO & RENOVATION
Residential
Commertial
ਰੈਨੋਵੇਸ਼ਨ ਦੇ ਕੰਮ ਲਈ ਵਰਕਰ ਦੀ ਲੋੜ ਹੈ।
• ਹਰੇਕ ਕਿਸਮ ਦੀ ਰੈਨੋਵੇਸ਼ਨ
• ਸਾਈਡਿੰਗ ਸੌਫਟ, ਫੇਸਿਆ
• ਕਿਸੇ ਵੀ ਕਿਸਮ ਦੀ ਨਵੀਂ ਸੱਟਕੋ ਕਰਵਾਉਣ ਲਈ
FACIA
SOCKET
RENOVATION
Call: ਅਮਰ (AMAR)
780 271 2266
Fax: 780 463 7363

# ਗੁਣਕਾਰੀ ਇਮਲੀ



ਇਮਲੀ ਸਾਡੇ ਭੋਜਨ ਦਾ ਅਹਿਮ ਅੰਗ ਹੈ। ਇਸ ਨੂੰ ਚਟਣੀ ਅਤੇ ਫ਼ਲ ਦੇ ਰੂਪ ਵਿਚ ਲੋਕ ਬਹੁਤ ਖ਼ੁਸ਼ ਹੋ ਕੇ ਖਾਂਦੇ ਹਨ। ਬੱਚੇ ਤਾਂ ਇਸ ਨੂੰ ਵਿਸ਼ੇਸ਼ ਤੌਰ ’ਤੇ ਚਟਕਾਰੇ ਲੈ ਕੇ ਖਾਂਦੇ ਹਨ। ਇਮਲੀ ਨਾ ਕੇਵਲ ਸੁਆਦ ਵਰਧਕ ਦੇ ਤੌਰ ’ਤੇ ਹੀ ਕੰਮ ਆਉਂਦੀ ਹੈ ਬਲਕਿ ਇਹ ਕਈ ਹੋਰ ਪੱਖੋਂ ਵੀ ਗੁਣਕਾਰੀ ਹੈ। ਇਮਲੀ ਵਿਚ ਖਣਿਜ ਤੱਤ, ਵਿਟਾਮਿਨ, ਜ਼ਰੂਰੀ ਖ਼ੁਸ਼ਬੂਦਾਰ ਤੱਤ ਅਤੇ ਰੇਸ਼ੇ ਹੁੰਦੇ ਹਨ। ਇਮਲੀ ਵਿਚਲਾ ਰੇਸ਼ਾ ਪਾਚਨ ਤੰਤਰ ਨੂੰ ਤੰਦਰੁਸਤ ਰੱਖਦਾ ਹੈ ਅਤੇ ਕਬਜ਼ ਦੂਰ ਕਰਨ ਦਾ ਕਾਰਨ ਬਣਦਾ ਹੈ। ਇਹ ਰੇਸ਼ਾ ਭੋਜਨ ਰਾਹੀਂ ਅੰਤੜੀਆਂ ਅੰਦਰ ਪੁੱਜੇ ਟਾਇਸਿਨਜ਼ (ਨੁਕਸਾਨਦਾਇਕ ਰਸਾਇਣਾਂ) ਨੂੰ ਆਪਣੇ ਅੰਦਰ ਬੰਨ੍ਹ ਲੈਂਦਾ ਹੈ ਜਿਸ ਕਾਰਨ ਅੰਤੜੀਆਂ ਦੀ ਅੰਦਰਲੀ ਝਿੱਲੀ ਕੈਂਸਰ ਕਾਰਕ ਰਸਾਇਣਾਂ ਤੋਂ ਵੀ ਬਚੀ ਰਹਿੰਦੀ ਹੈ। ਇਮਲੀ ਦਾ ਰੇਸ਼ੇਦਾਰ ਅੰਸ਼ ਸਰੀਰ ਵਿਚ ਮੰਦੇ ਕੈਲੇਸਟਰੋਲ ਦੀ ਮਾਤਰਾ ਘੱਟ ਕਰਨ ਵਿੱਚ ਵੀ ਸਹਾਇਕ ਕਰਦਾ ਹੈ।

ਇਮਲੀ ਦਾ ਖੱਟਾ ਸੁਆਦ ਇਸ ਵਿਚਲੇ ਟਾਰਟਾਰਿਕ ਐਸਿਡ ਕਾਰਨ ਹੁੰਦਾ ਹੈ ਜੋ ਕਿ ਇਕ ਸ਼ਕਤੀਸ਼ਾਲੀ ‘ਐਂਟੀ-ਆਕਸੀਡੈਂਟ’ ਮੰਨਿਆ ਗਿਆ ਹੈ। ਇਹ ‘ਐਂਟੀ-ਆਕਸੀਂਡੈਂਟ’ ਸਰੀਰ ਦੀ ਥਕਾਵਟ, ਬੁਢਾਪੇ ਜਾਂ ਬਿਮਾਰੀਆਂ ਕਾਰਨ ਹੋਣ ਵਾਲੇ ਨੁਕਸਾਨ ਦੀ ਦਰ ਨੂੰ ਮੱਠਾ ਕਰਦੇ ਹਨ।

ਇਮਲੀ ਵਿਚ ਤਾਂਬੇ, ਪੋਟਾਸ਼ੀਅਮ, ਫਾਸਫੋਰਸ , ਲੋਹਾ, ਸੈਲੇਨੀਅਮ, ਜ਼ਿੰਕ ਅਤੇ ਮੈਗਨੀਸ਼ੀਅਮ ਵਰਗੇ ਖਣਿਜ ਪਦਾਰਥ ਹੁੰਦੇ ਹਨ। ਪੋਟਾਸ਼ੀਅਮ ਨਾਮੀ ਤੱਤ ਦਿਲ ਦੀ ਧੜਕਣ ਅਤੇ ਬਲੱਡ-ਪ੍ਰੈਸ਼ਰ ਨੂੰ ਕਾਬੂ ਕਰਦਾ ਹੈ। ਕੈਲਸ਼ੀਅਮ ਅਤੇ ਫਾਸਫੋਰਸ ਨਾਮੀਂ ਤੱਤ ਹੱਡੀਆਂ ਅਤੇ ਦੰਦਾਂ ਦਾ ਨਿਰਮਾਣ ਕਰਨ ਦੇ ਨਾਲ-ਨਾਲ ਮਾਸਪੇਸ਼ੀਆਂ ਲਈ ਜ਼ਰੂਰੀ ਹੁੰਦੇ ਹਨ। ਲੋਹਾ ਖ਼ੂਨ ਦੀ ਘਾਟ ਪੂਰੀ ਕਰਕੇ ਸਾਨੂੰ ਤਾਕਤਵਰ ਬਣਾਉਂਦਾ ਹੈ।

ਇਮਲੀ ਵਿਚ ਮਿਲਣ ਵਾਲੇ ਵਿਟਾਮਿਨਾਂ ਵਿਚ ਵਿਟਾਮਿਨ ਬੀ-1 ਅਤੇ ਬੀ-6 ਹੁੰਦੇ ਹਨ। ਇਨ੍ਹਾਂ ਅੰਸ਼ਾਂ ਕਾਰਨ ਇਮਲੀ ਸਰੀਰ ਦੀਆਂ ਕੁਝ ਬਿਮਾਰੀਆਂ ਨਾਲ ਲੜਣ ਦੀ ਸਮਰੱਥਾ ਵੀ ਰੱਖਦੀ ਹੈ। ਕਈ ਪਰੰਪਰਾਗਤ ਦਵਾਈਆਂ ਵਿਚ ਇਹ ਕਬਜ਼ ਹਟਾਊ ਅਤੇ ਪਾਚਨ ਸ਼ਕਤੀ ਵਰਧਕ ਪਦਾਰਥ ਵਜੋਂ ਵਰਤੀ ਜਾਂਦੀ ਰਹੀ ਹੈ। ਇਹ ਕਈ ਦਵਾ-ਫਾਰਮੂਲਿਆਂ ਦਾ ਅੰਸ਼ ਵੀ ਹੁੰਦੀ ਹੈ।

ਇਮਲੀ ਸੋਜ ਨੂੰ ਵੀ ਘੱਟ ਕਰਦੀ ਹੈ, ਜਿਸ ਕਾਰਨ ਕਈ ਮੁਲਕਾਂ ਵਿਚ ਗਲੇ ਦੇ ਦਰਦ/ਜ਼ਖ਼ਮਾਂ ਨੂੰ ਦੂਰ ਕਰਨ ਲਈ ਇਸ ਨੂੰ ਪਾਣੀ ਵਿਚ ਪਾ ਕੇ ਗਰਾਰੇ ਕਰਨ ਲਈ ਵਰਤਿਆ ਜਾਂਦਾ ਹੈ। ਕਈ ਲੋਕ ਜੋੜਾਂ ਦੇ ਦਰਦ ਨੂੰ ਦੂਰ ਕਰਨ ਲਈ ਇਸ ਦਾ ਲੇਪ ਵੀ ਲਗਾਉਂਦੇ ਹਨ।

# ਅਮਰੀਕੀ ਖੋਜ ਵਿਗਿਆਨੀਆਂ ਵਲੋਂ ਆਧੁਨਿਕ ਵਾਇਰਲ ਪੇਸ ਮੇਕਰ ਵਿਕਸਤ

ਅਮਰੀਕੀ ਖੋਜ ਵਿਗਿਆਨੀਆਂ ਨੇ ਆਧੁਨਿਕ ਵਾਇਰਲ ਪੇਸ ਮੇਕਰ ਵਿਕਸਤ ਕੀਤਾ ਹੈ। ਇਸ ਦਾ ਆਕਾਰ ਮਹਿਜ਼ ਇਕ ਚਾਵਲ ਦੇ ਜਾਣੇ ਜਿੰਨਾ ਹੈ। ਇਸ ਨੂੰ ਖਰਗੋਸ਼ ਦੇ ਸਰੀਰ ਵਿਚ ਲਾਇਆ ਗਿਆ ਹੈ। ਵਿਗਿਆਨੀਆਂ ਨੇਂ ਖਰਗੋਸ਼ ਦੀ ਛਾਤੀ ਤੋਂ ਕੁਝ ਸੈਂਟੀਮੀਟਰ ਉਪਰ ਇਕ ਮੈਟਲ ਪਲੇਟ ਲਾਈ ਜਿਸ ਦੇ ਸਹਾਰੇ ਖਰਗੋਸ਼ ਦੀ ਦਿਲ ਦੀ ਧੜਕਣ ਨੂੰ ਕੰਟਰੋਲ ਕਰਨਾ ਸੰਭਵ ਹੋਵੇਗਾ। ਜੇਕਰ ਇਹ ਪੇਸ ਮੇਕਰ ਮਾਨਵੀ ਸਰੀਰ ਵਿਚ ਕਾਮਯਾਬ ਹੁੰਦਾ ਹੈ ਤਾਂ ਆਕਾਰ ਵਿਚ ਛੋਟਾ ਹੋਣ ਕਾਰਨ ਇਸ ਨੂੰ ਲਾਉਣਾ ਬਹੁਤ ਸੌਖਾ ਹੋਵੇਗਾ। ਇਹ ਖੋਜ ਅਮਰੀਕੀ ਜਰਨਲ ‘ਪ੍ਰਾਸੀਡਿੰਗ ਆਫ਼ ਦ ਨੈਸ਼ਨਲ ਅਕਾਦਮੀ ਆਫ਼ ਸਾਇੰਸ’ ਵਿਚ ਪ੍ਰਕਾਸ਼ਤ ਕੀਤਾ ਹੋਇਆ ਹੈ। ਸਟੈਨਫ਼ੋਰਡ ਯੂਨੀਵਰਸਿਟੀ ਦੇ ਖੋਜਾਰਥੀਆਂ ਨੇ ਉਮੀਦ ਪ੍ਰਗਟਾਈ ਹੈ ਕਿ ਨਵੇਂ ਉਪਰਕਣ ਨਾਲ ਹੁਣ ਵਰਤੇ ਜਾ ਰਹੇ ਪੇਸ ਮੇਕਰ ਦੇ ਅੰਦਰ ਮੌਜੂਦ ਭਾਰੀ ਭਰਕਮ ਬੈਅਰੀ ਅਤੇ ਉਸ ਦੇ ਰਿਚਾਰਜ ਕਰਨ ਦੀ ਵਿਵਸਥਾ ਤੋਂ ਛੁਟਕਾਰਾ ਮਿਲੇਗਾ। ਮੰਨਿਆ ਜਾ ਰਿਹਾ ਹੈ ਕਿ ਨਵਾਂ ਪੇਸ ਮੇਕਰ ਉਨ੍ਹੀਂ ਹੀ ਊਰਜਾ ਨਾਲ ਚਲੇਗਾ, ਜਿੰਨੀ ਊਰਜਾ ਨਾਲ ਇਕ ਸੈੱਲਫ਼ੋਨ ਕੰਮ ਕਰਦਾ ਹੈ। ਸਟੈਨਫ਼ੋਰਡ ਯੂਨੀਵਰਸਿਟੀ ਦੇ ਇਲੈਕਟ੍ਰੀਕਲ ਇੰਜੀਨੀਅਰਿੰਗ ਵਿਭਾਗ ਦੇ ਪ੍ਰੋਫ਼ੈਸਰ ਅਤੇ ਖੋਜ ਦੇ ਸਹਿ ਲੇਖਕ ਡਾ. ਏਡਾ ਪੂਨ ਨੇ ਕਿਹਾ, “ਸਾਨੂੰ ਇਸ ਤਰ੍ਹਾਂ ਦੇ ਯੰਤਰ ਨੂੰ ਛੋਟੇ ਤੋਂ ਛੋਟੇ ਬਣਾਉਣ ਦੀ ਜ਼ਰੂਰਤ ਹੈ ਤਾਕਿ ਉਸ ਨੂੰ ਸਰੀਰ ਦੇ ਅੰਦਰ ਆਸਾਨੀ ਨਾਲ ਲਾਇਆ ਜਾ ਸਕੇ।

rainbow
copy & printing
P: (780) 461-6000
F (780) 450-2302
Toll Free: 1 866 461-6001
PRINTING
• Business Cards
• Flyers
• Weddings
• Brochures
• Posters
• Notepads
• Stationary
COPYING
• Photocopying
• Faxing
• Finishing
• Bindery
• Restorations
DESIGN
Call us and tell us what you want. Our talented and knowledgable staff will design it for you. After you approve it, we'll print it. It's that simple.



www.rainbowcopy.com
rainbow@rainbowcopy.com
Monday - Friday 9:00am - 6:00pm
Saturday 11:00am - 5:00pm



ਅੱਜ ਦੀ ਤੇਜ਼ ਰਫ਼ਤਾਰ ਜ਼ਿੰਦਗੀ 'ਚ ਵਧ ਰਹੇ ਪੀੜ੍ਹੀ-ਪਾੜ੍ਹੇ ਨੂੰ ਘਟਾਉਣ ਦੀ ਕੋਸ਼ਿਸ਼ ਲਈ ਯਤਨਸ਼ੀਲ :
ਪੰਜਾਬੀ ਕਲਚਰਲ ਐਸੋਸੀਏਸ਼ਨ ਆਫ ਅਲਬਰਟਾ
Punjabi Cultural Association of Alberta
ਵਲੋਂ ਬੱਚਿਆਂ ਲਈ ਗਰਮੀਆਂ ਦੀਆਂ ਛੁੱਟੀਆਂ ਵਿਚ
ਪੰਜਾਬੀ (ਭਾਸ਼ਾ ਅਤੇ ਨਾਚ), ਅੰਗਰੇਜ਼ੀ ਅਤੇ ਹਿਸਾਬ
ਸਿਖਲਾਈ ਪ੍ਰੋਗਰਾਮ (2 ਜੁਲਾਈ ਤੋਂ 31 ਜੁਲਾਈ 2014)
ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ KG ਤੋਂ 7 ਗਰੇਡ ਤੱਕ ਦੇ ਬੱਚੇ ਟੀ.ਡੀ ਬੇਕਰ ਜੂਨੀਅਰ ਹਾਈ ਸਕੂਲ (1750 Millwoods Rd East) ਸਕੂਲ ਵਿਚ ਸਿੱਖਿਅਤ ਅਤੇ ਯੋਗ ਅਧਿਆਪਕਾਂ ਕੋਲੋਂ ਪੰਜਾਬੀ ਸਕੂਲ ਦਾ ਫਾਇਦਾ ਉਠਾ ਸਕਦੇ ਹਨ। ਇਹ ਸਕੂਲ ਚਾਰ ਹਫਤਿਆਂ ਲਈ ਸੋਮਵਾਰ ਮੰਗਲਵਾਰ, ਬੁੱਧਵਾਰ ਅਤੇ ਵੀਰਵਾਰ 12:30 ਤੋਂ 4:30 ਵਜੇ ਤਕ 2 ਜੁਲਾਈ ਤੋਂ 31 ਜੁਲਾਈ 2014 ਤੱਕ ਲਗਾਇਆ ਜਾਵੇਗਾ।
ਦਾਖਲੇ ਲਈ ਫ਼ੀਸ $50
ਦਾਖਲਾ ਫ਼ਾਰਮ ਭਰਨ ਲਈ
15 ਜੂਨ 2014, ਸਮਾਂ : 1 ਤੋਂ 2:30 ਵਜੇ,
ਸਥਾਨ : 101, 9158-23 ਐਵਨਿਊ (ਪੀ.ਸੀ.ਏ. ਹਾਲ)



ਯੋਗ ਅਧਿਆਪਕਾਂ ਦੀ ਲੋੜ ਹੈ।
ਨੋਟ : ਥੋੜ੍ਹੀਆਂ ਹੀ ਸੀਟਾਂ ਉਪਲਬਧ ਹਨ।
ਪਹਿਲਾਂ ਆਓ ਪਹਿਲਾਂ ਪਾਓ ਦੇ ਅਧਾਰ ‘ਤੇ ਦਾਖਲਾ ਦਿੱਤਾ ਜਾਵੇਗਾ।
In association with Edmonton Public School and City of Edmonton, Punjabi Cultural Association presents Punjabi Summer Camp, where children can learn Punjabi, English and Math. This camp will be held at TD Baker Junior High School (1750 Millwoods Rd East) from 12:30 to 16:30, Monday to Thursday from 2 July to 31 July. Please do not contact J Percy Page School directly
Note: Need qualified teachers. Please send your resume at PCAAlberta@hotmail.com
For information please contact:
Varinder Bhullar (780) 966-3121, Kuldip Dhaliwal (780) 278-0627 Or pcaalberta@hotmail.com

ਫੁੱਟਬਾਲ ਪ੍ਰੇਮੀਆਂ ਲਈ ਖੁਸ਼ਖਬਰੀ

# ਗਾਰਡਨ ਸਿਟੀ ਕਮਿਊਨਿਟੀ ਸੈਂਟਰ ਦਾ ਹੋਵੇਗਾ ਵਿਸਥਾਰ

ਵਿਨੀਪੈਗ (ਨਦਬ) ਗਾਰਡਨ ਸਿਟੀ ਕਮਿਊਨਿਟੀ ਸੈਂਟਰ ਦਾ ਵਿਸਥਾਰ ਕਰ ਕੇ ਸਰਕਾਰ ਵਲੋਂ ਬਹੁਤ ਹੀ ਢੁਕਵਾਂ ਕੰਮ ਕੀਤਾ ਗਿਆ ਹੈ। ਵਿਨੀਪੈਗ ਸ਼ਹਿਰ ਅਤੇ ਵਿਨੀਪੈਗ ਸੌਕਰ ਫੈਡਰੇਸ਼ਨ ਵਲੋਂ ਸਰਕਾਰ ਦੇ ਇਸ ਕਦਮ ਦੀ ਲਗਾਤਾਰ ਸ਼ਲਾਘਾ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਗਾਰਡਨ ਸਿਟੀ ਕਮਿਊਨਿਟੀ ਸੈਂਟਰ 'ਚ 120000 ਸਕੇਅਰ ਫੁੱਟ ਦਾ ਵਿਸਥਾਰ ਕੀਤਾ ਗਿਆ ਹੈ। ਇਸ ਵਿਸਥਾਰ ਨਾਲ ਮੈਦਾਨ ਦੋ ਹਿੱਸਿਆਂ ਵਿਚ ਵੰਡਿਆ ਗਿਆ ਹੈ, ਇਕ ਛੋਟੇ ਮੈਦਾਨ ਹੋ ਗਿਆ ਹੈ ਤੇ ਇਕ ਸਿੰਥੈਟਿਕ ਟਰਫ਼ ਵਾਲਾ ਵੱਡਾ ਮੈਦਾਨ ਬਣ ਗਿਆ ਹੈ। ਵਿਸਥਾਰ ਹੋਣ ਨਾਲ ਹੁਣ ਇਸ ਵਿਚ ਬਹੁਤ ਸਾਰੇ ਸੌਕਰ ਖਿਡਾਰੀ ਆਪਣੀ ਪ੍ਰੈਕਟਿਸ ਕਰ ਸਕਦੇ ਹਨ ਤੇ ਪ੍ਰੈਕਟਿਸ ਨਾਲ ਬਹੁਤ ਸਾਰੇ ਨਵੇਂ ਖਿਡਾਰੀ ਅੱਗੇ ਆਉਣਗੇ ਤੇ ਉਹ ਆਪਣੀ ਖੇਡ ਦਾ ਪ੍ਰਦਰਸ਼ਨ ਕਰ ਸਕਣਗੇ। ਬੱਚਿਆਂ ਅਤੇ ਨੌਜਵਾਨਾਂ ਦੇ ਮਾਮਲਿਆਂ ਬਾਰੇ ਸੂਬੇ ਦੇ ਮੰਤਰੀ ਕੇਵਿਨ ਚੀਫ਼ ਨੇ ਗੱਲਬਾਤ ਕਰਦਿਆਂ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ ਸਾਡੇ ਬੱਚਿਆਂ ਅਤੇ ਨੌਜਵਾਨਾਂ ਨੂੰ ਵੱਧ ਤੋਂ ਵੱਧ ਹਰ ਤਰ੍ਹਾਂ ਦੇ ਜ਼ਰੂਰੀ ਮੌਕੇ ਪ੍ਰਾਪਤ ਹੋਣ। ਖੇਡਾਂ ਦੇ ਖੇਤਰ ਵਿਚ ਅਜਿਹੇ ਮੌਕਿਆਂ ਦਾ ਹੋਣਾ ਅਤਿ ਜ਼ਰੂਰੀ ਹੈ। ਅਸੀਂ ਚਾਹੁੰਦੇ ਹਾਂ ਕਿ ਸਾਡੇ ਖਿਡਾਰੀਆਂ ਨੂੰ ਖੇਡਾਂ ਦੇ ਖੇਤਰ ਵਿਚ ਵਿਸ਼ਵ ਪੱਧਰੀ ਸੁਵਿਧਾਵਾਂ ਮਿਲਣ ਤਾਂ ਜੋ ਉਹ ਆਪਣੀ ਜ਼ਿੰਦਗੀ ਵਿਚ ਕੁਝ ਕਰ ਕੇ ਵਿਖਾ ਸਕਣ।

ਇਨਡੋਰ ਸੌਕਰ ਕੰਪਲੈਕਸ ਅਤੇ ਆਊਟਡੋਰ ਮੈਦਾਨ ਤਿਆਰ ਕਰਨ ਲਈ 8.15 ਮਿਲੀਅਨ ਡਾਲਰ ਸੂਬੇ ਵਲੋਂ ਦਿੱਤੇ ਜਾਣਗੇ। ਵਿਨੀਪੈਗ ਸ਼ਹਿਰ ਵਲੋਂ 7 ਮਿਲੀਅਨ ਡਾਲਰ ਦਾ ਯੋਗਦਾਨ ਪਾਇਆ ਜਾਵੇਗਾ। ਵਿਨੀਪੈਗ ਸੌਕਰ ਫੈਡਰੇਸ਼ਨ ਵਲੋਂ 5.4 ਮਿਲੀਅਨ ਡਾਲਰ ਇਸ ਉਦਮ ਲਈ ਦਿੱਤੇ ਜਾਣਗੇ।

**ਇਨਡੋਰ ਸੌਕਰ ਕੰਪਲੈਕਸ ਤਿਆਰ ਕੀਤਾ ਜਾਵੇਗਾ**

ਮੇਅਰ ਸੈਮ ਕੈਟਜ਼ ਦਾ ਕਹਿਣਾ ਹੈ ਕਿ ਸਾਨੂੰ ਸਾਨੂੰ ਮਾਣ ਹੈ ਕਿ ਸਾਡੇ ਸ਼ਹਿਰ ਵਿਚ ਇਨਡੋਰ ਸੌਕਰ ਕੰਪਲੈਕਸ ਅਤੇ ਆਊਟਡੋਰ ਮੈਦਾਨ ਤਿਆਰ ਹੋਣਗੇ। ਇਹ ਸਾਡੇ ਲਈ ਵੱਡੀ ਪ੍ਰਾਪਤੀ ਦੇ ਤੁੱਲ ਹੈ। ਇਸ ਨਾਲ ਨਿਸਚਿਤ ਤੌਰ 'ਤੇ ਫੁੱਟਬਾਲ ਦੀ ਲੋਕਪ੍ਰਿਯਤਾ ਲੋਕਾਂ ਵਿਚ ਵਧੇਗੀ। ਉਮੀਦ ਹੈ ਕਿ ਇਹ ਪ੍ਰੋਜੈਕਟ 2015 ਤੱਕ ਪੂਰਾ ਹੋ ਜਾਵੇਗਾ ਤੇ ਇਨ੍ਹਾਂ ਤਿਆਰ ਹੋਏ ਮੈਦਾਨਾਂ ਨੂੰ ਫੀਫਾ ਵੌਮੈਨ ਵਰਲਡ ਕੱਪ 2015 ਵਿਚ ਵਰਤਿਆ ਜਾ ਸਕੇਗਾ। ਵਿਨੀਪੈਗ ਸੌਕਰ ਫੈਡਰੇਸ਼ਨ ਦੀ ਮੁਖੀ ਨੇ ਕਿਹਾ ਕਿ ਅਸੀਂ ਸਰਕਾਰ ਅਤੇ ਵਿਨੀਪੈਗ ਸ਼ਹਿਰ ਦੇ ਧੰਨਵਾਦੀ ਹਾਂ ਜਿਨ੍ਹਾਂ ਦੇ ਸਹਿਯੋਗ ਸਦਕਾ ਇਸ ਇੰਨੇ ਵੱਡੇ ਪ੍ਰੋਜੈਕਟ ਨੇ ਨੇਪਰੇ ਚੜ੍ਹਨਾ ਹੈ। ਗਾਰਡਨ ਸਿਟੀ ਕਮਿਊਨਿਟੀ ਸੈਂਟਰ ਦੇ ਬੋਰਡ ਆਫ਼ ਡਾਇਰੈਕਟਰਜ਼ ਵਲੋਂ ਵੀ ਇਸ ਉਦਮ ਨੂੰ ਸਰਾਹਿਆ ਜਾ ਰਿਹਾ ਹੈ।

# ਮਹਿਲਾ ਵਰਗ ਦਾ ਕਨੇਡਾ ਅਤੇ ਯੂਐਸ ਵਿਚਕਾਰ ਦੋਸਤਾਨਾ ਮੈਚ

## 28000 ਦਰਸ਼ਕਾਂ ਨੇ ਮੈਚ ਦਾ ਅਨੰਦ ਮਾਣਿਆ



ਵਿਨੀਪੈਗ (ਨਦਬ) ਪਿਛਲੇ ਦਿਨੀਂ ਇੱਥੇ ਮਹਿਲਾ ਵਰਗ ਵਿਚ ਕਨੇਡਾ ਅਤੇ ਯੂਐਸ ਦੀ ਟੀਮ ਵਿਚਕਾਰ ਦੋਸਤਾਨਾ ਮੈਚ ਖੇਡਿਆ ਗਿਆ ਜੋ ਕਿ 1-1 ਦੇ ਗੋਲ 'ਤੇ ਬਰਾਬਰ ਰਿਹਾ। ਇਸ ਮੈਚ ਵਿਚ ਆਪਣੀ ਖੇਡ ਦਾ ਉਮਦਾ ਪ੍ਰਦਰਸ਼ਨ ਕਰ ਕੇ ਕਾਦੀਸ਼ਾ ਬੁਚਨਾਨ ਨੇ ਦਰਸ਼ਕਾਂ ਦੀ ਕਾਫ਼ੀ ਵਾਹ-ਵਾਹ ਲੁੱਟੀ। ਕਨੇਡਾ ਦੀ ਰਾਸ਼ਟਰੀ ਟੀਮ ਵਲੋਂ ਉਸ ਦੁਆਰਾ ਹੀ ਪਹਿਲਾਂ ਗੋਲ ਦਾਗਿਆ ਗਿਆ। ਉਸ ਨਾਲ ਖੇਡਦੇ ਸੀਨੀਅਰ ਖਿਡਾਰੀਆਂ ਵਲੋਂ ਵੀ ਉਸ ਦੀ ਖੇਡ ਦੀ ਕਾਫ਼ੀ ਪ੍ਰਸ਼ੰਸਾ ਕੀਤੀ ਗਈ। ਉਸ ਦੀ ਸਾਥੀ ਖਿਡਾਰਨ ਸਕੌਟ ਵਲੋਂ ਉਸਨੂੰ ਮਹਿਲਾ ਵਰਗ ਵਿਚ ਦੁਨੀਆ ਦੀ ਵਧੀਆ ਸਟਰਾਈਕਰ ਕਿਹਾ ਗਿਆ। ਜ਼ਿਕਰਯੋਗ ਹੈ ਕਾਦੀਸਾ ਬੁਚਨਾਨ ਦੀ ਉਮਰ ਅਠਾਰ੍ਹਾਂ ਸਾਲ ਹੈ।

ਬੁਚਨਾਨ ਨੇ ਆਪਣੀ ਖੇਡ ਬਾਰੇ ਗੱਲ ਕਰਦਿਆਂ ਕਿਹਾ ਕਿ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਮੇਰੇ ਵਲੋਂ ਵਧੀਆ ਪ੍ਰਦਰਸ਼ਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੈਚ ਸੁਰੱਖਿਅਤਮਕ ਰਣਨੀਤੀ ਨਾਲ ਜਿੱਤਿਆ ਜਾਂਦਾ ਹੈ, ਸੋ ਅਸੀਂ ਇਸ ਰਣਨੀਤੀ ਨਾਲ ਖੇਡਣ ਦੀ ਕੋਸ਼ਿਸ਼ ਕੀਤੀ ਹੈ। ਕੋਚ ਜੌਹਨ ਹਾਰਡਮੈਨ ਦਾ ਕਹਿਣਾ ਹੈ ਕਿ ਟੀਮ ਵਿਚ ਨੌਜਵਾਨ ਖਿਡਰੀਆਂ ਵਲੋਂ ਵਧੀਆ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਇਸ ਦੀ ਇੱਕ ਮਿਸਾਲ ਸਾਡੇ ਕੋਲ ਕਾਦੀਸ਼ਾ ਬੁਚਨਾਨ ਹੈ।

ਦੱਸਣਾ ਬਣਦਾ ਹੈ ਕਿ ਕਾਦੀਸ਼ਾ ਬੁਚਨਾਨ ਟੋਰਾਂਟੋ ਤੋਂ ਹੈ, ਉਸ ਨੇ ਆਪਣੀ ਖੇਡ ਦੀ ਸ਼ੁਰੂਆਤ ਜਨਵਰੀ 2013 ਵਿਚ ਕੀਤੀ ਸੀ।

ਇਸ ਤਰ੍ਹਾਂ ਹੀ ਸਰੀ, ਬੀਸੀ ਵਿਚ ਜਨਮੀਂ ਅਮਰੀਕਾ ਦੀ ਖਿਡਾਰਨ ਸਿਡਨੀ ਲਿਊਰੋਕਸ ਨੇ ਬਹੁਤ ਹੀ ਉਮਦਾ ਖੇਡ ਦਾ ਪ੍ਰਦਰਸ਼ਨ ਕੀਤਾ ਹੈ। ਉਸ ਨੇ ਵੀ ਆਪਣੀ ਟੀਮ ਵਲੋਂ ਕਨੇਡਾ ਖਿਲਾਫ਼ ਬਹੁਤ ਹੀ ਸ਼ਾਨਦਾਰ ਗੋਲ ਦਾਗਿਆ ਹੈ।

ਇਸ ਮੈਚ ਨੂੰ ਲੈ ਕੇ ਲੋਕਾਂ ਵਿਚ ਬਹੁਤ ਹੀ ਭਾਰੀ ਉਤਸ਼ਾਹ ਸੀ, ਮੌਸਮ ਵਿਭਾਗ ਵਲੋਂ ਭਵਿੱਖਬਾਣੀ ਕੀਤੀ ਗਈ ਸੀ ਕਿ ਮੀਂਹ ਦੀ ਸੰਭਾਵਨਾ ਹੈ ਪਰ ਇਸ ਦੇ ਬਾਵਜੂਦ ਲਗਭਗ ਅਠਾਈ ਹਜ਼ਾਰ ਤੋਂ ਵੱਧ ਲੋਕ ਮੈਚ ਦਾ ਆਨੰਦ ਮਾਨਣ ਲਈ ਪਹੁੰਚੇ।

# ਕਨੇਡੀਅਨ ਬੱਚਿਆਂ ਦੀ ਸਰੀਰਕ ਸਰਗਰਮੀਆਂ ਘਟਣ ਲੱਗੀਆਂ



ਟੋਰਾਂਟੋ (ਨਦਬ) ਹਾਲਾਂਕਿ ਕਨੇਡਾ ਵਿਚ ਮੁਢਲੀਆਂ ਸਹੂਲਤਾਂ ਦੀ ਇੰਨੀ ਘਾਟ ਨਹੀਂ ਹੈ, ਬਹੁਤ ਸਾਰੇ ਬੱਚਿਆਂ ਦੀ ਖੇਡ ਮੈਦਾਨਾਂ ਅਤੇ ਪਾਰਕਾਂ ਤੱਕ ਪਹੁੰਚ ਹੈ ਪਰ ਇਸ ਸਭ ਦੇ ਬਾਵਜੂਦ ਜਾਰੀ ਹੋਈ ਸਾਲਾਨਾ ਰਿਪੋਰਟ ਵਿਚ ਬੱਚਿਆਂ ਅਤੇ ਨੌਜਵਾਨਾਂ ਦੀਆਂ ਸਰੀਰਕ ਸਰਗਰਮੀਆਂ ਦੇ ਖੇਤਰ ਵਿਚ ਰੁਚੀ ਨੂੰ ਦੇਖਦਿਆਂ ਦੂਜਿਆਂ ਦੇਸ਼ਾਂ ਦੇ ਮੁਕਾਬਲੇ ਕਨੇਡਾ ਨੂੰ ਡੀ ਮਾਈਨਸ ਦਾ ਦਰਜਾ ਦਿੱਤਾ ਗਿਆ ਹੈ। ਇਸ ਖੇਤਰ ਵਿਚ ਕਨੇਡਾ ਦਾ ਮੁਕਾਬਲਾ 14 ਹੋਰ ਦੇਸ਼ਾਂ ਨਾਲ ਕੀਤਾ ਗਿਆ ਹੈ। ਇਸ ਖੇਤਰ ਵਿਚ ਕਨੇਡਾ ਆਸਟਰੇਲੀਆਂ, ਆਇਰਲੈਂਡ ਅਤੇ ਯੂਐਸ ਤੋਂ ਪਿੱਛੇ ਹੈ। ਸਕੌਟਲੈਂਡ ਨੂੰ ਇਸ ਖੇਤਰ ਵਿਚ ਐਫ਼ ਦਰਜਾ ਦਿੱਤਾ ਗਿਆ ਹੈ। ਸਬੰਧਤ ਅਧਿਕਾਰੀ ਇਲਿਓਅਨਟ੍ਰਿਊਨ ਨੇ ਰਿਪੋਰਟ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਹਰ ਤਰ੍ਹਾਂ ਦਾ ਪ੍ਰਬੰਧ ਹੋਣ ਦੇ ਬਾਵਜੂਦ ਬੱਚੇ ਅਤੇ ਨੌਜਵਾਨਾਂ ਵਿਚ ਸਰੀਰਕ ਸਰਗਰਮੀਆਂ ਘਟੀਆਂ ਹਨ। ਇਸ ਦਾ ਕਾਰਨ ਆਰਾਮ ਪ੍ਰਸਤ ਜੀਵਨ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜਦੋਂ ਸਾਡੇ ਬੱਚੇ ਸੌਕਰ ਖੇਡਦੇ ਹਨ ਜਾਂ ਫਿਰ ਸਕੂਲ ਵਿਚ ਕੋਈ ਸਰੀਰਕ ਸਰਗਰਮੀ ਕਰਦੇ ਹਨ ਤਾਂ ਅਸੀਂ ਸੋਚਦੇ ਹਾਂ ਕਿ ਉਹ ਸਰੀਰਕ ਸਰਗਰਮੀਆਂ ਕਰ ਰਹੇ ਹਨ, ਪਰ ਅਜਿਹਾ ਨਹੀਂ ਹੁੰਦਾ। ਇਹ ਠੀਕ ਹੈ ਇਸ ਨਾਲ ਸਰੀਰਕ ਕਸਰਤ ਜ਼ਰੂਰ ਹੁੰਦੀ ਹੈ ਪਰ ਫਿਰ ਵੀ ਇਹ ਸੌ ਪ੍ਰਤੀਸ਼ਤ ਨਹੀਂ ਹੁੰਦੀ। ਉਨ੍ਹਾਂ ਕਿਹਾ ਕਿ ਸਾਨੂੰ ਕੁਦਰਤੀ ਸਰੀਰਕ ਸਰਗਰਮੀਆਂ ਕਰਨੀਆਂ ਚਾਹੀਦੀਆਂ ਹਨ। ਬੱਚਿਆਂ ਅਤੇ ਨੌਜਵਾਨਾਂ ਨੂੰ ਇਸ ਲਈ ਬਿਨਾਂ ਕੁਝ ਸੋਚੇ ਸਮਝੇ ਲੰਮੀਆਂ ਸੈਰਾਂ ਕਰਨੀਆਂ ਚਾਹੀਦੀਆਂ ਹਨ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ 84 ਪ੍ਰਤੀਸ਼ਤ ਕਨੇਡੀਅਨ ਬੱਚੇ, ਜਿਨ੍ਹਾਂ ਦੀ ਉਮਰ ਤਿੰਨ ਤੋਂ ਚਾਰ ਸਾਲਾਂ ਵਿਚਕਾਰ ਹੈ, ਗਾਈਡਲਾਈਨ ਅਨੁਸਾਰ 180 ਮਿੰਟ ਸਰੀਰਕ ਸਰਗਰਮੀ ਕਰਦੇ ਹਨ। ਪਰ ਇਸ ਤੋਂ ਉੱਪਰ ਉਮਰ ਵਾਲੇ ਬਹੁਤ ਘੱਟ ਸਰੀਰਕ ਸਰਗਰਮੀ ਕਰਦੇ ਹਨ। ਪੰਜ ਤੋਂ ਗਿਆਰ੍ਹਾਂ ਸਾਲ ਦੇ ਸਿਰਫ਼ ਸੱਤ ਪ੍ਰਤੀਸ਼ਤ ਬੱਚੇ ਹੀ ਗਾਈਡਲਾਈਨ ਅਨੁਸਾਰ ਸਰੀਰਕ ਸਰਗਰਮੀਆਂ ਕਰਦੇ ਹਨ। ਬਾਰ੍ਹਾਂ ਤੋਂ ਸਤਾਰ੍ਹਾਂ ਸਾਲ ਵਿਚਕਾਰ ਵਾਲੇ ਸਿਰਫ਼ ਚਾਰ ਪ੍ਰਤੀਸ਼ਤ ਅਜਿਹਾ ਕਰਦੇ ਹਨ, ਜਦੋਂ ਕਿ ਇਨ੍ਹਾਂ ਨੂੰ ਘੱਟੋ ਘੱਟ ਇਕ ਘੰਟਾ ਸਖ਼ਤ ਕਸਰਤ ਕਰਨ ਦੀ ਜ਼ਰੂਰਤ ਹੁੰਦੀ ਹੈ। ਮੌਜ਼ਾਮਬੀਕ ਅਤੇ ਨਿਊਜ਼ੀਲੈਂਡ ਇਸ ਕਵਾਇਦ ਵਿਚ ਪੂਰੀ ਤਰ੍ਹਾਂ ਸਫ਼ਲ ਹਨ। ਰਿਪੋਰਟ ਵਿਚ ਇਨ੍ਹਾਂ ਨੂੰ ਬੀ ਗਰੇਡ ਵਿਚ ਰੱਖਿਆ ਗਿਆ ਹੈ। ਇਹ ਦੋਵੇਂ ਖੇਤਰਾਂ ਵਿਚ ਸਫ਼ਲ ਹਨ। ਇੱਥੇ ਯੋਜਨਾਬਧ ਸਰੀਰਕ ਸਰਗਰਮੀਆਂ ਵੀ ਕਰਵਾਈਆਂ ਜਾਂਦੀਆਂ ਹਨ ਤੇ ਫਰੀ ਪਲੇਅ ਦਾ ਵੀ ਪ੍ਰਬੰਧ ਹੈ।

ਕਨੇਡਾ ਦਾ ਇਸ ਖੇਤਰ ਵਿਚ ਪਿੱਛੇ ਰਹਿਣ ਦਾ ਕਾਰਨ ਇੱਥੋਂ ਦੇ ਬੱਚਿਆ ਦੁਆਰਾ ਵਿਹਲਿਆਂ ਵਕਤ ਗੁਜ਼ਾਰਨਾ ਹੈ। ਤਿੰਨ ਤੋਂ ਚਾਰ ਸਾਲ ਵਿਚਕਾਰ ਦੇ ਕਨੇਡੀਅਨ ਬੱਚੇ ਦਿਨ ਵਿਚ 5.8 ਘੰਟੇ ਬਹਿ ਕੇ ਗੁਜ਼ਾਰਦੇ ਹਨ। ਪੰਜ ਤੋਂ ਗਿਆਰ੍ਹਾਂ ਸਾਲ ਦੇ 7.6 ਘੰਟੇ ਏਦਾਂ ਹੀ ਗੁਜ਼ਾਰਦੇ ਹਨ। ਬਾਰ੍ਹਾਂ ਤੋਂ ਸਤਾਰ੍ਹਾਂ ਸਾਲ ਦੇ ਬੱਚੇ 9.3 ਘੰਟੇ ਦਿਨ ਵਿਚ ਬਹਿ ਕੇ ਬਤੀਤ ਕਰਦੇ ਹਨ। ਅਜਿਹੀ ਸਥਿਤੀ 'ਚ ਅਸੀਂ ਆਪ ਅੰਦਾਜ਼ਾ ਲਾ ਸਕਦੇ ਹਾਂ ਕਿ ਸਾਡੀ ਸਥਿਤੀ ਕੀ ਹੋਣੀ ਚਾਹੀਦੀ ਹੈ।

WE LOOK AFTER ALL YOUR MORTGAGE NEEDS Ph. : (780)479-2222
Best Rates, Choice of Lenders, Mortgage for purchase, construction renewal, Refinance of your home, rental or commercial property, Good or bad credit, New Immigrant or Self Employed

Anuj Gupta
Associate Broker
Alberta Mortgage Centre
Phone # 78, 4003-98 Street, Edmonton, AB
CAAMP ACCHA
AXIOM
AMBA
BBB
think MORTGAGE think AMP
www.albertamortgagecentre.com

Krishan(KK)Gupta, AMP
"Experienced, Knowledgeable, Committed"
Serving the Community Since 1999

ਭਾਰਤ ਵਿਚ ਅੱਜਕਲ੍ਹ ਨਵੇਂ ਸਮਾਰਟ ਸ਼ਹਿਰ ਵਸਾਉਣ ਦੀ ਗੱਲ ਕੀਤੀ ਜਾ ਰਹੀ ਹੈ। ਯਕੀਨਨ ਪਹਿਲੀ ਵਾਰ ਵਿਚ ਇਹ ਪ੍ਰਭਾਵਸ਼ਾਲੀ ਅਤੇ ਵਧੀਆ ਲਗਦੀ ਹੈ ਪਰ ਇਸ ਨੂੰ ਲੈ ਕੇ ਇਕ ਨਵੀਂ ਬਹਿਸ ਸ਼ੁਰੂ ਹੋ ਗਈ ਹੈ। ਮੁੱਦਾ ਹੈ ਕਿ ਨਵੇਂ ਸ਼ਹਿਰਾਂ ਦਾ ਨਿਰਮਾਣ ਅਰਥਵਿਵਸਥਾ ਦੇ ਨਾਲ ਵਿਕਾਸ ਨੂੰ ਗਤੀ ਦੇਵੇਗਾ ਪਰ ਇਸ ਦੀ ਬਜਾਏ ਜੇਕਰ ਪਹਿਲੇ ਪੁਰਾਣੇ ਸ਼ਹਿਰਾਂ ਨੂੰ ਮਾਡਲ ਬਣਾਇਆ ਜਾਵੇ ਤਾਂ ਹੋਰ ਵੀ ਚੰਗਾ ਹੋਵੇਗਾ।

ਵਿਕਾਸ 'ਤੇ ਬਹਿਸ

# ਨਵੇਂ ਸ਼ਹਿਰ ਵਸਾਉਣ ਤੋਂ ਪਹਿਲਾਂ ਪੁਰਾਣਿਆਂ ਦੀ ਸੁਣੋ




ਨਵੇਂ ਸ਼ਹਿਰ ਵਸਾਉਣ ਦਾ ਬਦਲ ਪਹਿਲਾਂ ਕਿਉਂ ਹੋਵੇ ਜਦਕਿ ਪੁਰਾਣੇ ਸ਼ਹਿਰ ਦੀਆਂ ਸਮੱਸਿਆਵਾਂ ਨੂੰ ਸੁਲਝਾ ਕੇ ਚੰਗੇ ਨਤੀਜੇ ਪ੍ਰਾਪਤ ਕਰਨ ਦਾ ਬਦਲ ਮੌਜੂਦ ਹੈ। ਇਸ ਗੱਲ 'ਤੇ ਜ਼ੋਰ ਦਿੰਦੇ ਹੋਏ ਦਿੱਲੀ ਸਥਿਤ ਹੈਜਾਰਡ ਸੈਂਟਰ ਦੇ ਨਿਰਦੇਸ਼ਕ ਅਤੇ ਸ਼ਹਿਰ ਵਿਕਾਸ ਦੇ ਜਾਣਕਾਰ ਦੂਨੂ ਰਾਏ ਕਹਿੰਦੇ ਹਨ ਕਿ ਵਿਕਾਸ ਦਾ ਅਰਥ ਕੇਵਲ ਸੀਮਿੰਟ-ਕੰਕਰੀਟ ਦੇ ਜੰਗਲ ਖੜੇ ਕਰਨ ਨਾਲ ਨਹੀਂ ਹੈ। ਉਨ੍ਹਾਂ ਦੀ ਸਲਾਹ ਹੈ ਕਿ ਵਿਕਾਸ ਤਾਂ ਹੋਣਾ ਚਾਹੀਦਾ ਹੈ ਪਰ ਸ਼ੁਰੂਆਤ ਪੁਰਾਣੇ ਵਸੇ-ਵਸਾਏ ਸ਼ਹਿਰਾਂ ਨੂੰ ਆਧੁਨਿਕ ਰੰਗ ਵਿਚ ਢਾਲਣ ਨਾਲ ਨਹੀਂ ਕੀਤੀ ਜਾਣੀ ਚਾਹੀਦੀ। ਇਸੇ ਗੱਲ ਨੂੰ ਅੱਗੇ ਤੋਰਦੇ ਹੋਏ ਇੰਡੀਆ ਰੇਟਿੰਗਸ ਐਂਡ ਰਿਸਰਚ ਦੇ ਚੀਫ਼ ਇਕਨੌਮਿਸਟ ਦਵਿੰਦਰ ਕੁਮਾਰ ਪੰਤ ਕਹਿੰਦੇ ਹਨ ਕਿ ਨਵੇਂ ਸ਼ਹਿਰ ਵਸਾਉਣਾ ਮਤਲਬ ਜ਼ੀਰੋ ਤੋਂ ਸ਼ੁਰੂਆਤ ਕਰਨਾ। ਸਮਾਰਟ ਸਿਟੀ ਵਿਚ ਆਧੁਨਿਕ ਤਕਨੀਕ ਦੀ ਵਰਤੋਂ ਹੋਵੇਗੀ ਅਤੇ ਇਸ ਦਾ ਭਾਰ ਉਥੇ ਰਹਿਣ ਵਾਲੇ ਲੋਕਾਂ ਦੀ ਜੇਬ 'ਤੇ ਹੀ ਪਵੇਗਾ। ਇਸ ਦੀ ਬਜਾਏ 100 ਵਸੇ-ਵਸਾਏ ਸ਼ਹਿਰਾਂ ਦੀਆਂ ਬੁਨਿਆਦੀ ਸਹੂਲਤਾਂ ਵਿਚ ਸੁਧਾਰ ਕਰ ਦਿੱਤਾ ਜਾਵੇ ਤਾਂ ਚੰਗਾ ਹੋਵੇਗਾ। ਉਹ ਨਾਗਪੁਰ ਅਤੇ ਜੈਪੁਰ ਦੀ ਉਦਾਹਰਣ ਦੇ ਕੇ ਕਹਿੰਦੇ ਹਨ ਕਿ ਪਿਛਲੇ ਇਕ ਡੇਢ ਦਹਾਕੇ ਵਿਚ ਇਨ੍ਹਾਂ ਸ਼ਹਿਰਾਂ ਦਾ ਕਾਇਆ ਕਲਪ ਹੋ ਗਿਆ ਹੈ। ਬੁਨਿਆਦੀ ਢਾਂਚੇ ਦੇ ਮਾਮਲੇ ਵਿਚ ਇਹ ਕਿਸੇ ਮੈਟਰੋ ਸਿਟੀ ਤੋਂ ਘੱਟ ਨਹੀਂ ਹੈ। ਹਾਲਾਂਕਿ ਉਹ ਇਸ ਗੱਲ 'ਤੇ ਵੀ ਧਿਆਨ ਖਿੱਚਦੇ ਹਨ ਕਿ ਕਿਸੇ ਵੀ ਸ਼ਹਿਰ ਵਿਚ ਜੇਕਰ ਸ਼ਹਿਰੀ ਇਕਾਈਆਂ ਕੋਲ ਲੋੜੀਂਦਾ ਬਜਟ ਨਹੀਂ ਹੈ ਤਾਂ ਵਾਟਰ ਸਪਲਾਈ, ਸੀਵਰੇਜ ਵਰਗੀਆਂ ਸਹੂਲਤਾਂ ਦੇ ਸਰੋਤਾਂ ਦਾ ਸਹੀ ਰੱਖ-ਰਖਾਵ ਨਾ ਕੀਤਾ ਜਾਵੇ ਤਾਂ ਇਸ ਨਾਲ ਗੁਣਵੱਤਾ 'ਤੇ ਵੀ ਅਸਰ ਪਵੇਗਾ। ਇਸ ਦੇ ਨਾਲ ਹੀ ਮੱਧ ਪ੍ਰਦੇਸ਼ ਵਿਚ ਸ਼ਹਿਰੀਕਰਨ ਅਤੇ ਵਿਕਾਸ ਦੇ ਕੰਮਾਂ ਵਿਚ ਲੱਗੇ ਆਰਕੀਟੈਕਟ ਮਿਲਿੰਦ ਜੁਮੜੇ ਮੈਟਰੋ ਜਾਂ ਤੇਜ਼ੀ ਨਾਲ ਮੈਟਰੋ ਵਿਚ ਬਦਲ ਰਹੇ ਸ਼ਹਿਰਾਂ ਦੀ ਬਜਾਏ ਇਨ੍ਹਾਂ ਦੀ 100 ਕਿਲੋਮੀਟਰ ਦੀ ਦੂਰੀ ਵਿਚ ਆਉਣ ਵਾਲੇ ਛੋਟੇ ਸ਼ਹਿਰਾਂ ਨੂੰ ਸੈਕੰਡਰੀ ਟਾਊਨ ਦੀ ਤਰਜ਼ 'ਤੇ ਵਿਕਸਤ ਕਰਨ ਦੀ ਪੈਰਵੀ ਕਰ ਰਹੇ ਹਨ। ਉਨ੍ਹਾਂ ਅਨੁਸਾਰ ਅਜਿਹਾ ਕਰਨ ਨਾਲ ਮੈਟਰੋ ਸਿਟੀਜ਼ 'ਤੇ ਆਬਾਦੀ ਦਾ ਭਾਰ ਘਟੇਗਾ ਅਤੇ ਵਿਕਾਸ ਵੀ ਹੋਵੇਗਾ।

**1.2** ਖ਼ਰਬ ਡਾਲਰ ਖ਼ਰਚ ਹੋਣਗੇ ਪਾਣੀ, ਬਿਜਲੀ, ਸੜਕ , ਸਿਹਤ ਸਮੇਤ ਹੋਰ ਸਹੂਲਤਾਂ 'ਤੇ ਅਗਲੇ 20 ਸਾਲਾਂ ਵਿਚ।

ਭਾਰਤੀ ਸ਼ਹਿਰਾਂ ਵਿਚ ਵਧਦੀ ਆਬਾਦੀ ਨੂੰ ਲੈ ਕੇ ਨੈਟਵਰਕ ਕੰਪਨੀ ਆਈ. ਬੀ.ਐਮ. ਅਤੇ ਮੈਕਿੰਜੀ ਦੇ ਅਨੁਮਾਨ ਅਨੁਸਾਰ।



**99000** ਕਰੋੜ ਰੁਪਏ ਭਾਰਤ ਸਰਕਾਰ ਦਿਹਾਤੀ ਖੇਤਰਾਂ ਦੇ ਵਿਕਾਸ 'ਤੇ ਹਰ ਸਾਲ ਖ਼ਰਚ ਕਰਦੀ ਹੈ।

**50000** ਤੋਂ ਜ਼ਿਆਦਾ ਝੁੱਗੀਆਂ ਸ਼ਹਿਰਾਂ 'ਚ ਹਨ। ਹਿਜਰਤ ਨਾ ਰੁਕੀ ਤਾਂ 10 ਸਾਲਾਂ 'ਚ ਇਨ੍ਹਾਂ ਦੀ ਗਿਣਤੀ 75 ਹਜ਼ਾਰ ਤੋਂ ਉਪਰ ਹੋ ਜਾਵੇਗੀ।

## ਇਹ ਹਨ ਸਮਾਰਟ ਸਿਟੀਜ਼



### ਸਨਗਡ, ਦੱਖਣੀ ਕੋਰੀਆ

ਯੇਲੋ ਸੀ ਨਾਮ ਦੇ ਸਮੁੰਦਰੀ ਕੰਢੇ 'ਤੇ ਵਸਿਆ ਇਹ ਸ਼ਹਿਰ ਪੂਰਾ ਨੈੱਟਵਰਕ ਨਾਲ ਜੁੜਿਆ ਹੋਇਆ ਹੈ। ਸ਼ਹਿਰ ਨੂੰ ਚਲਾਉਣ ਲਈ ਇਲੈਕਟ੍ਰਾਨਿਕ ਡਿਵਾਈਸ ਲੱਗੇ ਹਨ।



### ਰੀਓ ਡੇ ਜੇਨੇਰੋ, ਬ੍ਰਾਜ਼ੀਲ

ਉਤਪਾਦਨ ਵਿਚ ਚੀਨੀ ਅਤੇ ਖੇਡਾਂ ਵਿਚ ਫੁੱਟਬਾਲ ਦਾ ਚੈਂਪੀਅਨ ਇਹ ਦੇਸ਼ ਅਜਿਹਾ ਸ਼ਹਿਰ ਵਿਕਸਤ ਕਰ ਰਿਹਾ ਹੈ, ਜਿਸ ਨੂੰ ਬਣਾਉਣ ਵਿਚ ਉਥੋਂ ਦੇ ਸਾਰੇ ਨਾਗਰਿਕ ਲੱਗੇ।

**59.50** ਕਰੋੜ ਲੋਕ ਯੂਨੀਸੈਫ਼ ਦੀ ਰਿਪੋਰਟ ਅਨੁਸਾਰ 2026 ਤਕ ਸ਼ਹਿਰਾਂ ਵਿਚ ਰਹਿ ਰਹੇ ਹੋਣਗੇ।

## ਨਵੇਂ ਸ਼ਹਿਰ ਦੋ ਪਹਿਲੂ

### ਕਿਉਂ ਬਣਨਾ ਚਾਹੀਦੈ...

**1. ਅਰਥਵਿਵਸਥਾ ਮਜ਼ਬੂਤ ਹੋਵੇਗੀ**

ਭਾਰਤ ਦੀ ਪ੍ਰਮੁੱਖ ਡਿਵੈਲਪਰ ਕੰਪਨੀ ਡੀ.ਐਲ.ਐਫ਼ ਦੇ ਮੀਤ ਪ੍ਰਧਾਨ ਸੰਜੇ ਰਾਏ ਦਾ ਕਹਿਣਾ ਹੈ ਕਿ ਸ਼ਹਿਰਾਂ ਨੂੰ ਬਣਾਉਣ ਦੀ ਬੁਨਿਆਦ ਰੀਅਲ ਅਸਟੇਟ ਹੈ ਅਤੇ ਇਸ ਇੰਡਸਟ੍ਰੀ ਨਾਲ 250 ਇੰਡਸਟ੍ਰੀਜ਼ ਜੁੜੀਆਂ ਹੋਈਆਂ ਹਨ। ਅਰਥਵਿਵਸਥਾ ਨੂੰ ਮਜ਼ਬੂਤ ਕਰਨ, ਰੁਜ਼ਗਾਰ ਵਧਾਉਣ ਲਈ ਸ਼ਹਿਰਾਂ ਦਾ ਨਿਰਮਾਣ, ਵਿਕਾਸ ਹੋਣਾ ਚਾਹੀਦਾ ਹੈ।

**2. ਰੁਜ਼ਗਾਰ ਵਧੇਗਾ, ਮੰਦੀ ਘਟੇਗੀ**

ਇਕਨੌਮਿਕਸ ਮੈਨੇਜਮੈਂਟ ਇੰਸਟੀਚਿਊਟ ਦੇ ਨਿਰਦੇਸ਼ਕ ਤੇ ਆਈ.ਆਈ.ਐਸ. ਅਹਿਮਦਾਬਾਦ ਦੇ ਸਾਬਕਾ ਪ੍ਰੋਫ਼ੈਸਰ ਡਾਕਟਰ ਆਨੰਦ ਪੀ. ਗੁਪਤਾ ਕਹਿੰਦੇ ਹਨ ਕਿ ਭਵਿੱਖ ਦੇ ਭਾਰਤ ਨੇ ਵੱਡੇ ਆਰਥਕ-ਸਮਾਜਕ ਸੰਕਟ 'ਚੋਂ ਨਿਕਲਣਾ ਹੈ ਤਾਂ ਉਸ ਨੂੰ ਵਿਕਾਸ ਅਤੇ ਰੁਜ਼ਗਾਰ ਨੂੰ ਇਕ ਪਹੀਏ 'ਤੇ ਕਸਣਾ ਹੋਵੇਗਾ। ਸ਼ਹਿਰੀਕਰਨ ਵਿਚ ਉਹ ਊਰਜਾ ਹੈ ਜਿਹੜੀ ਆਰਥਕ ਵਿਕਾਸ ਨੂੰ ਰੁਜ਼ਗਾਰ ਰੂਪੀ ਵਿਕਾਸ ਦੇਵੇਗਾ। ਆਪਣੇ ਨਾਲ ਸੈਂਕੜੇ ਉਦਯੋਗਾਂ ਦੀ ਮੰਦੀ ਦੂਰ ਕਰੇਗਾ।

### ਕਿਉਂ ਬਣਨਾ ਚਾਹੀਦੈ...

**1. ਨਵੀਨੀਕਰਨ ਜ਼ਿਆਦਾ ਜ਼ਰੂਰੀ**

ਕੇ.ਵੀ. ਡਿਵੈਲਪਰਜ਼ ਦੇ ਨਿਰਦੇਸ਼ਕ ਅਮਨ ਅਗਰਵਾਲ ਦਸਦੇ ਹਨ ਕਿ ਅਸੀਂ ਨਿਊ ਮੁਰਾਦਾਬਾਦ ਸਿਟੀ ਵਸਾਉਣ ਦਾ ਕੰਮ ਪੁਰਾਣੇ ਸ਼ਹਿਰ ਦੇ ਨਵੀਨੀਕਰਨ ਦਾ ਉਦੇਸ਼ ਲੈ ਕੇ ਕੀਤਾ ਹੈ। ਅਜਿਹੇ ਹੀ ਜੇਕਰ ਨਵੇਂ ਦੀ ਬਜਾਏ 50 ਪੁਰਾਣੇ ਸ਼ਹਿਰਾਂ ਨੂੰ ਆਧੁਨਿਕ ਸਹੂਲਤਾਂ ਨਾਲ ਨਵਾਂ ਕਰ ਦਿੱਤਾ ਜਾਵੇ ਤਾਂ ਵਧੀਆ ਹੋਵੇਗਾ।

**2. ਪੁਰਾਣੇ ਸ਼ਹਿਰ ਬਣੇ ਮਾਡਲ**

ਜੇ.ਐਨ.ਯੂ. ਵਿਚ ਸੈਂਟਰ ਫ਼ਾਰ ਇਕਨੌਮਿਕ ਸਟੱਡੀਜ਼ ਐਂਡ ਪਲਾਨਿੰਗ ਸਕੂਲ ਆਫ਼ ਸੋਸ਼ਲ ਸਾਇੰਸਜ਼ ਦੇ ਪ੍ਰੋਫ਼ੈਸਰ ਅਰੁਣ ਕੁਮਾਰ ਕਹਿੰਦੇ ਹਨ ਕਿ ਪੁਰਾਣੇ ਸ਼ਹਿਰਾਂ ਨੂੰ ਨਵੇਂ ਮਾਡਲ ਦੇ ਤੌਰ 'ਤੇ ਵਿਕਸਤ ਕਰਨਾ ਚਾਹੀਦਾ ਹੈ। ਉਨ੍ਹਾਂ ਅਨੁਸਾਰ ਜੇਕਰ 25 ਪੁਰਾਣੇ ਸ਼ਹਿਰ ਨਵੇਂ ਮਾਡਲ 'ਤੇ ਵਿਕਸਤ ਕੀਤੇ ਜਾਣ ਤਾਂ ਇਸ ਨਾਲ ਮੈਟਰੋ ਸਿਟੀਜ਼ ਵੱਲ ਵਧਦਾ ਪਲਾਇਨ ਵੀ ਰੁਕੇਗਾ।

## ਜੇਕਰ ਵਸੇ ਤਾਂ ਇਹ ਹੋਣਗੀਆਂ ਚੁਣੌਤੀਆਂ...

ਅਪ੍ਰੈਲ ਦੇ ਦੂਜੇ ਹਫ਼ਤੇ ਵਿਚ ਸੰਯੁਕਤ ਰਾਸ਼ਟਰ ਸੰਘ ਨੇ ਇਕ ਰਿਪੋਰਟ ਜਾਰੀ ਕੀਤੀ ਹੈ, ਜਿਸ ਅਨੁਸਾਰ ਚੀਨ ਅਤੇ ਜਪਾਨ ਵਰਗੇ ਦੇਸ਼ਾਂ ਨੇ ਆਪਣੇ ਦਿਹਾਤੀ ਕਸਬਿਆਂ ਦਾ ਸ਼ਹਿਰੀਕਰਨ ਕਰ ਕੇ ਹਿਜਰਤ ਨੂੰ ਮਾਤ ਦੇ ਦਿੱਤੀ ਹੈ। ਪਰ ਭਾਰਤ ਵਿਚ ਇਹ ਗਤੀ ਬਹੁਤ ਹੌਲੀ ਹੈ। ਹਿਜਰਤ ਦੀ ਗੱਲ ਕਰੀਏ ਤਾਂ ਅੰਦਾਜ਼ੇ ਅਨੁਸਾਰ

**2025** ਵਿਚ ਦਿੱਲੀ ਦੀ ਆਬਾਦੀ 2.75 ਕਰੋੜ ਅਤੇ ਮੁੰਬਈ ਦੀ ਆਬਾਦੀ 2,50 ਕਰੋੜ ਹੋ ਜਾਵੇਗੀ।

### ਸਭ ਕੁਝ ਇਕ ਨੈਟਵਰਕ ਵਿਚ ਜੋੜਨਾ



ਟੇਲਿਟ ਆਰ ਐਫ਼. ਟੈਕਨਾਲੌਜੀਸ ਦੇ ਸੀ.ਈ.ਓ. ਟੋਨੀ ਸਿਪਜੀਚਿਨੋ ਅਨੁਸਾਰ ਪੂਰੇ ਸ਼ਹਿਰ ਨੂੰ ਇਕ ਸੈਂਟਰ ਵਿਚ ਕੰਟਰੋਲ ਕਰਨ ਲਈ ਇਕ ਨੈੱਟਵਰਕ ਵਿਚ ਜੋੜਨਾ ਹੋਵੇਗਾ। ਪਰ ਜਿਸ ਗਤੀ ਨਾਲ ਕੰਮ ਚੱਲ ਰਿਹਾ ਹੈ, ਇਕ ਸਮਾਰਟ ਸਿਟੀ ਬਣਨ ਵਿਚ 20 ਸਾਲ ਲੱਗ ਜਾਣਗੇ।

### ਆਧੁਨਿਕ ਆਵਾਜਾਈ ਪ੍ਰਣਾਲੀ

ਮੈਟਰੋ ਵਿਚ ਵਧਦੀ ਭੀੜ ਨੂੰ ਦੇਖਦੇ ਹੋਏ ਛੋਟੇ ਸ਼ਹਿਰਾਂ ਦਾ ਆਧੁਨਿਕ ਤਕਨੀਕ ਨਾਲ ਵਿਕਾਸ ਜ਼ਰੂਰੀ ਹੈ। ਨਾਲ ਹੀ ਇਨ੍ਹਾਂ ਨੂੰ ਮੈਟਰੋ ਨਾਲ ਜੋੜਨਾ ਹੋਵੇਗਾ। ਇਸ ਨਾਲ ਇਹ ਸ਼ਹਿਰ ਇਕ ਦੂਜੇ ਦੇ ਵਿਕਾਸ ਵਿਚ ਸਹਾਇਕ ਹੋਣਗੇ। ਇਸ ਲਈ ਟਰਾਂਸਪੋਰਟ ਸਿਸਟਮ ਬਿਹਤਰ ਹੋਵੇ।

### ਸਿੰਗਲ ਵਿੰਡੋ ਕਲੀਅਰੈਂਸ ਸਿਸਟਮ

ਡਿਵੈਲਪਰ ਕੰਪਨੀਆਂ ਅਨੁਸਾਰ ਜ਼ਮੀਨਾਂ ਦੀ ਖ਼ਰੀਦ, ਵਿਭਾਗਾਂ ਤੋਂ ਨੋ ਅਬਜੈਕਸ਼ਨ ਸਰਟੀਫ਼ਿਕੇਟ ਲੈਣ ਦਾ ਮੌਜੂਦਾ ਕਾਨੂੰਨ ਰਿਹਾ ਤਾਂ ਇਕ ਸ਼ਹਿਰ ਬਣਾਉਣ ਵਿਚ 20 ਸਾਲ ਲੱਗ ਜਾਣਗੇ। ਇਸ ਤੋਂ ਬਚਣ ਲਈ ਮਾਨਕ ਨਿਯਮ ਬਣਾ ਕੇ ਸਿੰਗਲ ਵਿੰਡੋ ਕਲੀਅਰੈਂਸ ਦੀ ਵਿਵਸਥਾ ਕਰਨੀ ਪਵੇਗੀ।



DASHMESH TIRE & LUBE
All Brands of Tires
MRF Or JK (Indian)
B.F. Goodrich. Michelin. Dunlop
Tire Repairs, Brakes, Oil Change & Lubrication
Do Service on Remote Locations Including weighing scales
vehicle inspection by certified machines
ਲੇਂਗਹਾਲ, ਗਰੇਵਲ ਆਦਿ ਹਰ ਤਰ੍ਹਾਂ ਦੇ ਟਰੱਕਾਂ ਦੀ ਵਾਇਨਾਇੰਗ ਕੀਤੀ ਜਾਂਦੀ ਹੈ।
ਕਿਸੇ ਵੀ ਸਮੇਂ, ਕਿਸੇ ਵੀ ਤਰ੍ਹਾਂ ਦੇ ਟਰੱਕਾਂ ਦੇ ਲੋਨ ਲੈਣ ਲਈ ਸੰਪਰਕ ਕਰੋ।
Enough Parking Space
Call : Manjit S. Khosa. Garry Dhaliwal
Ph: 780-298-1114, 780-993-4441
6609 34 St. Edmonton. Alberta.



Maharaja Banquet Facility
Banques Facility From 100 to 1200 People
ਵਿਆਹ-ਸ਼ਾਦੀ, ਜਨਮ ਦਿਨ ਜਾਂ ਹੋਰ ਕਿਸੇ ਵੀ ਖ਼ੁਸ਼ੀ ਦੇ ਮੌਕੇ 'ਤੇ ਪਾਰਟੀ ਆਦਿ ਲਈ ਮਹਾਰਾਜਾ ਬੈਂਕੁਇਟ ਹਾਲ ਬੁਕ ਕਰੋ।
■ Big Dance Floor
■ Full Bar
■ Excellent Bridal Chair
■ Great Music System
Beauty Service Elegance
9257-34A Ave. Edmonton, AB.
Call : Tariq Chaudhry 780-695-7200



Residential | Commercial | Investment Properties
Home Life/United Realty Inc. Brokerage
Independently Owned & Operated.
Higher Standards Agents... Higher Results™
Cell: 647 818 6880
Bus: 905 672 1234
FAX: 905 672 0672
hpshundal@gmail.com
ਟੋਰਾਂਟੋ ਦੇ ਇਲਾਕੇ 'ਚ ਜਾਇਦਾਦ ਖਰੀਦਣ ਜਾਂ ਵੇਚਣ ਲਈ ਇੱਕ ਭਰੋਸੇਮੰਦ ਨਾਂ
Sales Representative
Harinder Hundal
M.Sc. Eco, M.B.A
50 SunnyVale Gate, Unit # 7, Brampton, ON L6S 0C4



ਮੁਲਾਕਾਤ Productions
ਟੀ.ਵੀ ਪ੍ਰੋਗਰਾਮ ਮੁਲਾਕਾਤ
Aired on VISION TV
1:00 pm to 1:30 pm
(Alberta Time / Every Saturday)
Charanjit Brar
Producer & Host
Ph: 647 300 8436
cbrar@rogers.com



STP ELECTRIC LTD.
stpelectric@hotmail.com
Offering Full Range of Electrical Services of
C. 780.984 2356
F. 780.463 6276
• Residential
• Commercial
• Industrial Installations
ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
Sushil Singh
Certified Master Electrician
ਸਰਟੀਫਾਈਡ ਮਾਸਟਰ ਇਲੈਕ੍ਟ੍ਰੀਸ਼ਨ



WILDROSE MASONARY & STONE WORKS
Commertial & Residential
Ph: 780 340 1400
Off: 780 450 1413
Fax: 780 490 4888
ਘਰਾਂ ਦੇ ਬਾਹਰ ਜਾਂ ਅੰਦਰ ਕਲਚਰ ਸਟੋਨ, ਇੱਟਾਂ, ਹਰ ਤਰ੍ਹਾਂ ਦੇ ਬਲਾਕ ਲਗਵਾਉਣਾ ਚਾਹੁੰਦੇ ਹੋ, ਇੱਕ ਵਾਰ ਸਾਡੇ ਤੋਂ ਜ਼ਰੂਰ ਐਸਟੀਮੇਟ ਲਗਵਾਓ
Dave Johal
Culture Stone Bricks
Blocks Glass Blocks
email:wildrosemasonary@live.ca ✦ 1404-69th St. SW Edmonton, AB T6L 1L4



HARRY`S EXCAVATING
PH: 780-918-2252
Specialist in :
Digging Basements & All Kind Of Services
ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ, ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਵੀ ਕੰਮ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ।



A & K INSULATION & DRYWALL LTD.
Best Quailty at Reasonable Rates
ਹੋਟਲ, ਮੋਟਲ, ਬਿਜ਼ਨਿਸ, ਰਿਹਾਇਸ਼ੀ ਜਾਂ ਕਿਸੇ ਵੀ ਤਰ੍ਹਾਂ ਦੀ ਬਿਲਡਿੰਗ ਲਈ ਡਰਾਈਵਾਲ, ਇੰਸੁਲੇਸ਼ਨ, ਟੇਪਿੰਗ ਜਾਂ ਟੈਕਸਚਰ ਦੇ ਕੰਮ ਲਈ ਸੰਪਰਕ ਕਰੋ
Rana : 780-245-5191 Joga : 780-245-5192



NEW WAY Stucco Ltd.
Quality work at reasonable rates.
We do Splash Dash Stucco and Acrylic. For free estimates call
(BALJIT) Ph.: (780)-708-1436, Fax : (780)-462-0691
All Kind of Stucco Acrylic & Rain Screen Residential & Commercial
ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ



Moga Painting Company
Serving Since 1985
Experts in Interior & Exterior Paint
Residential & Commercial
> Excellent Colour Matching
> Guaranteed Work
> Reasonable Rates
Office Painting, Spray Painting, Staircase Railing, Stain & Varnish
ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।
For Free ESTIMATES Call SURJIT
Edmonton (780) 934-3535 Winnipeg (204) 979-7070

# ਫ਼ੈਡਰਲ ਸਰਕਾਰ ਦੇ ਆਰਜ਼ੀ ਵਿਦੇਸ਼ੀ ਕਾਮੇ ਪ੍ਰੋਗਰਾਮ ਦੇ ਨਿਯਮ ਸਖ਼ਤ ਕਰਨ ਦੀ ਤਿੱਖੀ ਆਲੋਚਨਾ

## ਪ੍ਰਭਾਵਤ ਲੋਕਾਂ ਨਾਲ ਸਲਾਹ-ਮਸ਼ਵਰਾ ਹੀ ਨਹੀਂ ਕੀਤਾ : ਲੁਕਾਸਜ਼ੁਕ

ਐਡਮਿੰਟਨ (ਨਦਬ) ਅਲਬਰਟਾ ਯੂਨੀਵਰਸਿਟੀ ਵਿਚ ਮਾਈਗਰੈਂਟ ਅਲਬਰਟਾ ਵਲੋਂ ਕਰਵਾਇਆ ਗਿਆ, ਜਿਸ ਵਿਚ ਪ੍ਰੋਗਰਾਮ ਸੂਬੇ ਦੇ ਲੇਬਰ ਮੰਤਰੀ ਥਾਮਸ ਲੁਕਾਸਜ਼ੁਕ ਨੇ ਸ਼ਿਰਕਤ ਕੀਤੀ। ਲੁਕਾਸਜ਼ੁਕ ਨੇ ਫ਼ੈਡਰਲ ਸਰਕਾਰ ਦੇ ਆਰਜ਼ੀ ਵਿਦੇਸ਼ੀ ਕਾਮੇ ਪ੍ਰੋਗਰਾਮ (ਟੀ.ਐਫ਼. ਡਬਲਿਊ) ਨੂੰ ਹੋਰ ਸਖ਼ਤ ਕਰਨ ਦੀ ਨਿੰਦਾ ਕਰਦਿਆਂ ਕਿਹਾ ਕਿ ਇਹ ਬਹੁਤ ਹੀ ਗੈਰ-ਮਨੁੱਖੀ ਤੇ ਆਰਥਕ ਤੌਰ 'ਤੇ ਬੇਹੁਦਾ ਹੈ। ਲੇਬਰ ਮੰਤਰੀ ਲੁਕਾਸਜ਼ੁਕ ਨੇ ਇਸ ਫ਼ੋਰਮ ਦੌਰਾਨ ਕਿਹਾ, "ਸਾਨੂੰ ਇਸ ਗੱਲ ਦੀ ਲੋੜ ਹੈ ਕਿ ਤੁਸੀਂ ਇਥੇ ਰਹੋ। ਇਹ ਪ੍ਰੋਗਰਾਮ ਘੁੰਮਣ ਵਾਲਾ ਦਰਵਾਜ਼ਾ ਹੈ, ਜੋ ਕਿ ਸਾਧਾਰਨ ਤੌਰ 'ਤੇ ਗੈਰ-ਮਨੁੱਖੀ ਤੇ ਆਰਥਕ ਤੌਰ 'ਤੇ ਬੇਹੁਦਾ ਹੈ। ਕਨੇਡਾ ਅੰਦਰ ਜ਼ਿਆਦਾਤਰ ਕੇਸਾਂ 'ਚ ਸਾਨੂੰ ਕਿਸ ਚੀਜ਼ ਦੀ ਲੋੜ ਹੈ ਅਤੇ ਵਿਸ਼ੇਸ਼ ਕਰ ਕੇ ਅਲਬਰਟਾ ਵਿਚ, ਉਹ ਹੈ ਸਥਾਈ ਵਿਦੇਸ਼ੀ ਕਾਮੇ।" ਲੁਕਾਸਜ਼ੁਕ ਨੇ ਫ਼ੈਡਰਲ ਰੁਜ਼ਗਾਰ ਮੰਤਰੀ ਜੈਸਨ ਕੇਨੀ ਵਲੋਂ ਪਿਛਲੇ ਮਹੀਨੇ ਫੂਡ ਸੈਕਟਰ 'ਚ ਕੁਝ ਕਾਰੋਬਾਰੀਆਂ ਦੇ ਆਰਜ਼ੀ ਵਿਦੇਸ਼ੀ ਕਾਮੇ ਪ੍ਰੋਗਰਾਮ ਤਹਿਤ ਵਿਦੇਸ਼ੀ ਕਾਮਿਆਂ ਨੂੰ ਕੰਮ 'ਤੇ ਰੱਖਣ ਲਈ ਪਾਈਆਂ ਗਈਆਂ ਤਰੁੱਟੀਆਂ ਤੋਂ ਬਾਅਦ ਟੀ.ਐਫ਼.



ਡਬਲਿਊ ਪ੍ਰੋਗਰਾਮ ਰੱਦ ਕਰ ਕੇ ਮੁੜ ਵਿਚਾਰ ਕਰਨ ਦੇ ਆਦੇਸ਼ਾਂ ਦੀ ਵੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ। ਲੁਕਾਸਜ਼ੁਕ ਨੇ ਕਿਹਾ ਕਿ ਉਨ੍ਹਾਂ ਨੂੰ ਮੰਤਰੀ ਕੇਨੀ ਦੇ ਇਸ ਅਣਕਿਆਸੇ ਫ਼ੈਸਲੇ ਬਾਰੇ ਖ਼ਬਰਾਂ ਰਾਹੀਂ ਪਤਾ ਲੱਗਾ ਸੀ ਅਤੇ ਇਹ ਮੁਹਿੰਮ 'ਸਾਧਾਰਨ ਤੌਰ 'ਤੇ ਗ਼ੈਰ-ਕਨੇਡੀਅਨ' ਹੈ। ਇਸ ਪ੍ਰੋਗਰਾਮ ਨਾਲ ਜ਼ਿਆਦਾ ਪ੍ਰਭਾਵਤ ਹੋਣ ਵਾਲੇ ਲੋਕਾਂ ਨਾਲ ਕੋਈ ਸਲਾਹ ਮਸ਼ਵਰਾ ਨਹੀਂ ਕੀਤਾ ਗਿਆ, ਉਹਦੇ ਵਿਚ ਤੁਸੀਂ ਜਾਂ ਸੂਬਾ ਸਰਕਾਰ ਸ਼ਾਮਲ ਹੈ। ਲੁਕਾਸਜ਼ੁਕ ਨੇ ਕਿਹਾ ਕਿ ਫ਼ੈਡਰਲ ਸਰਕਾਰ ਕੋਲ ਇਸ ਪ੍ਰੋਗਰਾਮ ਨੂੰ ਰੋਕੇ ਬਿਨਾਂ ਹੀ ਇਸ ਨੂੰ ਨਿਰਧਾਰਤ ਕਰਨ ਦੀ ਸਮਰੱਥਾ ਹੈ। ਲੁਕਾਸਜ਼ੁਕ ਜਿਹੜੇ ਕਿ ਕੌਂਸਲ ਆਫ਼ ਕਨੇਡੀਅਨ ਇੰਮੀਗ੍ਰੇਸ਼ਨ ਮਨਿਸਟਰਜ਼ ਦੇ ਕੋ-ਚੇਅਰਮੈਨ ਵੀ ਹਨ, ਨੇ ਕਿਹਾ ਕਿ ਉਹ ਅਲਬਰਟਾ ਵਿਚ ਵਿਦੇਸ਼ੀ ਕਾਮਿਆਂ ਦੀ ਲੋੜ ਸਵੀਕਾਰ ਕਰਦੇ ਹਨ। ਲੁਕਾਸਜ਼ੁਕ ਨੇ ਕਿਹਾ ਕਿ ਕਨੇਡਾ ਵਿਚ ਸਾਰੀਆਂ ਨੌਕਰੀਆਂ ਪਹਿਲਾਂ ਕਨੇਡੀਅਨਾਂ ਲਈ ਹਨ ਪਰ ਜੇਕਰ ਕਨੇਡੀਅਨ ਇਨ੍ਹਾਂ ਨੌਕਰੀਆਂ ਲਈ ਤਿਆਰ, ਚਾਹਵਾਨ ਤੇ ਯੋਗ ਨਹੀਂ ਤਾਂ ਵੀ ਇਨ੍ਹਾਂ ਨੌਕਰੀਆਂ ਨੂੰ ਭਰਿਆ ਜਾਣਾ ਚਾਹੀਦਾ ਹੈ। ਐਨ.ਡੀ.ਪੀ. ਲੇਬਰ ਆਲੋਚਕ ਰਸ਼ਲ ਨੋਟਲੇ ਨੇ ਆਰਜ਼ੀ ਵਿਦੇਸ਼ੀ ਕਾਮੇ ਪ੍ਰੋਗਰਾਮ ਜਾਰੀ ਰੱਖਣ ਦੀ ਲੋੜ ਨਾਲ ਸਹਿਮਤੀ ਪ੍ਰਗਟਾਈ। ਇਸ ਸਮੇਂ ਦੌਰਾਨ ਆਰਜ਼ੀ ਵਿਦੇਸ਼ੀ ਕਾਮਿਆਂ ਦੀ ਅਲਬਰਟਾ ਵਿਚ ਗਿਣਤੀ 7000 ਤੋਂ ਵੱਧ ਕੇ 85000 ਹੋ ਚੁੱਕੀ ਹੈ। ਪਰ ਉਨ੍ਹਾਂ ਨੂੰ ਆਪਣੇ ਅਧਿਕਾਰਾਂ ਲਈ ਆਵਾਜ਼ ਉਠਾਉਣ ਦਾ ਅਧਿਕਾਰ ਨਹੀਂ ਹੈ।

## ਮਿਨਹਾਸ ਨੂੰ ਸੀਨੀਅਰ ਸਰਵਿਸ ਐਵਾਰਡ



ਕੈਲਗਰੀ (ਨਦਬ) : ਪੰਜਾਬੀ ਕਮਿਊਨਿਟੀ ਲਈ ਇਹ ਖ਼ਬਰ ਬੜੀ ਖ਼ੁਸ਼ੀ ਦੇਣ ਵਾਲੀ ਹੈ ਕਿ ਇੰਕਾ ਸੀਨੀਅਰ ਸਿਟੀਜਨ ਸੁਸਾਇਟੀ ਕੈਲਗਰੀ ਦੇ ਮੀਤ ਪ੍ਰਧਾਨ ਮੋਤਾ ਸਿੰਘ ਮਿਨਹਾਸ ਨੂੰ ਸਾਲ 2014 ਦੇ 'ਮਨਿਸਟਰ'ਜ਼ ਸੀਨੀਅਰ ਸਰਵਿਸ ਐਵਾਰਡ' ਦਿੱਤਾ ਗਿਆ। ਇਸ 'ਤੇ ਕੈਲਗਰੀ ਦੀਆਂ ਬਹੁਤ ਸਾਰੀਆਂ ਸੁਸਾਇਟੀਆਂ ਨੇ ਖ਼ੁਸ਼ੀ ਦਾ ਇਜ਼ਹਾਰ ਕੀਤਾ। ਜ਼ਿਕਰਯੋਗ ਹੈ ਕਿ ਇੰਕਾ ਸੁਸਾਇਟੀ ਨੇ ਆਪਣੀਆਂ ਵਧੀਆ ਸੇਵਾਵਾਂ ਬਦਲੇ ਪਹਿਲਾਂ ਵੀ ਕਈ ਸਨਮਾਨ ਹਾਸਲ ਕੀਤੇ ਹਨ, ਜਿਵੇਂ ਕਿ ਬਿੱਕਰ ਸਿੰਘ ਸੰਧੂ, ਜੋ ਕਿ ਸਭਾ ਦੇ ਕੋ-ਆਰਡੀਨੇਟਰ ਹਨ ਅਤੇ ਪ੍ਰਧਾਨ ਨੈਬ ਸਿੰਘ ਸੰਧੂ ਨੂੰ ਨੈਸ਼ਨਲ ਰੈਵੀਨਿਊ ਮਨਿਸਟਰ-ਕੈਰੀਲੀਨ-ਡੀ ਫ਼ਿਡਲੇ ਵਲੋਂ ਕਮਿਊਨਿਟੀ ਵਲੰਟੀਅਰ ਇਨਕਮ ਟੈਕਸ ਪ੍ਰੋਗਰਾਮ ਅਧੀਨ ਪ੍ਰਸੰਸਾ ਪੱਤਰ ਦਿੱਤੇ ਗਏ ਹਨ।

# ਮੋਜ਼ਾਇਕ ਵਲੋਂ ਤੀਜਾ 'ਪੰਜਾਬੀ ਡੇਅ' ਸਭਿਆਚਾਰਕ ਮੇਲਾ 27 ਜੁਲਾਈ ਨੂੰ

ਐਡਮਿੰਟਨ (ਨਦਬ) : ਕਨੇਡੀਅਨ ਮੋਜ਼ਾਇਕ ਆਰਟਿਸਟ ਐਸੋਸੀਏਸ਼ਨ ਦੇ ਸਾਰੇ ਅਹੁਦੇਦਾਰਾਂ ਵਲੋਂ ਮਿਲ ਕੇ ਸਾਲਾਨਾ ਤੀਜਾ 'ਪੰਜਾਬੀ ਡੇਅ' ਸਭਿਆਚਾਰਕ ਮੇਲਾ 27 ਜੁਲਾਈ ਦਿਨ ਐਤਵਾਰ ਨੂੰ ਮਹਾਰਾਜਾ ਬੈਂਕੁਇਟ ਹਾਲ ਵਿਚ ਕਰਵਾਇਆ ਜਾ ਰਿਹਾ ਹੈ। ਇਸ ਵਿਚ ਐਡਮਿੰਟਨ ਦੇ ਕਲਾਕਾਰ ਉਪਿੰਦਰ ਮਠਾੜੂ, ਲਾਡੀ ਪੱਡਾ, ਦੇਵ ਮਾਨ, ਗੁਰਦੀਪ ਜੌਹਲ, ਲਾਡੀ ਸੂਸਾਂਵਾਲਾ, ਮਨਮਿੰਦਰ ਬਾਸੀ, ਵਾਲੀਆ ਜ਼ਿਬਰਾਨ, ਰੂਬੀ ਗਿੱਲ, ਤਾਇਆ ਬੰਤਾ, ਮਨਜੀਤ ਸਿੰਘ ਤੋਂ ਇਲਾਵਾ ਗੁਰਲੇਜ ਅਖ਼ਤਰ ਅਤੇ ਅਮਰ ਚਮਕੀਲਾ ਦੀ ਬੇਟੀ ਕਮਲ ਚਮਕੀਲਾ ਮੇਲੇ 'ਚ ਆਏ ਦਰਸ਼ਕਾਂ ਅਤੇ ਸਰੋਤਿਆਂ ਨੂੰ ਆਪਣੀ ਕਲਾ ਨਾਲ ਮੰਤਰ ਮੁਗਧ ਕਰਨਗੇ। ਜ਼ਿਕਰਯੋਗ ਹੈ ਕਿ ਸੰਸਥਾ ਕਨੇਡਾ ਦੇ ਸਥਾਨਕ ਕਲਾਕਾਰਾਂ ਨੂੰ ਇਕ ਪਲੇਟਫ਼ਾਰਮ ਮੁਹੱਈਆ ਕਰਵਾਉਣ ਲਈ ਬਣਾਈ ਹੈ। ਸਮਾਗਮ ਪ੍ਰਤੀ ਜਾਣਕਾਰੀ ਲਈ ਉਪਿੰਦਰ ਮਠਾੜੂ ਨਾਲ 780-267-7740, ਦੇਵ ਮਾਨ 780-893-6262 ਜਾਂ ਲਾਡੀ ਸੂਸਾਂਵਾਲਾ ਨਾਲ 780-297-6105 'ਤੇ ਸੰਪਰਕ ਕੀਤਾ ਜਾ ਸਕਦਾ ਹੈ।



# ਪੰਮੀ ਬਾਈ ਦਾ ਸ਼ੋਅ 29 ਜੂਨ ਨੂੰ



ਐਡਮਿੰਟਨ (ਨਦਬ) : ਪੰਮੀ ਬਾਈ ਦੇ ਪ੍ਰਸ਼ੰਸਕਾਂ ਲਈ ਇਹ ਖ਼ੁਸ਼ੀ ਦੀ ਗੱਲ ਹੈ ਕਿ ਉਹ ਐਡਮਿੰਟਨ ਸਮੇਤ ਕਨੇਡਾ ਭਰ ਵਿਚ ਪਹਿਲੀ ਵਾਰ ਆਪਣਾ ਗਰੁੱਪ ਲੈ ਕੇ ਸਰੋਤਿਆਂ ਦੇ ਰੂਬਰੂ ਹੋ ਰਹੇ ਹਨ। ਸ਼ੇਰਵੁੱਡ ਪਾਰਕ ਦੇ ਫ਼ੈਸਟੀਵਲ ਪਲੇਸ ਵਿਖੇ 29 ਜੂਨ ਨੂੰ ਹੋਣ ਵਾਲੇ ਇਸ ਸ਼ੋਅ ਲਈ ਤਿਆਰੀਆਂ ਮੁਕੰਮਲ ਕਰ ਲਈ ਗਈਆਂ ਹਨ। ਪੰਜਾਬੀ ਫੋਕ ਡਾਨਸ ਅਕੈਡਮੀ ਅਤੇ ਐਡਵਾਂਸ ਓਵਰਹੈਡ ਤੇ ਗੈਰਾਜ਼ ਡੋਰ ਲਿਮਡ ਵੱਲੋਂ ਕਰਵਾਏ ਹਾ ਰਹੇ ਇਸ ਪਰਿਵਾਰਕ ਸ਼ੋਅ ਬਾਰੇ ਜਾਣਕਾਰੀ ਦਿੰਦਿਆਂ ਗੁਰਸੇਵਕ ਸਿੱਧੂ ਅਤੇ ਲਾਲੀ ਢਿੱਲੋਂ ਨੇ ਦੱਸਿਆ ਕਿ ਪੰਮੀ ਬਾਈ 29 ਜੂਨ ਨੂੰ ਐਡਮਿੰਟਨ ਵਿਖੇ ਆਪਣੇ ਕਨੇਡਾ ਦੇ ਲਾਈਵ ਸ਼ੋਅਜ਼ ਦਾ ਆਗਾਜ਼ ਕਰਨਗੇ। ਇਹ ਪਹਿਲੀ ਵਾਰ ਹੈ ਕਿ ਪੰਮੀ ਬਾਈ ਦੇ ਨਾਲ ਉਨ੍ਹਾਂ ਦਾ ਪੂਰਾ ਗਰੁੱਪ ਆ ਰਿਹਾ ਹੈ, ਜਿਸ ਵਿਚ ਉਹ ਝੂੰਮਰ, ਭੰਗੜਾ ਅਤੇ ਗੀਤ ਸੰਗੀਤ ਰਾਹੀਂ ਉਹ ਦਰਸ਼ਕਾਂ ਨਾਲ ਸਾਂਝ ਪਾਉਣਗੇ। ਸ਼ੋਅ ਦੀਆਂ ਟਿਕਟਾਂ ਸਾਰੇ ਭਾਰਤੀ ਗਰੋਸਰੀ ਸਟੋਰਾਂ 'ਤੇ ਉਪਲੱਬਧ ਹੋਣਗੀਆਂ। ਪੰਮੀ ਬਾਈ ਦੀ ਐਡਮਿੰਟਨ ਫੇਰੀ ਬਾਰੇ ਵਧੇਰੇ ਜਾਣਕਾਰੀ ਲਈ ਗੁਰਸੇਵਕ ਸਿੱਧੂ ਨਾਲ 780-399-8400, ਲਾਲੀ ਢਿੱਲੋਂ ਨਾਲ 780-885-3600, ਤੇਜਿੰਦਰ ਬਰਾੜ ਨਾਲ 780-709-7979 ਜਾਂ ਸੁਖਦੇਵ ਧੰਨੋਆ ਨਾਲ 780-700-5022 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਆਓ 'ਸਾਊਥ ਕਾਮਨ ਫ਼ਾਰਮਰਜ਼ ਮਾਰਕੀਟ' ਵਿਚ ਅਤੇ ਖ਼ਰੀਦੋ ਸਥਾਨਕ ਕਾਰੋਬਾਰੀਆਂ ਵਲੋਂ ਤਿਆਰ ਵਸਤਾਂ, ਤਾਜ਼ੀਆਂ ਸਬਜ਼ੀਆਂ ਅਤੇ ਹੋਰ ਬਹੁਤ ਕੁਝ.....

Come To
South Common
Farmers' Market

Sat. & Sun. 10 a.m.- 4 p.m.

Parsons Rd. & 19th Ave



'ਸਾਊਥ ਕਾਮਨ ਫ਼ਾਰਮਰਜ਼ ਮਾਰਕੀਟ' ਸਬੰਧੀ ਹੋਰ ਜਾਣਕਾਰੀ ਲਈ ਸੰਪਰਕ ਕਰੋ : ਬਰਾਇਨ (ਮੈਨੇਜਰ) 780-465-5882

# ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਤ ਨਗਰ ਕੀਰਤਨ



ਐਡਮਿੰਟਨ (ਨਦਬ) ਇਥੋਂ ਦੇ ਸਮੂਹ ਗੁਰੂ ਘਰਾਂ ਅਤੇ ਸਿੱਖ ਸੰਗਤਾਂ ਵਲੋਂ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਤ ਨਗਰ ਕੀਰਤਨ ਸਜਾਇਆ ਗਿਆ, ਜਿਸ ਵਿਚ ਕਨੇਡਾ ਦੇ ਵੱਖ-ਵੱਖ ਸ਼ਹਿਰਾਂ ਤੋਂ ਵੱਡੀ ਗਿਣਤੀ 'ਚ ਸੰਗਤ ਨੇ ਹਾਜ਼ਰੀ ਭਰੀ। ਗੁਰਦੁਆਰਾ ਮਿਲਵੁਡਜ਼ ਤੋਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਅਰਦਾਸ ਕਰ ਕੇ ਪੰਜ ਪਿਆਰਿਆਂ ਦੀ ਅਗਵਾਈ ਤੇ ਜੈਕਾਰਿਆਂ ਦੀ ਗੂੰਜ ਵਿਚ ਨਗਰ ਕੀਰਤਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨੂੰ ਰਵਾਨਾ ਹੋਇਆ। ਇਸ ਸਮੇਂ ਮਿਲਵੁੱਡ ਏਰੀਆ ਕੇਸਰੀ-ਨੀਲੀਆਂ ਦਸਤਾਰਾਂ ਤੇ ਦੁਪੱਟਿਆਂ 'ਚ ਪੂਰੀ ਤਰ੍ਹਾਂ ਨਾਲ ਰੰਗਿਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਸੁਸ਼ੋਭਤ ਪਾਲਕੀ ਤੋਂ ਇਲਾਵਾ ਖ਼ਾਲਸਾ ਸਕੂਲ, ਹੈਡਵੇ ਸਕੂਲ ਅਤੇ ਵੱਖ-ਵੱਖ ਗੁਰੂ ਘਰਾਂ ਦੇ ਫਲੋਟ ਪੂਰੀ ਤਰ੍ਹਾਂ ਨਾਲ ਸਜਾਏ ਗਏ। ਇਨ੍ਹਾਂ ਵਿਚ ਰਾਗੀ ਤੇ ਕੀਰਤਨੀ ਜਥੇ ਨੇ ਸੰਗਤ ਨੂੰ ਗੁਰੂ ਇਤਿਹਾਸ ਸਰਵਣ ਕਰਵਾ ਰਹੇ ਸਨ। ਉਘੇ ਢਾਡੀ ਗਿਆਨੀ ਸੁਖਨਰੰਜਣ ਸਿੰਘ ਸੁੰਮਣ ਅਤੇ ਭਾਈ ਸ਼ਮਸ਼ੇਰ ਸਿੰਘ ਖੰਡੂਰ ਵਾਲਿਆਂ ਦੇ ਜਥੇ ਨੇ ਢਾਡੀ ਵਾਰਾਂ ਨਾਲ ਸੰਗਤ 'ਚ ਨਵਾਂ ਜੋਸ਼ ਭਰ ਦਿੱਤਾ। ਸੜਕਾਂ ਦੇ ਆਲੇ ਦੁਆਲੇ ਤੇ ਗੁਰੂ ਘਰਾਂ ਵਿਚ ਸੰਗਤਾਂ ਵਲੋਂ ਖੁਲ੍ਹੇ ਲੰਗਰ ਲਗਾਏ ਗਏ। ਸੰਗਤਾਂ ਦੇ ਉਤਸ਼ਾਹ ਤੇ ਸ਼ਰਧਾ ਭਾਵਨਾ ਨੂੰ ਦੇਖ ਕੇ ਗੋਰੇ ਅਤੇ ਹੋਰਨਾਂ ਭਾਈਚਾਰਿਆਂ ਦੇ ਲੋਕ ਵੀ ਹੈਰਾਨ ਰਹਿ ਗਏ। ਇਸ ਮੌਕੇ ਅਲਬਰਟਾ ਵਿਧਾਨ ਸਭਾ ਦੇ ਸਪੀਕਰ ਜੀਨ ਜਵੈਸਡੇਸਕੀ, ਜਕਨੇਡਾ ਦੇ ਮੰਤਰੀ ਟਿੰਮ ਉਪਲ, ਅਲਬਰਟਾ ਦੇ ਕੈਬਨਿਟ ਮੰਤਰੀ ਮਨਜੀਤ ਭੁੱਲਰ, ਰਾਜ ਮੰਤਰੀ ਨਰੇਸ਼ ਭਾਰਦਵਾਜ, ਵਿਧਾਇਕ ਪੀਟਰ ਸੰਧੂ, ਵਿਧਾਇਕ ਸੁਹੇਲ ਕਾਦਰੀ, ਵਿਧਾਇਕ ਦਰਸ਼ਨ ਕੰਗ, ਕੌਂਸਲਰ ਅਮਰਜੀਤ ਸੋਹੀ, ਕੌਂਸਲਰ ਅਰਜੁਨ ਰੰਧਾਵਾ, ਐਨ.ਡੀ.ਪੀ. ਆਗੂ ਬਰਾਈਨ ਮੈਸਨ, ਲਿਬਰਲ ਆਗੂ ਡਾ. ਰਾਜ ਸ਼ਰਮਨ, ਵਾਈਲਡ ਰੋਜ ਆਗੂ ਡੈਨੀਅਲ ਸਮਿਥ, ਨਗਰ ਕੀਰਤਨ ਕਮੇਟੀ ਚੇਅਰਮੈਨ ਗੁਰਚਰਨ ਸੰਘਾ, ਸਿੱਖ ਸੁਸਾਇਟੀ ਵਲੋਂ ਪਾਲ ਸਿੰਘ ਪੁਰੇਵਾਲ , ਗੁਰਦੁਆਰਾ ਸਿੰਘ ਸਭਾ ਦੇ ਪ੍ਰਧਾਨ ਮੇਹਰ ਸਿੰਘ ਗਿੱਲ, ਮਿਲਵੁੱਡਜ਼ ਦੇ ਪ੍ਰਧਾਨ ਸੁਰਿੰਦਰ ਸਿੰਘ ਹੂੰਝਣ, ਨਗਰ ਕੀਰਤਨ ਕਮੇਟੀ ਦੇ ਬੁਲਾਰੇ ਬਲਵੀਰ ਸਿੰਘ ਚਾਨਾ ਨੇ ਸੰਬੋਧਨ ਕਰਦਿਆਂ ਸੰਗਤਾਂ ਨੂੰ ਵਧਾਈ ਦਿੱਤੀ। ਸਟੇਜ ਦੀ ਭੂਮਿਕਾ ਗੁਲਜ਼ਾਰ ਸਿੰਘ ਅਤੇ ਹਰਸ਼ਬੀਰ ਕੰਗ ਨੇ ਨਿਭਾਈ।



# 'ਸਾਈਂ ਵੇ ਸਾਡੀ ਫਰਿਆਦ ਤੇਰੇ ਤਾਈਂ'

ਐਡਮਿੰਟਨ (ਨਦਬ) : ਪੰਜਾਬੀ ਹੈਰੀਟੇਜ ਫ਼ਾਊਂਡੇਸ਼ਨ ਵਲੋਂ ਸਤਿੰਦਰ ਸਰਤਾਜ ਦਾ ਸ਼ੋਅ ਇਥੋਂ ਦੇ ਜੁਬਲੀ ਆਡੀਟੋਰੀਅਮ ਵਿਖੇ ਕਰਵਾਇਆ ਗਿਆ। ਇਸ ਸੂਫ਼ੀ ਸੁਰਮਈ ਸ਼ਾਮ ਦੌਰਾਨ ਸੰਗੀਤ ਪ੍ਰੇਮੀਆਂ ਨੂੰ ਸਰਤਾਜ ਨੇ ਕੀਲ ਕੇ ਰੱਖ ਦਿੱਤਾ। ਪ੍ਰੋਗਰਾਮ ਦੀ ਸ਼ੁਰੂਆਤ ਸਰਤਾਜ ਨੇ 'ਸਾਈਂ ਵੇ ਸਾਡੀ ਫਰਿਆਦ ਤੇਰੇ ਤਾਈਂ' ਨਾਲ ਕੀਤੀ। ਉਪਰੰਤ 'ਛੱਡ ਮਾਲਕ 'ਤੇ ਡੋਰਾਂ, ਬਿਨਾ ਮੰਗਿਉਂ ਸਲਾਹ, ਤਿਤਲੀ' ਤੇ ਮਕਬੂਲ ਗੀਤ 'ਯਾਹਮਾ' ਸਮੇਤ ਹੋਰ ਵੀ ਨਵੇਂ ਪੁਰਾਣੇ ਗੀਤਾਂ, ਸ਼ਾਇਰੀ ਤੇ ਸੂਫ਼ੀ ਕਲਾਮਾਂ ਰਾਹੀਂ ਦਰਸ਼ਕਾਂ ਦੀਆਂ ਢੇਰ ਸਾਰੀਆਂ ਫ਼ਰਮਾਇਸ਼ਾਂ ਨੂੰ ਪੂਰਾ ਕੀਤਾ। ਇਸ ਸ਼ੋਅ ਦੌਰਾਨ ਜਿਥੇ ਕਈ ਦਰਸ਼ਕਾਂ ਨੇ ਡਾਲਰਾਂ ਦੀ ਵਰਖਾ ਕੀਤੀ ਅਤੇ ਨੱਚ ਟੱਪ ਕੇ ਆਪਣੀ ਰੂਹ ਦੀ ਖ਼ੁਰਾਕ ਨੂੰ ਪੂਰਾ ਕੀਤਾ, ਉਥੇ ਆਪਣੀ ਜਾਦੂਮਈ ਗਾਇਕੀ ਨਾਲ ਸਰਤਾਜ ਨੇ ਕਈ ਉਦਾਸ ਚਿਹਰਿਆਂ 'ਤੇ ਰੌਣਕਾਂ ਅਤੇ ਖ਼ੁਸ਼ੀਆਂ ਦੇ ਚਿਰਾਗ ਬਾਲ ਦਿੱਤੇ। ਆਪਣੇ ਮਹਿਬੂਬ ਗਾਇਕ ਦੀ ਇਕ ਝਲਕ ਪਾਉਣ ਨੂੰ ਸੰਗੀਤ ਪ੍ਰੇਮੀ ਉਤਾਵਲੇ ਸਨ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਕਨੇਡਾ ਦੇ ਮੰਤਰੀ ਟਿੰਮ ਉਪਲ, ਸ਼ੋਅ ਪ੍ਰਬੰਧਕ ਹਰਦੀਪ ਲਾਲ, ਲਖਵਿੰਦਰ ਅਟਵਾਲ, ਤਲਵਿੰਦਰ ਪਨੇਸਰ, ਗੁਰਚਰਨ ਗਰਚਾ, ਕਮਲ ਘੁੰਮਣ, ਲੱਭਾ ਧਨੋਆ, ਜਬਰਜੀਤ ਚਾਨਾ ਤੇ ਮਨਜੀਤ ਨੇ ਸਤਿੰਦਰ ਸਰਤਾਜ ਨੂੰ ਸਨਮਾਨ ਚਿੰਨ੍ਹ ਭੇਟ ਕੀਤਾ। ਉਪਲ ਨੇ ਕਿਹਾ ਕਿ ਸੂਫ਼ੀ ਗਾਇਕੀ ਨੂੰ ਬੁਲੰਦੀਆਂ 'ਤੇ ਲੈ ਜਾਣ ਵਾਲੇ ਇਸ ਸਰਤਾਜ ਦੇ ਮੂੰਹ 'ਚੋਂ ਨਿਕਲਿਆ ਹਰ ਲਫ਼ਜ਼ ਧੁਰ ਆਤਮਾ ਨੂੰ ਸਕੂਨ ਦਿੰਦਾ ਹੈ। ਸ਼ੋਅ ਦੌਰਾਨ ਸਟੇਜ ਦੀ ਭੂਮਿਕਾ ਸਥਾਨਕ ਗਾਇਕ ਅਰਸ਼ ਖਹਿਰਾ ਤੇ ਪੂਨਮ ਨੇ ਬਾਖ਼ੂਬੀ ਨਿਭਾਈ। ਇਸ ਮੌਕੇ ਰਾਜ ਮੰਤਰੀ ਨਰੇਸ਼ ਭਾਰਦਵਾਜ, ਵਿਧਾਇਕ ਪੀਟਰ ਸੰਧੂ, ਵਿਧਾਇਕ ਸੁਹੇਲ ਕਾਦਰੀ ਤੇ ਕੌਂਸਲਰ ਅਮਰਜੀਤ ਸੋਹੀ ਵੀ ਵਿਸ਼ੇਸ਼ ਤੌਰ 'ਤੇ ਪੁੱਜੇ।

Nu Tech Plumbing
Services & Maintenance for
Residential & Commercial Projects
Licensed Insured Bonded
Email : nutechplumbing@gmail.com
Gurpreet Mann Jagwant Wraich
780-267-8033 780-450-2464
ਤਜ਼ਰੇਬਕਾਰ ਵਰਕਰ ਦੀ ਜ਼ਰੂਰਤ ਹੈ



City Furnace Cleaning Ltd
Your Indoor Air Quality Specialist



We have certified, insured and bonded Techinican's who clean :-
FURNACES
AIR DUCTS
HOT WATER TANKS
DRYER VENTS
AIR CONDITIONING COILS



Free Estimate
'ਨਵੀਂ ਦੁਨੀਆ' ਨੂੰ ਗ਼ਦਰ ਸ਼ਤਾਬਦੀ ਵਿਸ਼ੇਸ਼ ਅੰਕ ਪ੍ਰਕਾਸ਼ਤ ਕਰਨ ਲਈ ਸ਼ੁਭ ਇਛਾਵਾਂ
For a free, none obligation quote please call
(780) 469-7202
ਭਾਵੇਂ ਤੁਸੀਂ ਨਵਾਂ ਘਰ ਬਣਾਇਆ ਹੈ ਜਾਂ ਆਪਣੇ ਪੁਰਾਣੇ ਘਰ ਦਾ ਫਰਨਸ ਅਤੇ ਵਾਟਰ ਟੈਂਕ ਸਾਫ ਕਰਵਾਉਣਾ ਚਾਹੁੰਦੇ ਹੋ ਤਾਂ ਸਾਨੂੰ ਕਾਲ ਕਰੋ

Mission AUTO & TRUCK REPAIR LTD.
Specialized in European & Japanese Cars
ਆਪਣੀਆਂ ਗੱਡੀਆਂ ਅਤੇ ਟਰੱਕਾਂ ਦੀ ਤਸੱਲੀਬਖ਼ਸ਼ ਰਿਪੇਅਰ ਵਾਜਬ ਕੀਮਤਾਂ 'ਤੇ ਕਰਾਉਣ ਲਈ ਸਾਡੇ ਕੋਲ ਆਓ





Sam Rooprai
2 ਮਕੈਨਿਕ, 2 ਹੈਲਪਰ ਅਤੇ ਇਕ Receptionist ਦੀ ਤੁਰੰਤ ਲੋੜ ਹੈ।
Receptionist ਨੂੰ ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾ ਦੀ ਜਾਣਕਾਰੀ ਹੋਣੀ ਚਾਹੀਦੀ ਹੈ।
Tel : (780) 243 7918 Cell. : (780) 243 7918
3107 92 st NW, Edmonton, Alberta T6N 189
Fax : (780) 439 3359

# SOUTH ASIAN FINANCIAL LTD

# ਸਾਊਥ ਏਸ਼ੀਅਨ ਫ਼ਾਈਨੈਂਸ਼ੀਅਲ ਲਿਮ.

## Welcome to South Asian Financial

*We, at South Asian Financial, strive not only to be the best in the industry by being the leader in client care, but also provide innovative financial solutions. We do not categorize each purchase/finance/sale in one box as we understand that each and every one and circumstances are unique. Our innovative financial representatives will provide financing solutions to best suite your needs.*

*Let us help you with your financial needs, whether it's purchasing or selling your equipment. Make South Asian Financial your loyal financial companion in building your business.*

## ਸਾਊਥ ਏਸ਼ੀਅਨ ਫਾਈਨੈਂਸ਼ੀਅਲ 'ਚ ਸਵਾਗਤ ਹੈ

ਅਸੀਂ, ਸਾਊਥ ਏਸ਼ੀਅਨ ਫਾਈਨੈਂਸ਼ੀਅਲ ਨਾ ਸਿਰਫ਼ ਆਪਣੇ ਗਾਹਕਾਂ (ਕਲਾਇੰਟਸ) ਦੀਆਂ ਜ਼ਰੂਰਤਾਂ ਪੂਰੀਆਂ ਕਰਨ ਵਿਚ ਸਭ ਤੋਂ ਅੱਗੇ ਹਾਂ, ਸਗੋਂ ਉਨ੍ਹਾਂ ਨੂੰ ਨਵੇਂ ਤੇ ਬਿਹਤਰੀਨ ਹੱਲ ਵੀ ਮੁਹੱਈਆ ਕਰਾਉਂਦੇ ਹਾਂ। ਅਸੀਂ ਹਰੇਕ ਖ਼ਰੀਦ/ਫਾਇਨਾਂਸ/ਵੇਚ ਨੂੰ ਇਕੋ ਬਕਸੇ ਵਿਚ ਨਹੀਂ ਰੱਖਦੇ ਕਿਉਂਕਿ ਅਸੀਂ ਸਮਝਦੇ ਹਾਂ ਕਿ ਹਰੇਕ, ਹਰ ਇਕ ਲਈ ਤੇ ਹਰ ਹਾਲਾਤ ਵਿਲੱਖਣ ਹੁੰਦੇ ਹਨ। ਸਾਡੇ ਉਤਸ਼ਾਹੀ ਵਿੱਤੀ ਪ੍ਰਤੀਨਿਧ ਤੁਹਾਡੀਆਂ ਜ਼ਰੂਰਤਾਂ ਮੁਤਾਬਕ ਤੁਹਾਨੂੰ ਬਿਹਤਰ ਤੋਂ ਬਿਹਤਰ ਹੱਲ ਸੁਝਾਉਣਗੇ।

ਆਪਣੀਆਂ ਵਿੱਤੀ ਲੋੜਾਂ ਮੁਤਾਬਕ, ਭਾਵੇਂ ਤੁਸੀਂ ਕੋਈ ਖ਼ਰੀਦ ਕਰਨੀ ਹੈ ਜਾਂ ਤੁਸੀਂ ਕੋਈ ਸਾਮਾਨ ਵੇਚਣਾ ਹੈ, ਤੁਸੀਂ ਸਾਨੂੰ ਮਦਦ ਦਾ ਮੌਕਾ ਦਿਓ। ਆਪਣਾ ਕਾਰੋਬਾਰ ਵਧਾਉਣ ਵਿਚ ਸਾਊਥ ਏਸ਼ੀਅਨ ਫਾਇਨਾਸ਼ੀਅਲ ਨੂੰ ਆਪਣਾ ਸੱਚਾ ਵਿੱਤੀ ਸਹਾਇਕ ਬਣਾਓ।

## Why South Asian Financial

- *Loyal Financial Companion*
- *Innovative financing/solutions*
- *Quick turnaround time/approvals*
- *Competitive rates*
- *Excellent client care*
- *Down payment assistance*
- *Finance and/or sell your equipment*

## ਸਾਊਥ ਏਸ਼ੀਅਨ ਫਾਈਨੈਂਸ਼ੀਅਲ ਹੀ ਕਿਉਂ !

- ਭਰੋਸੇਮੰਦ ਵਿੱਤੀ ਸਾਥੀ
- ਉਤਸ਼ਾਹੀ ਫਾਇਨਾਂਸ/ਹੱਲ
- ਤੁਰੰਤ ਨਵੀਂ ਨੀਤੀ ਧਾਰਕ/ਮਨਜ਼ੂਰੀਆਂ
- ਮੁਕਾਬਲਾ ਦਰਾਂ
- ਬਿਹਤਰੀਨ ਗਾਹਕ ਸਹੂਲਤਾਂ
- ਨਕਦ ਅਦਾਇਗੀ ਸਹਾਇਤਾ
- ਆਪਣੇ ਔਜਾਰ ਵੇਚਣ ਜਾਂ ਫਾਇਨਾਂਸ ਦੀ ਸਹੂਲਤ

## Available Financial Solutions

*Whether it's your first time purchasing/leasing your very first equipment or seeking to further expand your company, South Asian Financial is your loyal financial companion. We strive to be the best in the industry by providing innovative ways to help you achieve your financial needs.*

*South Asian Financial not only assist you in your purchases/leases (from construction, to office to medical equipments) but also will assist in many ways that other financial companies won't do. Our financial representatives are all experienced in the industry and have seen and experienced it all.*

*Contact us and let us show and prove to you what we can do. Let South Asian Financial be your loyal financial companion.*

## ਮੌਜੂਦ ਵਿੱਤੀ ਹੱਲ

ਭਾਵੇਂ ਤੁਸੀਂ ਪਹਿਲੀ ਵਾਰ ਆਪਣੇ ਔਜਾਰ ਖ਼ਰੀਦ ਜਾਂ ਲੀਜ਼ 'ਤੇ ਲੈ ਰਹੇ ਹੋ ਜਾਂ ਤੁਸੀਂ ਆਪਣੀ ਕੰਪਨੀ ਦਾ ਵਿਸਥਾਰ ਕਰਨਾ ਚਾਹੁੰਦੇ ਹੋ। ਸਾਊਥ ਏਸ਼ੀਅਨ ਫਾਈਨੈਂਸ਼ੀਅਲ ਤੁਹਾਡਾ ਭਰੋਸੇਮੰਦ ਵਿੱਤੀ ਸਾਥੀ ਹੈ। ਤੁਹਾਡੀਆਂ ਵਿੱਤੀ ਲੋੜਾਂ ਪੂਰੀਆਂ ਕਰਨ ਵਿਚ ਹਰ ਸੰਭਵ ਮਦਦ ਕਰਨ ਦੀ ਸਾਡੀ ਕੋਸ਼ਿਸ਼ ਰਹਿੰਦੀ ਹੈ।

ਸਾਊਥ ਏਸ਼ੀਅਨ ਫਾਈਨੈਂਸ਼ੀਅਲ ਨਾ ਸਿਰਫ਼ ਖ਼ਰੀਦ/ਲੀਜ਼ (ਨਿਰਮਾਣ ਕਾਰਜਾਂ ਤੋਂ ਲੈ ਕੇ ਦਫ਼ਤਰ ਤੇ ਮੈਡੀਕਲ ਔਜਾਰ) ਵਿਚ ਤੁਹਾਡੀ ਮਦਦ ਕਰਦਾ ਹੈ, ਸਗੋਂ ਹੋਰਨਾਂ ਕੰਮਾਂ ਵਿਚ ਵੀ ਤੁਹਾਨੂੰ ਸਹਿਯੋਗ ਕਰੇਗਾ ਜੋ ਦੂਜੀਆਂ ਵਿੱਤੀ ਕੰਪਨੀਆਂ ਨਹੀਂ ਕਰਦੀਆਂ। ਇਸ ਖੇਤਰ ਵਿਚ ਸਾਡੇ ਸਾਰੇ ਪ੍ਰਤੀਨਿਧ ਬੇਹੱਦ ਤਜਰਬੇਕਾਰ ਹਨ।

ਸਾਡੇ ਨਾਲ ਸੰਪਰਕ ਕਰੋ ਅਤੇ ਸਾਨੂੰ ਆਪਣਾ ਬਿਹਤਰੀਨ ਕੰਮ ਦਿਖਾਉਣ ਦਾ ਮੌਕਾ ਦਿਓ। ਸਾਊਥ ਏਸ਼ੀਅਨ ਫਾਈਨੈਂਸ਼ੀਅਲ ਨੂੰ ਆਪਣਾ ਸੱਚਾ, ਭਰੋਸਾਮੰਦ ਸਾਥੀ ਬਣਾਓ।



## For More info Contact South Asian Financial

ਵਧੇਰੇ ਜਾਣਕਾਰੀ ਲਈ ਸਾਊਥ ਏਸ਼ੀਅਨ ਫਾਈਨੈਂਸ਼ੀਅਲ ਨਾਲ ਸੰਪਰਕ ਕਰੋ:

*Toll Free:1-877-816-3510*
www.southasianfinancial.com
1819 67 St, Edmonton, AB T6X 0L9

*Alan Ajit Walia*
780-995-2719 (Cell)
Suit 104-10525 170 St. Edmonton

*Email: info@southasianfinancial.com*

## ਸਫ਼ਾ 17 ਦੀ ਬਾਕੀ

# ਮੋਦੀ ਦੀ ਜਿੱਤ....

ਮੋਦੀ ਜਦੋਂ ਕਹਿੰਦਾ ਹੈ ਕਿ 'ਮਜ਼ਦੂਰ' ਦੀ ਤਰ੍ਹਾਂ ਸੇਵਾ ਕਰੇਗਾ ਤਾਂ ਉਸ ਦਾ ਮਤਲਬ ਇਹੀ ਹੁੰਦਾ ਹੈ ਕਿ ਉਹ ਆਪਣੇ ਆਕਾਵਾਂ ਦੀ ਸੇਵਾ ਕਰਨ ਵਿਚ ਜੀਅ-ਜਾਨ ਲਾ ਦੇਵੇਗਾ, ਜਿਵੇਂ ਕਿ ਉਸ ਨੇ ਗੁਜਰਾਤ ਵਿਚ ਕੀਤਾ ਹੈ।

ਇਹ ਵੀ ਸਹੀ ਹੈ ਕਿ ਧਾਰਮਕ ਘੱਟ ਗਿਣਤੀਆਂ ਨੂੰ ਇਕ 'ਆਤੰਕ ਰਾਜ' ਤਹਿਤ ਦੂਜੇ ਦਰਜੇ ਦੇ ਨਾਗਰਿਕ ਬਣ ਕੇ ਜੀਊਣਾ ਹੋਵੇਗਾ। ਗੁਜਰਾਤ ਵਿਚ 2002 ਦੇ ਕਤਲੇਆਮ ਤੋਂ ਬਾਅਦ ਦੰਗੇ ਨਹੀਂ ਹੋਏ ਕਿਉਂਕਿ ਹੁਣ ਉਸ ਦੀ ਜ਼ਰੂਰਤ ਹੀ ਨਹੀਂ ਸੀ। ਉਥੇ ਘੱਟ ਗਿਣਤੀਆਂ ਨੂੰ ਬੁਰੀ ਤਰ੍ਹਾਂ ਦਬਾ ਕੇ, ਉਨ੍ਹਾਂ ਦੀ ਸਥਿਤੀ ਬਿਲਕੁਲ ਦੂਜੇ ਦਰਜੇ ਦੀ ਬਣਾ ਦਿੱਤੀ ਗਈ ਹੈ। ਇਹੀ 'ਗੁਜਰਾਤ ਮਾਡਲ' ਦੇਸ਼ ਭਰ ਵਿਚ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਦਲਿਤਾਂ ਦਾ ਸ਼ੋਸ਼ਣ ਬੁਲੰਦੀ ਛੂਹੇਗਾ।

ਆਉਣ ਵਾਲੇ ਸਮੇਂ ਵਿਚ ਮੋਦੀ ਦੀਆਂ ਆਰਥਕ ਨੀਤੀਆਂ ਦਾ ਬੁਲਡੋਜ਼ਰ ਜਦੋਂ ਚਲੇਗਾ ਤਾਂ ਅਵਾਮ ਵਿਚ ਵੱਧਣ ਵਾਲੇ ਅਸੰਤੋਸ਼ ਨੂੰ ਭਟਕਾਉਣ ਲਈ ਸੰਪਰਦਾਇਕ ਅਤੇ ਜਾਤੀਗਤ ਆਧਾਰ 'ਤੇ ਮਿਹਨਤਕਸ਼ ਜਨਤਾ ਨੂੰ ਵੰਡ ਕੇ ਉਸ ਦੀ ਵਰਗੀ ਇਕਜੁਟਤਾ ਨੂੰ ਜ਼ਿਆਦਾ ਤੋਂ ਜ਼ਿਆਦਾ ਤੋੜਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਦੇਸ਼ ਦੇ ਅੰਦਰ ਹੀ ਅਸਲੀ ਦੁਸ਼ਮਣਾਂ ਤੋਂ ਧਿਆਨ ਭਟਕਾਉਣ ਲਈ ਗੁੱਸੇ ਵਿਚ ਅੰਧ-ਰਾਸ਼ਟਰਵਾਦੀ ਨਾਅਰੇ ਦਿੱਤੇ ਜਾਣਗੇ ਅਤੇ ਸਰਹੱਦਾਂ 'ਤੇ ਤਣਾਅ ਪੈਦਾ ਕੀਤਾ ਜਾਵੇਗਾ। ਸੰਘ ਪਰਿਵਾਰ ਅਤੇ ਪੂੰਜੀਪਤੀ ਵਰਗ ਨਹੀਂ ਚਾਹੇਗਾ ਕਿ ਅਜੇ ਦੰਗੇ ਭੜਕਣ ਤਾਂਕਿ ਉਦਯੋਗ-ਵਪਾਰ ਵਿਚ ਕੋਈ ਰੁਕਾਵਟ ਨਾ ਆਵੇ, ਤਾਂ ਵੀ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਨ੍ਹਾਂ ਦੁਆਰਾ ਹੀ ਪੈਦਾ ਕੀਤੇ ਗਏ ਮਾਹੌਲ ਵਿਚ ਇਨ੍ਹਾਂ ਦੇ ਅਣਗਿਣਤ ਗਰਮ ਮਿਜਾਜ਼ ਸੰਗਠਨਾਂ ਦੀ ਹਿੰਸਾ ਕਾਰਨ ਦੰਗੇ ਸ਼ੁਰੂ ਹੋ ਜਾਣ।

ਯਕੀਨਨ ਹੀ ਫਾਸੀਵਾਦੀ ਮਾਹੌਲ ਵਿਚ ਕ੍ਰਾਂਤੀਕਾਰੀ ਸ਼ਕਤੀਆਂ ਦੇ ਪ੍ਰਚਾਰ ਅਤੇ ਸੰਗਠਨ ਦੇ ਕੰਮਾਂ ਦੀ ਜਨਵਾਦੀ ਸਪੇਸ ਸੁੰਗੜ ਜਾਵੇਗੀ ਪਰ ਇਸ ਦਾ ਦੂਜਾ ਪੱਖ ਇਹ ਹੋਵੇਗਾ ਕਿ ਨਵਉਦਾਰਵਾਦੀ ਨੀਤੀਆਂ ਦੇ ਬੇਰੋਕਟੋਕ ਹੋਰ ਤੇਜ਼ ਅਮਲ ਅਤੇ ਹਰ ਪ੍ਰਤੀਰੋਧ ਨੂੰ ਕੁਚਲਣ ਦੀ ਕੋਸ਼ਿਸ਼ ਦੇ ਚਲਦਿਆਂ ਮਜ਼ਦੂਰ ਵਰਗ ਅਤੇ ਸਮੁੱਚੀ ਮਿਹਨਤਕਸ਼ ਜਨਤਾ ਰੀੜਹੀਣ ਗੁਲਾਮਾਂ ਦੀ ਤਰ੍ਹਾਂ ਸਭ ਕੁਝ ਝੱਲਦੀ ਨਹੀਂ ਰਹੇਗੀ। ਅੰਤ ਕਦੇ ਨਾ ਕਦੇ ਤਾਂ ਉਹ ਸੜਕਾਂ 'ਤੇ ਉਤਰੇਗੀ। ਵਿਆਪਕ ਮਜ਼ੂਦਰ ਉਭਾਰਾਂ ਦੀਆਂ ਪ੍ਰਸਥਿਤੀਆਂ ਤਿਆਰ ਹੋਣਗੀਆਂ। ਜੇਕਰ ਇਨ੍ਹਾਂ ਦੀ ਅਗਵਾਈ ਕਰਨ ਵਾਲੀਆਂ ਕ੍ਰਾਂਤੀਕਾਰੀ ਸ਼ਕਤੀਆਂ ਤਿਆਰ ਰਹਿਣਗੀਆਂ ਅਤੇ ਸਾਹਸ ਦੇ ਨਾਲ ਅਜਿਹੇ ਉਭਾਰਾਂ ਵਿਚ ਸ਼ਾਮਲ ਹੋ ਕੇ ਉਸ ਦੀ ਅਗਵਾਈ ਆਪਣੇ ਹੱਥਾਂ ਵਿਚ ਲੈਣਗੀਆਂ ਤਾਂ ਕ੍ਰਾਂਤੀਕਾਰੀ ਸੰਕਟ ਦੀਆਂ ਉਨ੍ਹਾਂ ਸੰਭਾਵਤ ਪ੍ਰਸਥਿਤੀਆਂ ਵਿਚ ਵਧੀਆ ਤੋਂ ਵਧੀਆ ਵਰਤੋਂ ਕਰ ਕੇ ਸੰਘਰਸ਼ ਨੂੰ ਵਿਆਪਕ ਬਣਾਉਣ ਅਤੇ ਸਹੀ ਦਿਸ਼ਾ ਦੇਣ ਦਾ ਕੰਮ ਕੀਤਾ ਜਾ ਸਕੇਗਾ। ਆਪਣੇ ਦੇਸ਼ ਵਿਚ ਅਤੇ ਪੂਰੀ ਦੁਨੀਆ ਵਿਚ ਬੁਰਜੂਆ ਜਨਵਾਦ ਦਾ ਖੋਰ ਅਤੇ ਨਵ ਫਾਸੀਵਾਦੀ ਤਾਕਤਾਂ ਦਾ ਉਭਾਰ ਦੂਰਦਰਸ਼ੀ ਦੇ ਤੌਰ 'ਤੇ ਨਵੀਆਂ ਕ੍ਰਾਂਤੀਕਾਰੀ ਸੰਭਾਵਨਾਵਾਂ ਦੇ ਵਿਸਫ਼ੋਟ ਦੀ ਦਿਸ਼ਾ ਵਿਚ ਵੀ ਸੰਕੇਤ ਕਰ ਰਿਹਾ ਹੈ।

ਆਉਣ ਵਾਲਾ ਸਮਾਂ ਮਿਹਨਤਕਸ਼ ਜਨਤਾ ਅਤੇ ਕ੍ਰਾਂਤੀਕਾਰੀ ਸ਼ਕਤੀਆਂ ਲਈ ਕਠਿਨ ਅਤੇ ਚੁਣੌਤੀਪੂਰਨ ਹੈ। ਸਾਨੂੰ ਰਾਜ ਸੱਤਾ ਦੇ ਦਮਨ ਦਾ ਹੀ ਨਹੀਂ, ਸੜਕਾਂ 'ਤੇ ਫਾਸੀਵਾਦੀ ਗੁੰਡਾ ਗਿਰੋਹਾਂ ਦਾ ਵੀ ਸਾਹਮਣਾ ਕਰਨ ਲਈ ਤਿਆਰ ਰਹਿਣਾ ਪਵੇਗਾ। ਰਸਤਾ ਸਿਰਫ਼ ਇਕ ਹੈ। ਸਾਨੂੰ ਜ਼ਮੀਨੀ ਪੱਧਰ 'ਤੇ ਗ਼ਰੀਬਾਂ ਅਤੇ ਮਜ਼ਦੂਰਾਂ ਵਿਚਕਾਰ ਆਪਣਾ ਆਧਾਰ ਮਜ਼ਬੂਤ ਕਰਨਾ ਹੋਵੇਗਾ, ਬਿਖ਼ਰੀ ਹੋਈ ਮਜ਼ਦੂਰ ਆਬਾਦੀ ਨੂੰ ਜੁਝਾਰੂ ਯੂਨੀਅਨਾਂ ਵਿਚ ਸੰਗਠਤ ਕਰਨ ਤੋਂ ਇਲਾਵਾ ਉਨ੍ਹਾਂ ਦੇ ਵੱਖ-ਵੱਖ ਜਨ ਸੰਗਠਨ, ਮੰਚ, ਜੁਝਾਰੂ ਸਮਾਜ ਸੇਵਕ ਦਸਤੇ, ਚੌਕਸੀ ਦਸਤੇ ਆਦਿ ਤਿਆਰ ਕਰਨੇ ਹੋਣਗੇ। ਅੱਜ ਜੋ ਵੀ ਖੱਬੇਪੱਖੀ ਜਨਵਾਦੀ ਸ਼ਕਤੀਆਂ ਅਸਲ ਵਿਚ ਫਾਸੀਵਾਦੀ ਚੁਣੌਤੀਆਂ ਨਾਲ ਜੂਝਣ ਦਾ ਜਜ਼ਬਾ ਅਤੇ ਹਿੰਮਤ ਰਖਦੀਆਂ ਹਨ, ਉਨ੍ਹਾਂ ਨੂੰ ਛੋਟੇ-ਛੋਟੇ ਮਤ ਭੇਦ ਭੁਲਾ ਕੇ ਇਕਜੁੱਟ ਹੋ ਜਾਣਾ ਚਾਹੀਦਾ ਹੈ। ਸਾਨੂੰ ਭੁੱਲਣਾ ਨਹੀਂ ਚਾਹੀਦਾ ਕਿ ਇਤਿਹਾਸ ਵਿਚ ਮਜ਼ਦੂਰ ਵਰਗ ਦੀ ਫ਼ੌਲਾਦੀ ਮੁੱਠੀ ਨੇ ਹਮੇਸ਼ਾ ਹੀ ਫਾਸੀਵਾਦ ਨੂੰ ਚਕਨਾਚੂਰ ਕੀਤਾ ਹੈ। ਆਉਣ ਵਾਲਾ ਸਮਾਂ ਵੀ ਇਸ ਦਾ ਅਪਵਾਦ ਨਹੀਂ ਹੋਵੇਗਾ। ਸਾਨੂੰ ਆਪਣੀ ਭਰਪੂਰ ਤਾਕਤ ਨਾਲ ਇਸ ਦੀ ਤਿਆਰੀ ਵਿਚ ਲੱਗ ਜਾਣਾ ਚਾਹੀਦਾ ਹੈ।



ਪੰਜਾਬੀ ਅਨੁਵਾਦ
ਮਹਿੰਗਾ ਸਿੰਘ
+91-99883-34213
mehangasingh78@gmail.com

## ਸਫ਼ਾ 16 ਦੀ ਬਾਕੀ

# ਚੋਣ ਨਤੀਜੇ ਤੇ...

ਸੀ.ਪੀ.ਆਈ.(ਐਮ) ਦੀ ਏਥੇ ਇਹ ਪ੍ਰਾਪਤੀ ਅੱਜ ਤੱਕ ਦੀ ਸਭ ਤੋਂ ਹੇਠਲੀ ਸੀਮਾ ਹੈ। ਖੱਬੇ ਮੋਰਚੇ ਦੀਆਂ ਦੋ ਰਵਾਇਤੀ ਧਿਰਾਂ-ਆਰ.ਐਸ.ਪੀ. ਅਤੇ ਫਾਰਵਰਡ ਬਲਾਕ, ਤਾਂ ਇਕ ਵੀ ਸੀਟ ਨਹੀਂ ਜਿੱਤ ਸਕੀਆਂ। ਇਹਨਾਂ ਨਤੀਜਿਆਂ ਦੇ ਫਲਸਰੂਪ ਸੀ.ਪੀ.ਆਈ. ਦੀ ਹੀ ਨਹੀਂ ਬਲਕਿ ਸੀ.ਪੀ.ਆਈ.(ਐਮ) ਦੀ ਕੌਮੀ ਪਾਰਟੀ ਵਜੋਂ ਮਾਨਤਾ ਵੀ ਖਤਰੇ ਦੇ ਖੇਤਰ ਵਿਚ ਚਲੀ ਗਈ ਦਿਖਾਈ ਦਿੰਦੀ ਹੈ। ਇਹ ਸਾਰੇ ਤੱਥ ਖੱਬੀਆਂ ਸ਼ਕਤੀਆਂ ਲਈ ਨਿਸ਼ਚੇ ਹੀ ਗੰਭੀਰ ਚਿੰਤਾ ਦਾ ਵਿਸ਼ਾ ਹਨ ਅਤੇ ਡੂੰਘੇ ਆਤਮ ਚਿੰਤਨ ਦੀ ਮੰਗ ਕਰਦੇ ਹਨ। ਇਹਨਾਂ ਚੋਣਾਂ ਤੋਂ ਪਹਿਲਾਂ "ਆਮ ਆਦਮੀ ਪਾਰਟੀ" ਬਾਰੇ ਵੀ ਦੇਸ਼ ਭਰ ਵਿਚ ਨਵੀਆਂ ਉਮੀਦਾਂ ਉਭਰੀਆਂ ਸਨ। ਕਾਂਗਰਸ ਤੇ ਭਾਜਪਾ ਦੇ ਟਾਕਰੇ ਵਿਚ ਇਹ ਪਾਰਟੀ ਦੇਸ਼ ਭਰ ਵਿਚ ਤੀਜੇ ਸਿਆਸੀ ਬਦਲ ਵਜੋਂ ਲੋਕਾਂ ਸਾਹਮਣੇ ਉਭਰੀ ਸੀ ਅਤੇ ਇਸਨੇ ਵੀ 434 ਉਮੀਦਵਾਰ ਚੋਣਾਂ ਦੇ ਮੈਦਾਨ ਵਿਚ ਉਤਾਰੇ ਸਨ। ਪ੍ਰੰਤੂ ਪੰਜਾਬ ਤੋਂ ਬਿਨਾਂ ਬਾਕੀ ਸਾਰੇ ਹੀ ਪ੍ਰਾਂਤਾਂ ਅੰਦਰ ਇਸ ਪਾਰਟੀ ਦੇ ਪੱਲੇ ਵੀ ਨਿਰਾਸ਼ਾ ਹੀ ਪਈ ਹੈ। ਪੰਜਾਬ ਅੰਦਰ ਅਕਾਲੀ-ਭਾਜਪਾ ਸਰਕਾਰ ਦੇ ਮਾਫੀਆ-ਰਾਜ ਤੋਂ ਅੱਕੇ ਹੋਏ ਲੋਕਾਂ ਨੂੰ ਜ਼ਰੂਰ 'ਆਮ ਆਦਮੀ ਪਾਰਟੀ' ਵਿਚ ਇਕ ਚੰਗੀ ਆਸ ਦੀ ਕਿਰਨ ਦਿਖਾਈ ਦਿੱਤੀ ਜਾਪਦੀ ਹੈ। ਏਥੇ, ਲੋਕਾਂ ਉਪਰ ਟੈਕਸਾਂ ਦੇ ਵਧੇ ਭਾਰ, ਪ੍ਰਾਂਤ ਅੰਦਰ ਨਸ਼ਿਆਂ ਦੀ ਹੋਈ ਭਰਮਾਰ, ਪ੍ਰਸ਼ਾਸ਼ਨਿਕ ਭਰਿਸ਼ਟਾਚਾਰ, ਮਹਿੰਗਾਈ, ਅਤੇ ਸਿਆਸੀ ਧੱਕੇਸ਼ਾਹੀਆਂ ਤੋਂ ਤੰਗ ਆਏ ਹੋਏ ਲੋਕਾਂ ਨੇ ਕਾਂਗਰਸ ਦੀ ਕੇਂਦਰੀ ਸਰਕਾਰ ਤੇ ਅਕਾਲੀ-ਭਾਜਪਾ ਦੀ ਰਾਜ ਸਰਕਾਰ, ਦੋਵਾਂ ਵਿਰੁੱਧ ਹੀ ਜ਼ੋਰਦਾਰ ਫਤਵਾ ਦਿੱਤਾ ਹੈ ਅਤੇ ਆਮ ਆਦਮੀ ਪਾਰਟੀ ਨੂੰ ਆਪ ਮੁਹਾਰੇ 25% ਦੀ ਵੱਡੀ ਹੱਦ ਤੱਕ ਵੋਟਾਂ ਪਾਈਆਂ ਹਨ ਅਤੇ 4 ਸੀਟਾਂ ਵੀ ਜਿਤਾਈਆਂ ਹਨ।

ਇਸ ਤਰ੍ਹਾਂ ਕੁਲ ਮਿਲਾਕੇ, ਇਹ ਚੋਣ ਨਤੀਜੇ ਭਾਵੇਂ ਭਾਜਪਾ ਤੇ ਉਸਦੇ ਜੋਟੀਦਾਰ ਕੁਝ ਪੇਸ਼ਾਵਰ ਰਾਜਸੀ ਲੁਟੇਰਿਆਂ ਲਈ ਤਾਂ ਬਹੁਤ ਉਤਸ਼ਾਹਜਨਕ ਹਨ ਪ੍ਰੰਤੂ ਦੇਸ਼ ਦੇ ਵਡੇਰੇ ਹਿੱਤਾਂ ਲਈ, ਵਿਸ਼ੇਸ਼ ਤੌਰ 'ਤੇ ਸੈਕੂਲਰ ਤੇ ਜਮਹੂਰੀ ਸੰਵਿਧਾਨਕ ਢਾਂਚੇ ਲਈ ਅਤੇ ਮਿਹਨਤਕਸ਼ ਲੋਕਾਂ ਲਈ ਡੂੰਘੀ ਚਿੰਤਾ ਦਾ ਵਿਸ਼ਾ ਹਨ। ਇਹਨਾਂ ਚੋਣ ਨਤੀਜਿਆਂ ਦੇ ਫਲਸਰੂਪ ਦੇਸ਼ ਅੰਦਰ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਨਵੀਂ ਸਰਕਾਰ ਹੋਂਦ ਵਿਚ ਆ ਗਈ ਹੈ। ਇਸ ਸਰਕਾਰ ਨੂੰ ਸਾਂਸਦਾਂ ਦੇ ਸਮਰਥਨ ਦੇ ਪੱਖੋਂ ਦੇਖਿਆ ਜਾਵੇ ਤਾਂ ਲਾਜ਼ਮੀ ਇਹ ਵਧੇਰੇ ਸਥਿਰ ਸਰਕਾਰ ਦਿਖਾਈ ਦਿੰਦੀ ਹੈ। ਪ੍ਰੰਤੂ ਜਿਥੋਂ ਤੱਕ ਇਸ ਸਰਕਾਰ ਦੀਆਂ ਕਾਰਜ ਸੇਧਾਂ ਅਤੇ ਉਹਨਾਂ ਅਨੁਸਾਰ ਹੋਣ ਵਾਲੀ ਭਵਿੱਖੀ ਕਾਰਗੁਜ਼ਾਰੀ ਦਾ ਸਬੰਧ ਹੈ, ਇਸ ਦੇ ਵਿਵਾਦਪੂਰਨ ਹੋਣ ਬਾਰੇ ਬਹੁਤੇ ਸੰਦੇਹ ਦੀ ਸੰਭਾਵਨਾ ਨਹੀਂ ਹੈ। ਕਿਉਂਕਿ, ਰਾਜਗੱਦੀ ਨੂੰ ਸੰਭਾਲਣ ਸਮੇਂ ਭਾਜਪਾ ਦੇ ਆਗੂ ਭਾਵੇਂ ਜਿੰਨੇ ਮਰਜ਼ੀ ਲੱਛੇਦਾਰ ਤੇ ਜਜ਼ਬਾਤੀ ਭਾਸ਼ਨ ਕਰੀ ਜਾਣ, ਅਤੇ ਝੂਠੇ ਤੇ ਗੁੰਮਰਾਹਕੁੰਨ ਦਾਅਵੇ ਵੀ ਜਿੰਨੇ ਮਰਜ਼ੀ ਕਰੀ ਜਾਣ, ਇਸ ਸਰਕਾਰ ਦੀਆਂ ਪਹੁੰਚਾਂ ਬਾਰੇ ਦੋ ਪੂਰਬ ਅਨੁਮਾਨ ਲਾਉਣੇ ਉਕਾ ਹੀ ਮੁਸ਼ਕਲ ਨਹੀਂ ਹਨ। ਪਹਿਲਾ : ਇਸ ਸਰਕਾਰ ਦੀਆਂ ਸਮੁੱਚੀਆਂ ਸਿਆਸੀ ਪਹੁੰਚਾਂ ਉਪਰ, ਵਿਸ਼ੇਸ਼ ਤੌਰ 'ਤੇ ਸਮਾਜਿਕ ਤੇ ਸਭਿਆਚਾਰਕ ਖੇਤਰਾਂ ਵਿਚ ਆਰ.ਐਸ.ਐਸ.ਦੀ ਪਿਛਾਖੜੀ ਵਿਚਾਰਧਾਰਕ ਸਮਝਦਾਰੀ ਲਾਜ਼ਮੀ ਹਾਵੀ ਰਹੇਗੀ। ਜਿਸ ਨਾਲ ਦੇਸ਼ ਅੰਦਰ ਫਿਰਕੂ ਵਾਤਾਵਰਨ ਨਿਰੰਤਰ ਵਧੇਰੇ ਗੰਧਲਾ ਹੁੰਦਾ ਜਾਵੇਗਾ ਅਤੇ ਭਾਰਤੀ ਸੰਵਿਧਾਨ ਦੀਆਂ ਜਮਹੂਰੀ ਤੇ ਸੈਕੁਲਰ ਵਿਵਸਥਾਵਾਂ ਨੂੰ ਲਾਜ਼ਮੀ ਢਾਅ ਲੱਗੇਗੀ। ਭਾਜਪਾ ਦੇ ਆਗੂਆਂ ਵਲੋਂ ਰਾਜਤੰਤਰ ਨੂੰ ਸੰਘ ਪਰਿਵਾਰ ਦੇ ਪ੍ਰਛਾਵਿਆਂ ਤੋਂ ਮੁਕਤ ਰੱਖਣ ਦੇ ਕੀਤੇ ਜਾ ਰਹੇ ਸਾਰੇ ਦਾਅਵੇ ਪੂਰੀ ਤਰ੍ਹਾਂ ਫਰੇਬੀ ਹਨ। ਇਹ ਇਕ ਸਥਾਪਤ ਸੱਚ ਹੈ ਕਿ ਰਾਜ ਕਰਦੀ ਪਾਰਟੀ ਦੀ ਵਿਚਾਰਧਾਰਾ ਨੇ ਹਰ ਥਾਂ ਪ੍ਰਸ਼ਾਸ਼ਨ ਉਪਰ ਭਾਰੂ ਰਹਿਣਾ ਹੀ ਹੁੰਦਾ ਹੈ। ਏਥੇ ਇਸ ਦਾ ਅਰਥ ਲਾਜ਼ਮੀ ਪਿਛਾਖੜੀ ਤੇ ਜਮਹੂਰੀਅਤ ਵਿਰੋਧੀ ਪ੍ਰਭਾਵਾਂ ਦੇ ਰੂਪ ਵਿਚ ਹੋਵੇਗਾ। ਸਿਆਸੀ ਤੇ ਪ੍ਰਸ਼ਾਸਨਿਕ ਪਹੁੰਚਾਂ ਰਾਸ਼ਟਰਵਾਦ ਤੋਂ ਅੰਧ-ਰਾਸ਼ਟਰਵਾਦ, ਤਰਕਸ਼ੀਲਤਾ ਤੋਂ ਅੰਧ-ਵਿਸ਼ਵਾਸ ਅਤੇ ਲੋਕ-ਤਾਂਤਰਿਕ ਤੋਂ ਤਾਨਾਸ਼ਾਹੀ ਵੱਲ ਵਧਦੀਆਂ ਜਾਣਗੀਆਂ, ਜੇਕਰ ਜਨਸਮੂਹਾਂ ਵਲੋਂ ਸ਼ਕਤੀਸ਼ਾਲੀ ਪ੍ਰਤੀਰੋਧ ਰਾਹੀਂ ਇਹਨਾਂ ਪਿਛਾਖੜੀ ਰੁਝਾਨਾਂ ਨੂੰ ਅਸਰਦਾਰ ਰੋਕਾਂ ਨਾ ਲਾਈਆਂ ਗਈਆਂ।

ਦੂਜਾ : ਇਹ ਅਨੁਮਾਨ ਲਾਉਣਾ ਵੀ ਕੋਈ ਮੁਸ਼ਕਲ ਨਹੀਂ ਹੈ ਕਿ ਇਸ ਨਵੀਂ ਸਰਕਾਰ ਦੇ ਆਰਥਕ ਨਿਰਣਿਆਂ ਉਪਰ ਸਾਮਰਾਜੀ ਛਾਪ ਵਧੇਰੇ ਗੂੜ੍ਹੀ ਹੁੰਦੀ ਜਾਵੇਗੀ ਤੇ ਮਜ਼ਬੂਤ ਰੰਗ ਦਿਖਾਵੇਗੀ। ਸਾਮਰਾਜ ਨਿਰਦੇਸ਼ਤ ਨਵਉਦਾਰਵਾਦੀ ਨੀਤੀਆਂ ਉਪਰ ਪਹਿਰਾਬਰਦਾਰੀ ਕਰਨ ਦੇ ਪੱਖੋਂ ਕਾਂਗਰਸ ਪਾਰਟੀ ਤੇ ਭਾਜਪਾ ਵਿਚਕਾਰ ਪਹਿਲਾਂ ਹੀ ਕੋਈ ਮਤਭੇਦ ਨਹੀਂ ਹਨ। ਇਸ ਲਈ ਸਾਮਰਾਜੀ ਸੰਸਾਰੀਕਰਨ ਦੇ ਦਬਾਅ ਹੇਠ ਏਥੇ ਵਿਦੇਸ਼ੀ ਵਿੱਤੀ ਪੂੰਜੀ (649) ਨੂੰ ਹੋਰ ਖੁੱਲ੍ਹਾਂ ਮਿਲਦੀਆਂ ਜਾਣੀਆਂ ਹਨ। ਜਿਹਨਾਂ ਦੇ ਸਿੱਟੇ ਵਜੋਂ ਰੁਜ਼ਗਾਰ ਦੇ ਵਸੀਲਿਆਂ ਉਪਰ ਹੋਰ ਵਧੇਰੇ ਕਰੂਰ ਵਦਾਣੀ ਸੱਟਾਂ ਵੱਜਣਗੀਆਂ ਅਤੇ ਲੰਬੇ ਪ੍ਰੀਪੇਖ ਵਿਚ ਮਹਿੰਗਾਈ ਵੀ ਵਧੇਗੀ ਤੇ ਭਰਿਸ਼ਟਾਚਾਰ ਵੀ। ਰੁਜ਼ਗਾਰ ਦੀ ਸੁਰੱਖਿਆ ਨਿਸ਼ਚੇ ਹੀ ਘਟੇਗੀ ਤੇ ਅਰਧ ਬੇਰੁਜ਼ਗਾਰੀ (ਠੇਕਾ ਭਰਤੀ ਤੇ ਅਪ੍ਰੈਂਟਿਸਸ਼ਿਪ ਦੇ ਰੂਪ ਵਿਚ) ਵਧੇਗੀ। ਦੇਸ਼ ਦੇ ਕੁਦਰਤੀ ਵਸੀਲਿਆਂ ਦੀ ਦੇਸੀ ਤੇ ਵਿਦੇਸ਼ੀ ਕੰਪਨੀਆਂ ਵਲੋਂ ਲੁੱਟ ਚੋਂਘ ਹੋਰ ਤਿੱਖੀ ਹੋਵੇਗੀ, ਸਮਾਜਿਕ ਖੇਤਰ ਵਿਚਲੀਆਂ ਸੇਵਾਵਾਂ, ਸਿੱਖਿਆ, ਸਿਹਤ ਸਹੂਲਤਾਂ, ਸਮਾਜਿਕ ਸੁਰੱਖਿਆ ਆਦਿ ਹੋਰ ਮਹਿੰਗੀਆਂ ਹੋਣਗੀਆਂ ਅਤੇ ਕਿਰਤੀ ਲੋਕਾਂ ਦੀ ਮੰਦਹਾਲੀ ਹੋਰ ਵਧੇਗੀ। ਅਸਲ ਵਿਚ ਪੂੰਜੀਵਾਦੀ ਵਿਕਾਸ ਦੇ ਅਜੋਕੇ ਪੜ੍ਹਾਅ 'ਤੇ ਇਹਨਾਂ ਨਵਉਦਾਰਵਾਦੀ ਨੀਤੀਆਂ 'ਤੇ ਚਲਦਿਆਂ ਨਾ ਕੁਲ ਘਰੇਲੂ ਉਤਪਾਦ (74♦) ਵਿਚ ਵਾਧੇ ਦੀ ਦਰ ਨੂੰ ਸਥਿਰਤਾ ਮਿਲ ਸਕਦੀ ਹੈ ਅਤੇ ਨਾ ਹੀ ਜਨਸਮੂਹਾਂ ਲਈ ਕਿਸੇ ਵੀ ਤਰ੍ਹਾਂ ਦੀਆਂ ਅਸਰਦਾਰ ਤੇ ਕਲਿਆਣਕਾਰੀ ਯੋਜਨਾਵਾਂ ਦੇ ਦਰ ਖੋਹਲੇ ਜਾ ਸਕਦੇ ਹਨ। ਇਸ ਲਈ ਇਹਨਾਂ ਹਾਲਤਾਂ ਵਿਚ, ਆਮ ਲੋਕਾਂ ਵਾਸਤੇ "ਚੰਗੇ ਦਿਨ ਆਉਣ ਵਾਲੇ ਹਨ" ਦੇ ਸੁਪਨੇ ਸਾਕਾਰ ਹੋਣ ਦੀ ਉੱਕਾ ਹੀ ਕੋਈ ਗੁੰਜਾਇਸ਼ ਨਹੀਂ। ਹਾਂ! ਇਹ ਸਰਕਾਰ ਮੁੱਠੀ ਭਰ ਧਨਾਢਾਂ ਤੇ ਕਾਰਪੋਰੇਟ ਘਰਾਣਿਆਂ ਵਾਸਤੇ ਜ਼ਰੂਰ ਪਹਿਲਾਂ ਨਾਲੋਂ ਵੀ ਵੱਧ 'ਚੰਗੇ ਦਿਨ' ਲਿਆ ਸਕਦੀ ਹੈ।

ਇਸ ਸਥਿਤੀ ਵਿਚ, ਦੇਸ਼ ਅੰਦਰ ਲੋਕ ਪੱਖੀ ਇਨਕਲਾਬੀ ਤਬਦੀਲੀ ਲਈ ਜੂਝ ਰਹੀਆਂ ਖੱਬੀਆਂ ਸ਼ਕਤੀਆਂ ਦੇ ਸਨਮੁੱਖ ਬਹੁਤ ਹੀ ਕਠੋਰ ਚੁਣੌਤੀਆਂ ਉਭਰਦੀਆਂ ਸਪੱਸ਼ਟ ਦਿਖਾਈ ਦੇ ਰਹੀਆਂ ਹਨ। ਇਹ ਵੀ ਪ੍ਰਤੱਖ ਦਿਖਾਈ ਦੇ ਰਿਹਾ ਹੈ ਕਿ ਫਿਰਕੂ ਤੇ ਵੰਡਵਾਦੀ ਸ਼ਕਤੀਆਂ ਦੇ ਕਹਿਰ ਨੂੰ ਅਤੇ ਲੋਕਾਂ ਦੀਆਂ ਜੀਵਨ ਹਾਲਤਾਂ ਉਪਰ ਹੋਣ ਵਾਲੇ ਨਵੇਂ ਆਰਥਕ ਹਮਲਿਆਂ ਨੂੰ ਰੋਕਣ ਵਾਸਤੇ ਹੁਣ ਪਹਿਲਾਂ ਵਰਗੇ ਰਵਾਇਤੀ ਚੁਣਾਵੀ ਗੰਢਤੁਪ ਨੇ ਕੋਈ ਕੰਮ ਨਹੀਂ ਦੇਣਾ। ਇਸ ਮੰਤਵ ਲਈ ਤਾਂ ਲਾਜ਼ਮੀ ਤੌਰ 'ਤੇ ਮੌਜੂਦਾ ਸਾਮਰਾਜ ਨਿਰਦੇਸ਼ਤ ਆਰਥਕ ਨੀਤੀਆਂ ਦੇ ਟਾਕਰੇ ਲਈ ਇਕ ਬੱਝਵਾਂ, ਵਿਵਹਾਰਕ ਤੇ ਲੋਕ ਪੱਖੀ ਨੀਤੀਗਤ ਆਰਥਕ ਬਦਲ ਉਭਾਰਨਾ ਪਵੇਗਾ ਅਤੇ ਉਸ ਦੀ ਪ੍ਰਾਪਤੀ ਲਈ ਜਨਸਮੂਹਾਂ ਨੂੰ ਬੱਝਵੇਂ ਤੇ ਨਿਰੰਤਰ ਸੰਘਰਸ਼ਾਂ ਦੇ ਪਿੜ ਵਿਚ ਉਤਾਰਨਾ ਪਵੇਗਾ। ਅਜੇਹੇ ਵਿਸ਼ਾਲ ਤੇ ਦਰਿੜਤਾ ਭਰਪੂਰ ਸੰਘਰਸ਼ਾਂ ਰਾਹੀਂ ਹੀ ਦੇਸ਼ ਅੰਦਰ ਅਜੇਹੀ ਕਾਰਗਰ ਲੋਕ-ਸ਼ਕਤੀ ਦਾ ਨਿਰਮਾਣ ਕੀਤਾ ਜਾ ਸਕਦਾ ਹੈ ਜਿਹੜੀ ਕਿ ਅਜੋਕੀ ਜਾਬਰ ਰਾਜ ਸ਼ਕਤੀ, ਲਹੂਪੀਣੀ ਧੰਨਸ਼ਕਤੀ ਤੇ ਬਾਹੂਬਲੀਆਂ ਦੀ ਗੁੰਡਾਗਰਦੀ ਦਾ ਟਾਕਰਾ ਕਰਨ ਤੇ ਇਹਨਾਂ ਸਾਰੀਆਂ ਸ਼ਕਤੀਆਂ ਨੂੰ ਭਾਂਜ ਦੇਣ ਦੇ ਸਮਰੱਥ ਹੋ ਸਕਦੀ ਹੈ। ਇਸ ਲਈ, ਦੇਸ਼ ਦੀ ਖੱਬੀ ਧਿਰ ਵਾਸਤੇ ਅੱਜ ਲੋੜਾਂ ਦੀ ਲੋੜ ਇਹ ਹੈ ਕਿ ਪ੍ਰਸਪਰ ਵਿਚਾਰ ਵਟਾਂਦਰੇ ਰਾਹੀਂ ਇਨਕਲਾਬੀ ਸੇਧ ਵਿਚ ਨਿਕਲਦੇ ਫੌਰੀ ਕਾਰਜਾਂ ਦੀ ਨਿਸ਼ਾਨਦੇਹੀ ਕੀਤੀ ਜਾਵੇ ਅਤੇ ਇਕਮੁੱਠ ਹੋ ਕੇ ਇਸ ਦਿਸ਼ਾ ਵਿਚ ਯੋਜਨਾਬੱਧ ਢੰਗ ਨਾਲ ਅਗਾਂਹ ਵਧਿਆ ਜਾਵੇ।

**ਲੇਖਕ ਸੀ.ਪੀ.ਐਮ. (ਪੰਜਾਬ) ਦੇ ਸੂਬਾਈ ਸਕੱਤਰੇਤ ਮੈਂਬਰ ਹਨ।**

## ਸਫ਼ਾ 1 ਦੀ ਬਾਕੀ

# ... ਸਵੈ-ਇੱਛਤ ਮੌਤ ਨੂੰ ਮਿਲੀ ਪ੍ਰਵਾਨਗੀ

ਕਨੇਡਾ ਦੀ ਸੁਪਰੀਮ ਕੋਰਟ ਇਸ ਮਾਮਲੇ 'ਤੇ ਨਜ਼ਰਸਾਨੀ ਕਰੇਗੀ ਕਿ ਕਾਨੂੰਨ 'ਕਿਧਰੇ ਕਸ਼ਟ ਝੱਲ ਰਹੇ ਬਿਮਾਰ ਬੰਦੇ ਦੇ ਮਰਨ ਦੇ ਹੱਕ' ਦੀ ਉਲੰਘਣਾ ਤਾਂ ਨਹੀਂ ਕਰਦਾ। ਬ੍ਰਿਟਿਸ਼ ਕੋਲੰਬੀਆ ਦੀ ਸਿਵਲ ਲਿਬਰਟੀਜ਼ ਐਸੋਸੀਏਸ਼ਨ ਨੇ ਇਹ ਮਸਲਾ ਅਦਾਲਤ 'ਚ ਉਦੋਂ ਲਿਆਂਦਾ ਜਦੋਂ ਕੇਂਦਰ ਸਰਕਾਰ ਨੇ ਹੇਠਲੀ ਅਦਾਲਤ ਤੋਂ ਇਸ ਕਾਨੂੰਨ ਵਿੱਚ ਤਰਮੀਮ ਕਰਨ ਲਈ ਇਕ ਸਾਲ ਦੀ ਮੋਹਲਤ ਲੈ ਲਈ ਸੀ। ਮੁੱਖ ਮੰਤਰੀ ਕੁਲਾਰਡ, ਜੋ ਖ਼ੁਦ ਇਕ ਨਿਊਰੋ ਸਰਜਨ ਹਨ, ਨੇ ਕਿਹਾ ਕਿ ਉਨ੍ਹਾਂ ਨੇ ਬਹੁਤੇ ਮਰੀਜ਼ ਦਰਦ ਨਾਲ ਤੜਫਦੇ ਵੇਖੇ ਹਨ ਜੋ ਜੀਣਾ ਤਾਂ ਚਾਹੁੰਦੇ ਹਨ ਪਰ ਪੀੜ ਨਾ ਝੱਲਦੇ ਹੋਏ ਮੌਤ ਮੰਗਦੇ ਹਨ। ਉਨ੍ਹਾਂ ਕਿਹਾ ਕਿ ਕਨੇਡਾ ਸਰਕਾਰ ਨੂੰ ਵੀ ਕਾਨੂੰਨ ਵਿੱਚ ਤਰਮੀਮ ਕਰ ਲੈਣੀ ਚਾਹੀਦੀ ਹੈ। ਹਾਲਾਂਕਿ ਕੇਂਦਰ ਦੀ ਹੁਕਮਰਾਨ ਪਾਰਟੀ ਕੰਜ਼ਰਵੇਟਿਵ ਦੇ ਐਮ.ਪੀ. ਸਟੀਵਨ ਫਲੈਚਰ ਨੇ 'ਮਰਜ਼ੀ ਦੀ ਮੌਤ' ਦੇ ਹੱਕ ਵਿੱਚ ਦੋ ਨਿੱਜੀ ਮਤੇ ਸੰਸਦ ਵਿੱਚ ਪੇਸ਼ ਕੀਤੇ। ਦੂਜੇ ਪਾਸੇ ਕੁਝ ਧਾਰਮਕ ਗਰੁੱਪਾਂ ਅਤੇ ਕਿਊਬਕ ਦੀ ਸਰਕਾਰ ਨੇ ਇਸ ਪ੍ਰਸਤਾਵਿਤ ਮਤੇ ਦੀ ਖ਼ਿਲਾਫ਼ਤ ਕੀਤੀ। ਉਨ੍ਹਾਂ ਇਹ ਤਰਕ ਦਿੱਤਾ ਕਿ ਅਜਿਹਾ ਕਰਨਾ ਮੁਲਕ ਦੇ ਅਪਰਾਧਕ ਕੋਡ ਤਹਿਤ ਨਾਜ਼ਾਇਜ ਹੈ।

# 'ਆਪ' ਦੀਆਂ ਮੁਸਬੀਤਾਂ ਵਧੀਆਂ

ਪਾਰਟੀ ਦੇ ਸੀਨੀਅਰ ਨੇਤਾ ਜੋਗਿੰਦਰ ਯਾਦਵ ਨੇ ਪਾਰਟੀ ਦੀ ਰਾਜਨੀਤਕ ਮਾਮਲਿਆਂ ਦੀ ਕਮੇਟੀ (ਪੀ.ਏ.ਸੀ.) ਨੂੰ ਪੱਤਰ ਲਿਖ ਕੇ ਅਰਵਿੰਦ ਕੇਜਰੀਵਾਲ ਦੇ ਵਨ ਮੈਨ ਸ਼ੋਅ 'ਤੇ ਸਵਾਲ ਖੜੇ ਕੀਤੇ ਹਨ। ਉਨ੍ਹਾਂ ਨੇ ਪੁੱਛਿਆ ਹੈ ਕਿ ਕੇਜਰੀਵਾਲ ਪਾਰਟੀ ਵਿਚ ਨੰਬਰ ਇਕ ਹਨ ਪਰ ਉਨ੍ਹਾਂ 'ਤੇ ਕੌਣ ਨਜ਼ਰ ਰੱਖੇਗਾ। ਇਸ ਦੌਰਾਨ ਕੇਜਰੀਵਾਲ ਨੇ ਟਵੀਟ ਕੀਤਾ, "ਜੋਗਿੰਦਰ ਯਾਦਵ ਚੰਗੇ ਦੋਸਤ ਅਤੇ ਅਹਿਮ ਸਹਿਯੋਗੀ ਹਨ। ਉਨ੍ਹਾਂ ਨਾਲ ਲੰਮੀ ਗੱਲਬਾਤ ਹੋਈ ਹੈ। ਜੋਗਿੰਦਰ ਯਾਦਵ ਨੇ ਕੁਝ ਮੁੱਦੇ ਚੁੱਕੇ ਹਨ ਅਤੇ ਅਸੀਂ ਉਨ੍ਹਾਂ 'ਤੇ ਧਿਆਨ ਦੇਵਾਂਗੇ।" ਕੇਜਰੀਵਾਲ ਨੇ ਇਕ ਟਵੀਟ ਵਿਚ ਇਹ ਵੀ ਕਿਹਾ ਕਿ ਪਾਰਟੀ ਸ਼ਾਜੀਆ ਇਲਮੀ ਨੂੰ ਵਾਪਸ ਲੈਣ ਲਈ ਹਰ ਸੰਭਵ ਕੋਸ਼ਿਸ਼ ਕਰੇਗੀ। ਜ਼ਿਕਰਯੋਗ ਹੈ ਕਿ ਕੇਜਰੀਵਾਲ ਨੇ ਪਾਰਟੀ ਛੱਡ ਕੇ ਗਈ ਸ਼ਾਜੀਆ ਇਲਮੀ ਨੂੰ ਵਾਪਸ ਲੈਣ ਦੀਆਂ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ ਹਨ।

## ਸਫ਼ਾ 3 ਦੀ ਬਾਕੀ

# ਕਨੇਡਾ ਦੇ ਮੂਲ ਵਾਸੀਆਂ ਨੇ...

ਇਸ ਤੋਂ ਇਕ ਦਿਨ ਪਹਿਲਾਂ ਕਾਮਾਗਾਟਾਮਾਰੂ ਹੈਰੀਟੇਜ ਫਾਊਂਡੇਸ਼ਨ ਨੇ ਇਸ ਸਾਰੇ ਕਾਂਡ ਨੂੰ ਮੁੜ ਜੀਵੰਤ ਰੂਪ ਵਿੱਚ ਪੇਸ਼ ਕੀਤਾ। ਇਸ ਨੇ ਇਕ ਛੋਟਾ ਸਮੁੰਦਰੀ ਜਹਾਜ਼ ਲਿਆ ਤੇ ਬੁਰਾਡ ਲਾਂਗੇਟ ਜਿੱਥੇ 1914 ਵਿੱਚ ਦੋ ਮਹੀਨੇ ਇਹ ਜਹਾਜ਼ ਧੱਕੇ ਨਾਲ ਰੱਖਿਆ ਗਿਆ ਸੀ, ਉਥੋਂ ਤੱਕ ਦੀ ਯਾਤਰਾ ਕੀਤੀ ਗਈ। ਇਸ ਮਗਰੋਂ ਇਸ ਸਾਰੇ ਇਕੱਠ ਦਾ ਮੁਸਕੀਮ ਕਬੀਲੇ ਦੇ ਲੋਕਾਂ ਨੇ ਸ਼ਾਨਦਾਰ ਸਵਾਗਤ ਕੀਤਾ। ਸਰੀ ਵਿੱਚ ਪ੍ਰੋ. ਮੋਹਨ ਸਿੰਘ ਯਾਦਗਾਰੀ ਫਾਊਂਡੇਸ਼ਨ ਨੇ ਮੋਮਬੱਤੀਆਂ ਬਾਲੀਆਂ। ਭਾਵੇਂ ਹਾਰਪਰ ਨੇ 2008 ਵਿੱਚ ਇਨ੍ਹਾਂ ਦੇ ਮੇਲੇ ਵਿੱਚ ਮੁਆਫੀ ਮੰਗੀ ਸੀ ਪਰ ਲੋਕਾਂ ਦੀ ਮੰਗ ਹੈ ਕਿ ਕੈਨੇਡਾ ਦੀ ਪਾਰਲੀਮੈਂਟ ਵਿੱਚ ਇਹ ਮੁਆਫੀ ਸਰਕਾਰੀ ਤੌਰ 'ਤੇ ਮੰਗੀ ਜਾਵੇ।

Harjeet Sandhu
REALTOR
"Serving all your Real Estate needs"
ਕਿਸੇ ਵੀ ਪ੍ਰਕਾਰ ਦੀ ਜਾਇਦਾਦ ਵੇਚਣੀ ਜਾਂ ਖ੍ਰੀਦਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਭਰੋਸੇਯੋਗ ਰੀਅਲਟਰ ਹਰਜੀਤ ਸੰਧੂ ਨੂੰ ਮਿਲੋ ਜਾਂ ਫੋਨ ਕਰੋ ।
"CONVERTING YOUR DREAMS INTO REALITY"

(780) 233-3100
Friendly Service & Free Market Evaluation

To view Thousands of properties online visit:
www.harjeetsandhu.com
harjsandhu@gmail.com
Polaris
Realty Executives Polaris
Each Office Independently Owned and Operated
4107-99 St., Edmonton AB T6E 3N4
Tel: (780) 450-6300 (24hrs),
Fax: (780) 450-6670
REALTOR©
MLS
MULTIPLE LISTING SERVICE
Member - Edmonton Real Estate Board, Residential & Commercial Divsion

ਕਹਾਣੀ

# ਪੱਕੀ ਸੜਕ ਤੇ ਜ਼ਿਹਨ 'ਚ ਉੱਗੀਆਂ ਪਗਡੰਡੀਆਂ

ਬਲਬੀਰ ਪਰਵਾਨਾ
0181-2220290



ਕਾਰ ਨੂੰ ਜੀ ਟੀ ਰੋਡ ਤੋਂ ਲਾਹ ਕੇ ਆਪਣੇ ਪਿੰਡ ਨੂੰ ਜਾਣ ਵਾਲੀ ਲਿੰਕ ਸੜਕ 'ਤੇ ਪਾਇਆ ਤਾਂ ਰੰਮੀ ਨੇ ਕੰਨਾਂ 'ਚੋਂ ਈਅਰ-ਫੋਨ ਦੇ ਸਪੀਕਰ ਕੱਢ, ਮੇਰੇ ਵੱਲ ਮੂੰਹ ਕਰਦਿਆਂ ਕਿਹਾ, ''ਡੈਡ, ਮੈਨੂੰ ਇਸ ਗੱਲ ਦੀ ਸਮਝ ਨਹੀਂ ਆਉਂਦੀ ਕਿ ਇਹ ਪੁਲ ਕਿਉਂ ਬਣਿਆ ਹੋਇਆ ਹੈ?'' ਉਹ ਮੋੜ ਤੋਂ ਸੌ ਕੁ ਮੀਟਰ ਦੂਰੀ 'ਤੇ ਬਣੇ ਪੁਲ ਨੂੰ ਤੱਕ ਰਿਹਾ ਸੀ। ਪੁਲ ਦੇ ਦੋਹੀਂ ਪਾਸੀਂ ਭਖੇ ਹੋਏ ਵਾਹਨ ਸਨ, ਲਗਭਗ ਸਮਤਲ ਧਰਤੀ। ਨਾ ਕਿਸੇ ਪਾਸੇ ਕਿਸੇ ਨਾਲੇ ਦਾ ਨਿਸ਼ਾਨ ਦਿਸਦਾ ਸੀ, ਨਾ ਕੂਲ੍ਹ ਦਾ। ਕਿਤੇ ਸੇਮ ਦੀ ਸੀਰ ਵੀ ਰਿਸਦੀ ਨਹੀਂ ਸੀ ਦਿਸਦੀ। ਹੋਰ ਤਾਂ ਹੋਰ, ਦੋਹੀਂ ਪਾਸੀਂ ਪੁਲ ਦੇ ਮੂੰਹ ਤੱਕ ਧਰਤੀ ਇੰਜ ਕਰਾਹ ਕੇ ਸਮਤਲ ਕੀਤੀ ਹੋਈ ਸੀ, ਹਥੇਲੀ ਵਰਗੀ ਕਿ ਰਤਾ ਵੀ ਅਹਿਸਾਸ ਨਾ ਹੁੰਦਾ, 'ਇਥੇ ਕਦੀ ਕੋਈ ਚੋਅ ਜਾਂ ਕੂਲ੍ਹ ਹੋਵੇਗੀ।' ਫਿਰ ਇਹ ਪੁਲ ਕਾਹਦੇ ਲਈ? ਦੇਖਣ ਵਾਲਾ ਕੋਈ ਵੀ ਦੇਖ ਕੇ ਇਹੀ ਸੋਚੇਗਾ, 'ਹਾਂ, ਕਿਉਂ ਹੈ ਇਹ ਪੁਲ?' ਮੇਰੇ ਮਨ 'ਚ ਇਹ ਸੁਆਲ, ਇਸ ਤੋਂ ਪਹਿਲਾਂ ਕਦੀ ਨਹੀਂ ਸੀ ਸੁਲਗਿਆ। ਸ਼ਾਇਦ ਮੈਂ ਇਸ ਸਭ ਕੁਝ ਨੂੰ, ਇਸ ਦੇ ਹੁਣ ਤੱਕ ਦੇ ਵਿਕਾਸ-ਕ੍ਰਮ 'ਚੋਂ ਦੇਖਿਆ ਹੋਇਆ ਸੀ, ਪਰ ਰੰਮੀ... ਮੈਂ ਉਸ ਨੂੰ ਦੱਸਣ ਲੱਗਦਾ ਹਾਂ, 'ਇੱਥੇ ਬਹੁਤ ਵਿਸ਼ਾਲ ਛੰਭ ਹੁੰਦਾ ਸੀ...ਅਹੁ ਦੂਰ ਜਿਹੜੀ ਸਫ਼ੈਦਿਆਂ ਦੀ ਪਾਲ ਦਿੱਸਦੀ ਹੈ ਨਾ, ਇਸ ਜੀ.ਟੀ. ਰੋਡ ਤੋਂ ਲੈ ਕੇ ਉੱਥੋਂ ਤੱਕ ਛੰਭ ਸੀ, ਦਲਦਲ ਸੀ ਜਿਹੜੀ ਭਰ ਗਰਮੀਆਂ 'ਚ ਆ ਕੇ ਵੀ ਨਹੀਂ ਸੀ ਸੁੱਕਦੀ... ਬਰਸਾਤਾਂ 'ਚ ਤਾਂ ਇੱਥੇ ਹੜ੍ਹ ਵਾਂਗ ਪਾਣੀ ਫਿਰਦਾ ਹੁੰਦਾ...ਜੀ.ਟੀ. ਰੋਡ ਨਾਲ ਡਾਫ਼ ਲੱਗ ਕੇ, ਨਾਲ-ਨਾਲ ਪਾਣੀ ਦੀ ਤੇਜ਼ ਰੋਹੜ ਪੈਂਦੀ, ਜਿਹੜੀ ਅੱਗੋਂ ਦੱਖਣ ਵੰਨੀ ਜਾ ਕੇ ਚੋਈ 'ਚ ਰਲਦੀ ਹੁੰਦੀ ਸੀ...''

''ਰੰਮੀ, ਹੁਣ ਪਾਪਾ ਆਪਣੀਆਂ ਪਰੀ ਕਹਾਣੀਆਂ ਵਰਗੀਆਂ ਗੱਲਾਂ ਪਿੰਡ ਤੱਕ ਨਹੀਂ ਮੁਕਣ ਦੇਂਦੇ'', ਬੇਟੀ ਵਿਚੋਂ ਹੱਸ ਪਈ।

''ਸ਼ੁਕਰ ਹੈ ਇਸ ਨੇ ਕੰਨਾਂ 'ਚੋਂ 'ਟੂੰ ਟੂੰ' ਜਿਹੀ ਤਾਂ ਕੱਢੀ! ਪਤਾ ਨਹੀਂ ਇਹ ਥੱਕਦਾ ਕਿਉਂ ਨਹੀਂ? ਜਿਉਂ ਮੁਕੇਰੀਆਂ ਤੋਂ ਤੁਰੇ, ਉਦੋਂ ਦੀ ਨਾ ਕਿਸੇ ਨਾਲ ਗੱਲ, ਨਾ ਬਾਤ... ਨਾ ਆਸੇ ਪਾਸੇ ਦੀ ਕੋਈ ਖਬਰਸਾਰ।'' ਮਨਜੀਤ ਜਿਵੇਂ ਅੱਕੀ ਹੋਈ ਸੀ। ਉਸ ਨੇ ਇਕ ਅੱਧੀ ਵਾਰ ਰਾਹ 'ਚ ਉਸ ਨਾਲ ਗੱਲ ਛੇੜਨ ਦੀ ਕੋਸ਼ਿਸ਼ ਕੀਤੀ ਪਰ ਰੰਮੀ 'ਹੂੰ ਹਾਂ' ਕਰ ਆਪਣਾ ਮਿਊਜ਼ਕ ਸੁਣਨ 'ਚ ਮਸਤ ਰਿਹਾ ਸੀ ਤੇ ਤੇਜੀ 'ਕੰਪੀਟੀਸ਼ਨ ਰੀਵੀਊ' ਦੇ ਪੰਨਿਆਂ 'ਚ। ਮੈਂ ਡਰਾਈਵਿੰਗ ਵੇਲੇ ਆਪਣਾ ਧਿਆਨ ਇਧਰ-ਉਧਰ ਪੈਣ ਤੋਂ ਡਰਦਾ ਗੱਲਾਂ 'ਚ ਨਹੀਂ ਪੈਂਦਾ, ਖਾਸ ਕਰ ਕੇ ਜੀ.ਟੀ. ਰੋਡ 'ਤੇ। ਗੱਡੀਆਂ ਮੋਟਰਾਂ ਦਾ ਰਸ਼ ਇੰਨਾ ਹੋ ਗਿਆ ਹੈ ਤੇ ਫਿਰ ਹਰ ਕੋਈ ਇੰਨੀ ਤੇਜ਼ ਚਲਾਉਂਦਾ ਕਿ ਅੱਖ ਦੇ ਫੋਰ ਦੀ ਬੇਧਿਆਨੀ ਜਾਨ-ਲੇਵਾ ਸਾਬਤ ਹੋ ਸਕਦੀ ਹੈ! ਮੈਂ ਆਪ ਕਾਰ ਭਾਵੇਂ ਕਦੀ ਪੰਜਤਾਲੀ ਪੰਜਾਹ ਤੋਂ ਵੱਧ ਸਪੀਡ 'ਤੇ ਨਹੀਂ ਚਲਾਉਂਦਾ ਪਰ ਦੂਸਰਿਆਂ ਦਾ ਕੋਈ ਕੀ ਕਰੇ? ਇਹ ਤਾਂ ਹੁਣ ਲਿੰਕ ਸੜਕ 'ਤੇ ਆਉਣ ਕਰ ਕੇ ਜ਼ਿਹਨ 'ਚੋਂ ਤਣਾਅ ਘਟਿਆ ਹੈ। ਮੈਂ ਮਨਜੀਤ ਜਾਂ ਤੇਜੀ ਦੀਆਂ ਗੱਲਾਂ ਨੂੰ ਅਣਸੁਣਿਆਂ ਕਰ ਦਸਦਾ ਰਹਿੰਦਾ ਹਾਂ, ''ਬਰਸਾਤਾਂ 'ਚ ਇੱਥੇ ਇੰਨਾ ਪਾਣੀ ਹੋ ਜਾਂਦਾ ਸੀ, ਚਿੱਕੜ, ਦਲਦਲ ਕਿ ਅਸੀਂ ਸਕੂਲ ਨੂੰ ਜਾਂਦਿਆਂ ਪਿੰਡੋਂ ਪਜਾਮੇ ਮੋਢੇ 'ਤੇ ਰੱਖ ਕੇ ਆਉਂਦੇ ਸਾਂ। ਉਦੋਂ ਆਹ ਲਿੰਕ-ਰੋਡ ਪੱਕੀ ਕਿੱਥੇ ਹੁੰਦੀ ਸੀ? ਜੀ.ਟੀ. ਰੋਡ 'ਤੇ ਚੜ੍ਹਨ ਤੋਂ ਪਹਿਲਾਂ ਅਸੀਂ ਪਾਣੀ ਨਾਲ ਆਪਣੀਆਂ ਲੱਤਾਂ-ਬਾਹਾਂ ਤੋਂ ਚਿੱਕੜ-ਗਾਰਾ ਧੋਂਦੇ ਤੇ ਪਜਾਮੇ ਪਾਉਂਦੇ...ਸਾਡੇ ਪਿੰਡਾਂ ਵਲੋਂ ਆਉਣ ਵਾਲੇ ਸਾਰੇ ਮੁੰਡੇ-ਕੁੜੀਆਂ ਪੈਦਲ ਹੀ ਆਉਂਦੇ ਸਨ, ਖਾਸ ਕਰ ਕੇ ਬਰਸਾਤਾਂ 'ਚ। ਕੋਈ ਰਾਹ 'ਚ ਤਿਲਕ ਕੇ ਭਿੱਜ ਜਾਂਦਾ ਤਾਂ ਘਰ ਨੂੰ ਵੀ ਮੁੜ ਜਾਂਦਾ ਸੀ..।''

'ਫਿਰ ਤਾਂ ਮੌਜ ਸੀ..ਜਦੋਂ ਸਕੂਲ ਦਾ ਹੋਮਵਰਕ ਨਾ ਕੀਤਾ ਹੁੰਦਾ ਜਾਂ ਜਾਣ ਨੂੰ ਜੀਅ ਨਾ ਕਰੇ ਤਾਂ ਤਿਲਕ ਪਓ... ਬਣਿਆ ਬਣਾਇਆ ਬਹਾਨਾ!''

'ਤੇ ਤੁਸੀਂ ਹੁਣ ਕਿਹੋ ਜਿਹੇ ਬਹਾਨੇ ਘੜਦੇ ਓ!'' ਮੈਂ ਤੇਜੀ ਦੀ ਸੁਰ ਨੂੰ ਭਾਂਪਦਿਆਂ ਹੱਸ ਪਿਆ।

''ਤੁਸੀਂ ਤਾਂ ਮਗਰ ਹੀ ਪੈ ਜਾਂਦੇ ਹੋ ਗੱਲ ਦੇ!'' ਮਨਜੀਤ ਤਿੱਖੀ ਸੁਰ 'ਚ ਬੋਲੀ ਹਾਲਾਂਕਿ ਮੈਂ ਤੇਜੀ ਦੀ ਗੱਲ ਨੂੰ ਹਾਸੇ 'ਚ ਲਿਆ ਸੀ। ਉਸਦੇ ਮਨ ਦੀ ਤਿੱਖ ਦੇ ਪਿਛੋਕੜ ਦੀ ਕੁਝ-ਕੁਝ ਮੈਨੂੰ ਸਮਝ ਸੀ, ਕੁਝ ਕੁਝ ਆਭਾਸ ਵੀ। ਮੈਂ ਉਸ ਦੀ ਗੱਲ ਨੂੰ ਬੇਧਿਆਨੇ ਕਰ ਦਿੱਤਾ- ''ਆਹ ਲਾਈਨ ਹੈ ਨਾ ਜਿਹੜੀ ਸਫੈਦਿਆਂ ਦੀ...'', ਮੈਂ ਆਪਣੀ ਗੱਲ ਅਗਾਂਹ ਤੋਰੀ। ਇੰਨੇ ਚਿਰ ਨੂੰ ਕਾਰ ਅੱਧੇ ਪੌਣੇ ਕਿਲੋਮੀਟਰ ਦਾ ਸਫਰ ਤਹਿ ਕਰ ਸਫੈਦਿਆਂ ਵਾਲੀ ਉਸ ਵੱਟ ਤੱਕ ਪੁੱਜ ਗਈ ਸੀ, ਜਿੱਥੋਂ ਅੱਗੋਂ ਧਰਤੀ ਦੀ ਸਤਹਿ ਉਚੀ ਹੋਣੀ ਸ਼ੁਰੂ ਹੋ ਜਾਂਦੀ ਸੀ।

''ਪਾਪਾ, ਮੈਂ ਤੁਹਾਨੂੰ ਪੁਛਿਆ ਸੀ, ਪੁਲ ਕਾਹਦੇ ਲਈ ਬਣਿਆ ਹੋਇਆ, ਜਦੋਂ ਇੱਥੇ ਕੋਈ ਨਹਿਰ ਨਾਲਾ ਹੀ ਨਹੀਂ...ਤੁਸੀਂ ਹੋਰ ਹੀ ਆਪਣੀਆਂ ਯਾਦਾਂ ਸੁਣਾਉਣ ਲੱਗ ਪਏ ਹੋ। ਠੀਕ ਹੈ, ਪਾਣੀ ਸੀ ਤਾਂ ਪੁਲ ਬਣਾ ਦਿੱਤਾ। ਪਰ ਪਿਛਲੇ ਵੀਹ ਬਾਈ ਸਾਲਾਂ ਤੋਂ, ਮੈਂ ਜਦੋਂ ਵੀ ਆਇਆਂ, ਇਸ ਹੇਠੋਂ ਕਦੀ ਪਾਣੀ ਵਗਦਾ ਨਹੀਂ ਦੇਖਿਆ... ਹੁਣ ਜਦੋਂ ਪਾਣੀ ਹੀ ਨਹੀਂ ਤਾਂ...।''

''ਬੇਟਾ ਗੱਲ ਇਹ ਹੈ ਕਿ ਛੰਭ ਭਾਵੇਂ ਹੁਣ ਸੁੱਕ ਗਿਆ ਪਰ ਜਦੋਂ ਇਹ ਸੜਕ ਪੱਕੀ ਹੋਈ, ਉਦੋਂ ਕਿਸ ਨੂੰ ਚਿੱਤ-ਚੇਤੇ ਸੀ ਕਿ ਕਦੀ ਇੰਜ, ਇਸ ਜ਼ਮੀਨ ਦੇ ਸਿਆੜ ਵੀ ਪਾਣੀ ਦੀ ਤਿੱਪ-ਤਿੱਪ ਨੂੰ ਤਰਸਣਗੇ! ਇਹ ਪੁਲ ਛੰਭ ਦੇ ਪਾਣੀ ਨੂੰ ਦੱਖਣ-ਵੰਨੀ ਵਗਦੀ ਚੋਈ 'ਚ ਸੁੱਟਣ ਲਈ ਬਣਾਇਆ ਗਿਆ ਸੀ। ਸਾਡੇ ਪੜ੍ਹਦਿਆਂ-ਪੜ੍ਹਦਿਆਂ ਹੀ ਬਣੀ ਇਹ ਸੜਕ... ਨੌਵੀਂ-ਦੱਸਵੀਂ 'ਚ ਪੜ੍ਹਦਿਆਂ ਇਸ ਪੁਲ ਦੀਆਂ ਬੁਰਜੀਆਂ ਤੋਂ ਝੁੱਕ ਕੇ ਹੇਠਾਂ ਪਾਣੀ 'ਚ ਤਰਦੀਆਂ ਮੱਛੀਆਂ ਗਿਣਦੇ ਹੁੰਦੇ ਸਾਂ। ਫਿਰ ਚੋਈ ਦੀ ਥਾਂ ਡੂੰਘੀ ਡਰੇਨ ਪੁੱਟ ਦਿੱਤੀ ਗਈ ਪਿਛਿਓਂ ਪੰਦਰਾਂ-ਅਠਾਰਾਂ ਕਿਲੋਮੀਟਰ ਤੋਂ ਸ਼ੁਰੂ ਕਰ ਕੇ। ਇਸ ਨਾਲ ਇਹ ਸਾਰੀ ਸੇਮ ਜ਼ੀਰੀ ਗਈ। ਉਪਰੋਂ ਮੀਂਹ ਘੱਟ ਗਏ। ਰਹਿੰਦੀ ਕਸਰ ਆਏ ਟਰੈਕਟਰਾਂ ਨੇ ਕੱਢ ਦਿੱਤੀ। ਲੋਕਾਂ ਨੇ ਸਭ ਉੱਚੀਆਂ-ਨੀਵੀਂਆਂ ਥਾਵਾਂ ਕਰਾਹ ਕੇ ਇਕਸਾਰ ਕਰ ਲਈਆਂ, ਛੱਪੜ ਟੋਏ ਪੂਰ ਦਿੱਤੇ। ਜੇ ਹੁਣ ਇਹ ਸੜਕ ਬਣਦੀ, ਤਾਂ ਹੋ ਸਕਦਾ ਹੈ ਇੱਥੇ ਪੁਲ ਨਾ ਹੀ ਬਣਦਾ! ਇਹ ਵੀ ਹੋ ਸਕਦਾ ਹੈ ਕਾਗਜ਼ਾਂ 'ਚ ਇੱਥੇ ਛੰਭ ਦਾ ਵਹਿਣ ਲੱਗਿਆ ਹੋਵੇ। ਫਿਰ ਤਾਂ ਪੁਲ ਬਣਨਾ ਹੀ ਸੀ! ਕਿਉਂਕਿ ਸਰਕਾਰੀ ਕੰਮਕਾਰ ਸਥਿਤੀਆਂ ਅਨੁਸਾਰ ਨਹੀਂ, ਕਾਗਜ਼ਾਂ ਦੀ ਖਾਨਾ-ਪੂਰਤੀ ਅਨੁਸਾਰ ਵੱਧ ਹੁੰਦੇ ਹਨ...''

''ਹਾਂ, ਆਹ ਹੋਈ ਨਾ ਗੱਲ।'' ਰੰਮੀ ਮੁੜ ਕੰਨਾਂ 'ਚ ਈਅਰ-ਫੋਨ ਫਸਾਉਣ ਲੱਗਾ।

''ਤੁਸੀਂ ਮੇਰੀ ਵੀ ਧਿਆਨ ਨਾਲ ਸੁਣ ਲਓ। ਘਰ ਗੱਲ ਠੋਕ ਕੇ ਕਰਿਓ...ਐਵੇਂ ਨਾ ਲੋਲੋ-ਪੋਪੋ ਜਿਹੀ ਕਰ ਵਿਚ-ਵਿਚਾਲੇ ਭਟਕੀ ਜਾਇਓ।''

''ਤੈਨੂੰ ਕੀ ਲੱਗਦਾ ਹੈ ਕਿ ਮੈਂ ਪਹਿਲਾਂ ਕਦੀ ਗੱਲ ਹੀ ਨਹੀਂ ਕੀਤੀ? ਮਨਜੀਤ, ਮੈਨੂੰ ਅਫਸੋਸ ਹੈ ਕਿ ਤੂੰ ਸਥਿਤੀ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰਦੀ।''

''ਫਿਰ ਉਹੀ ਗੱਲ! ਜਦੋਂ ਤੁਹਾਡੇ ਮਨ 'ਚ ਹੀ ਨਹੀਂ ਪਈ ਇੰਜ ਕਰਨਾ ਹੈ, ਕੋਈ ਆਪਣੇ ਆਪ ਪਰੋਸ ਕੇ ਥੋੜ੍ਹਾ ਦੇ ਦੇਵੇਗਾ? ਤੁਸੀਂ ਬਣਾਈ ਰੱਖਿਓ ਘਰ ਦੀ ਇੱਜ਼ਤ, ਜਿਵੇਂ ਇਸ ਦਾ ਠੇਕਾ ਤੁਸੀਂ ਹੀ ਲੈ ਰੱਖਿਆ ਹੋਵੇ...ਹੋਰ ਕਿਸੇ ਨੂੰ ਕੋਈ ਫਰਕ ਨਹੀਂ...ਆਪਣੀ ਨੀਂਦੇ ਸੌਣ, ਆਪਣੀ ਨੀਂਦੇ ਜਾਗਣ! ਰਹਿ ਗਏ ਮਰਨ-ਖਪਣ ਨੂੰ ਅਸੀਂ।'' ਉਸ ਨੇ ਮੂੰਹ ਫੁਲਾ ਲਿਆ।

ਇਹ ਕੋਈ ਪਹਿਲੀ ਵਾਰ ਨਹੀਂ ਸੀ ਕਿ ਘਰ 'ਚ, ਆਪਣੇ ਹਿੱਸੇ ਦੀ ਜਾਇਦਾਦ ਨੂੰ ਲੈ ਕੇ ਤਲਖੀ ਹੋਈ ਸੀ। ਬਹੁਤ ਵਾਰ ਇਹ ਚਰਚਾ ਮੁੜ-ਮੁੜ ਸਿਰ ਚੁੱਕਦੀ ਤੇ ਹਰ ਵਾਰ ਹੀ ਮੂੰਹ ਫੁਲਾ ਕੇ ਇਕ ਦੂਸਰੇ ਨਾਲ ਰੋਸੇ ਪਾਲਣ ਤੋਂ ਬਿਨਾਂ ਕੋਈ ਹੱਲ ਨਾ ਨਿਕਲਦਾ ਦਿਸਦਾ। ਬਾਪ ਨੇ ਸਪਸ਼ਟ ਨਾਂਹ ਕਰ ਦਿੱਤੀ ਹੋਈ ਸੀ- ''ਜਿੰਨਾ ਚਿਰ ਮੈਂ ਜੀਊਂਦਾ ਹਾਂ, ਮੈਂ ਮਰਲਾ ਜ਼ਮੀਨ ਨਹੀਂ ਵੇਚਣੀ। ਮੇਰੇ ਮਰੇ ਤੋਂ ਭਾਵੇਂ ਉਸੇ ਦਿਨ ਵੇਚ ਦਿਓ।'' ਰਿਸ਼ਤੇਦਾਰਾਂ ਨੂੰ ਵਿਚ ਪਾਇਆ ਤਾਂ ਬਹੁਤ ਕਹਿਣ-ਸੁਣਨ 'ਤੇ ਉਸ ਨੇ ਇੰਨਾ ਕੀਤਾ ਸੀ ਕਿ ਜ਼ਮੀਨ ਦੇ ਤਿੰਨ ਹਿੱਸੇ ਕਰ ਕੇ, ਤੀਜੇ ਹਿੱਸੇ ਦੀ ਜ਼ਮੀਨ ਦੋ ਕਿੱਲੇ ਮੈਨੂੰ ਦੇ ਦਿੱਤੀ ਸੀ। ''ਦੋ ਕਿਲੇ ਸੋਖੇ ਦੇ, ਦੋ ਮੈਂ ਆਪ ਰੱਖ ਲਏ ਐ। ਸਾਡਾ ਆਪਣਾ ਰੋਟੀ-ਪਾਣੀ ਦਾ ਖ਼ਰਚ, ਫਿਰ ਕੁੜੀਆਂ ਦਾ ਕੋਈ ਦਿਨ-ਤਿਹਾਰ ਆਇਆ ਹੁੰਦਾ।'' ਮੈਨੂੰ ਠੀਕ ਹੀ ਲੱਗਿਆ ਸੀ। ''ਹੁਣ ਤੂੰ ਛੋਟੇ ਤੋਂ ਹੀ ਇਨ੍ਹਾਂ ਦਾ ਠੇਕਾ ਲੈ ਲਿਆ ਕਰ। ਹੋਰ ਨਹੀਂ ਤਾਂ ਉਸ ਨੂੰ ਤੂੜੀ ਪਰਾਲੀ ਹੀ ਬਚੀ ਰਹੂ- ਅੱਗੇ ਤੂੰ ਸਿਆਣਾ... ਉਹ ਵੀ ਉਦੋਂ। ਜੇ ਪੜ੍ਹਦਾ ਰਹਿੰਦਾ ਤਾਂ ਹੁਣ ਨੂੰ ਕਿਸੇ ਨੌਕਰੀ ਸਿਰ ਹੁੰਦਾ। ਪਰ ਦੋਹਾਂ ਦਾ ਖਰਚਾ ਚੁੱਕਣ ਜੋਗੀ ਵਿਤੋਂ ਨਹੀਂ ਸੀ ਉਦੋਂ। ਸੋਚਿਆ ਸੀ ਤੂੰ ਕਿਤੇ ਨੌਕਰੀ 'ਤੇ ਲੱਗ ਗਿਆ, ਇਹ ਘਰ ਦਾ ਕਰੀ ਚੱਲੂ...ਤੇਰੇ ਸਾਹਮਣੇ ਹੀ ਹੋਈਆਂ ਇਹ ਗੱਲਾਂ!''

...ਹਾਂ, ਉਦੋਂ ਮੈਂ ਬੀ ਐੱਡ 'ਚ ਦਾਖ਼ਲਾ ਲੈਣਾ ਸੀ ਜਦੋਂ ਸੋਖੇ ਨੇ ਪੱਲਸ-ਟੂ ਕੀਤੀ। ਅਗਾਂਹ ਕਾਲਜ 'ਚ ਦਾਖਲਾ ਲੈਣ ਦਾ ਸਵਾਲ ਆਇਆ ਤਾਂ ਬਾਪ ਨੇ ਦੋਹਾਂ ਭਰਾਵਾਂ ਨੂੰ ਕੋਲ ਬਿਠਾ ਲਿਆ, ''ਦੋਹਾਂ ਨੂੰ ਪੜ੍ਹਾਉਣ ਜੋਗੀ ਤੌਫ਼ੀਕ ਨਹੀਂ ਮੇਰੀ। ਸੋਖਿਆ, ਤੂੰ ਮੇਰੇ ਨਾਲ ਹਲਵਾਹੀ ਦਾ ਕੰਮ ਕਰਾ ਇਹ ਸਾਲ। ਇਹਦਾ ਤਾਂ ਅਖੀਰ ਆਇਆ ਪਿਆ...ਇਹ ਸਿਰੇ ਲੱਗ ਗਿਆ ਤਾਂ ਅਗਲੇ ਸਾਲ ਤੂੰ ਪੜ੍ਹਨ ਲੱਗ ਪਵੀਂ...ਇਕ ਸਾਲ ਨਾਲ ਕੋਈ ਫ਼ਰਕ ਨਹੀਂ ਪੈਣ ਲੱਗਿਆ।'' ਮੈਨੂੰ ਅੱਜ ਵੀ ਇਉਂ ਲੱਗਦਾ ਹੈ, ਜਿਵੇਂ ਇਹ ਗੱਲ ਅਜੇ ਕੱਲ ਹੀ ਵਾਪਰੀ ਹੋਵੇ। ਸੋਖਾ ਸਹਿਜੇ ਕੀਤੇ ਨਹੀਂ ਸੀ ਮੰਨਿਆ ਪਰ ਘਰ ਦੀ ਹਾਲਤ ਮੂਹਰੇ ਉਸ ਦੀ ਕੋਈ ਪੇਸ਼ ਵੀ ਨਹੀਂ ਸੀ ਗਈ।

ਅਗਲੇ ਸਾਲ ਮੈਥੋਂ ਛੋਟੀ ਸੁੱਖੀ ਦਾ ਵਿਆਹ ਧਰ ਲਿਆ ਸੀ, ਜਿਸ ਕਰ ਕੇ ਸੋਖੇ ਦਾ ਕਾਲਜ ਜਾਣਾ ਫਿਰ ਟਲ ਗਿਆ। ਉਸ ਤੋਂ ਬਾਅਦ ਤਾਂ ਉਸ ਨੇ ਜਿਵੇਂ ਆਪਣੀ ਹੋਣੀ ਨੂੰ ਮੰਨ ਹੀ ਲਿਆ ਸੀ ਕਿ ਸਿਰ ਸੁੱਟ ਕੇ ਖੇਤੀ ਦੇ ਕੰਮ 'ਚ ਜੁੱਟ ਗਿਆ। ਵਿਚ-ਵਿਚ ਕੁਝ ਧੁਰਲੀਆਂ ਇਧਰ-ਉਧਰ ਜ਼ਰੂਰ ਮਾਰਨ ਦੀ ਕੋਸ਼ਿਸ਼ ਕੀਤੀ ਸੀ। ਇਕ ਵਾਰ ਰੁੱਸ ਕੇ ਟਰੱਕ ਡਰਾਈਵਰੀ ਸਿੱਖਣ ਵੀ ਤੁਰ ਗਿਆ ਸੀ ਪਰ ਉੱਥੇ ਨਿੱਕੀ-ਨਿੱਕੀ ਗੱਲ ਤੋਂ ਡਰਾਈਵਰਾਂ ਦੀਆਂ ਕੱਢੀਆਂ ਮਾਵਾਂ-ਭੈਣਾਂ ਦੀਆਂ ਗਾਲਾਂ ਤੋਂ ਚਿੜ ਕੇ ਮੁੜ ਆਇਆ। ਬੀ ਐੱਡ ਤੋਂ ਬਾਅਦ ਮੈਂ ਪ੍ਰਾਈਵੇਟ ਸਕੂਲਾਂ 'ਚ ਧੱਕੇ ਖਾਣ ਲੱਗਾ। ਕਦੀ ਕਿਤੇ, ਕਦੀ ਕਿਤੇ। ਪੈਸੇ ਚਾਹੇ ਥੋੜ੍ਹੇ ਹੀ ਮਿਲਦੇ ਪਰ ਉਨ੍ਹਾਂ ਨਾਲ ਘਰ ਦਾ ਕੁਝ ਕੁ ਸਾਹ ਨਿਕਲਣ ਲੱਗਾ ਸੀ। ਪੰਜ-ਛੇ ਸਾਲ ਇੰਜ ਧੱਕੇ ਖਾਣ ਤੋਂ ਬਾਅਦ ਸਰਕਾਰੀ ਨੌਕਰੀ ਮਿਲੀ ਤਾਂ ਉਸੇ ਸਾਲ ਵਿਆਹ ਵੀ ਹੋ ਗਿਆ ਸੀ।

ਮਨਜੀਤ ਨੇ ਵੀ ਬੀ.ਐੱਡ ਕੀਤੀ ਹੋਈ ਸੀ ਪਰ ਪਿਛੋਂ ਉਸ ਦੀ ਡਿਗਰੀ ਨੂੰ ਲੈ ਕੇ ਰੇੜਕਾ ਪੈ ਗਿਆ। ਜੰਮੂ ਦੇ ਜਿਸ ਕਾਲਜ ਤੋਂ ਉਸ ਨੇ ਬੀ.ਐੱਡ ਕੀਤੀ ਸੀ, ਉਹ ਸਰਕਾਰ ਤੋਂ ਮਾਨਤਾ ਪ੍ਰਾਪਤ ਹੀ ਨਹੀਂ ਸੀ, ਜਿਸ ਕਾਰਨ ਉਸ ਦੀ ਡਿਗਰੀ ਕਾਗਜ਼ ਦਾ ਟੁਕੜਾ ਬਣ ਕੇ ਰਹਿ ਗਈ।

''ਆਪਾਂ ਸ਼ਹਿਰ 'ਚ ਰਹਿਣ ਲੱਗ ਪੈਂਦੇ ਹਾਂ। ਉੱਥੇ ਕਿਸੇ ਮਾਡਲ ਸਕੂਲ 'ਚ ਪੜ੍ਹਾਉਣ ਲੱਗ ਪਵਾਂਗੀ। ਫਿਰ ਸੌ ਟਿਊਸ਼ਨਾਂ ਮਿਲ ਜਾਂਦੀਆਂ।'' ਸ਼ਹਿਰ ਅਸੀਂ ਇਹੀ ਸੋਚ ਕੇ ਰਹਿਣ ਲੱਗੇ ਸਾਂ। ਪਰ ਜਿਉਂ ਇਕ ਵਾਰ ਥੋੜ੍ਹਾ ਬਹੁਤਾ ਸਾਮਾਨ ਚੁੱਕ ਸ਼ਹਿਰ ਦਾ ਰੁਖ ਕੀਤਾ, ਮੁੜ ਪਿੰਡ ਦਾ ਖਹਿੜਾ ਛੁੱਟਦਾ ਹੀ ਗਿਆ ਸੀ। ਪਿੰਡੋਂ ਫਸਲ ਦੀ ਫਸਲ ਖਾਣ ਜੋਗੇ ਦਾਣੇ ਆ ਜਾਂਦੇ। ਚਾਰ ਬੋਰੀਆਂ ਕਣਕ, ਇਕ ਬੋਰੀ ਬਾਸਮਤੀ ਦੇ ਚੌਲ ਛੜਾ ਕੇ, ਸਾਫ ਕਰਵਾ ਕੇ ਉਹ ਭੇਜ ਦਿੰਦੇ। ਇਹ ਰੂਟੀਨ ਬਣਿਆ ਰਿਹਾ ਬੜੇ ਸਾਲ, ਘਰ ਦੀ ਅੱਧ-ਪਚੱਧੀ ਵੰਡ ਵੰਡਾਈ ਹੋਣ ਤੱਕ।

ਇਸ ਵੰਡ-ਵੰਡਾਈ ਤੋਂ ਬਾਅਦ, ਪਹਿਲੇ ਦੋ ਸਾਲ ਤਾਂ ਜ਼ਮੀਨ ਸੋਖੇ ਕੋਲ ਹੀ ਠੇਕੇ 'ਤੇ ਰਹੀ। ਪਹਿਲੇ ਸਾਲ ਕਣਕ ਪੱਕਣ ਦੇ ਨੇੜੇ ਪੁੱਜੀ ਹੋਈ ਸੀ ਕਿ ਗੜ੍ਹੇ ਪੈ ਗਏ। ਫਸਲ ਬੁਰੀ ਤਰ੍ਹਾਂ ਮਾਰੀ ਗਈ। ਠੇਕਾ ਲੈਣ ਗਏ ਨੂੰ ਪੰਜ ਹਜ਼ਾਰ ਫੜਾ ਕੇ ਉਸ ਨੇ ਕਿਹਾ, ''ਭਾਅ, ਇਹ ਵੀ ਆਪਣੇ ਕੋਲੋਂ ਪਾ ਕੇ ਪੂਰੇ ਕਰ ਰਿਹਾਂ। ਸਮਝ ਲਿਆ ਕਿ ਤੂੜੀ ਪਰਾਲੀ ਦਾ ਮੁੱਲ ਪਾ ਲਿਆ..ਊਂ ਫਸਲ ਤਾਂ ਏਨੇ ਦੀ ਵੀ ਨਹੀਂ ਹੋਈ।'' ਉਸ ਕੋਲ ਸਾਢੇ ਚਾਰ ਹਜ਼ਾਰ ਕਿੱਲੇ ਦੇ ਹਿਸਾਬ ਠੇਕਾ ਸੀ। ਨੌ ਹਜ਼ਾਰ ਦੀ ਬਜਾਏ ਜਦੋਂ ਪੰਜ ਹਜ਼ਾਰ ਬਾਰੇ ਆ ਕੇ ਮਨਜੀਤ ਨੂੰ ਦੱਸਿਆ ਤਾਂ ਉਸ ਦਾ ਪਾਰਾ ਚੜ੍ਹ ਗਿਆ ਸੀ। ਫਿਰ ਝੋਨੇ ਨੂੰ ਔੜ ਲੱਗ ਗਈ ਤੇ ਉਸ 'ਚ ਘਾਹ ਬਹੁਤ ਪੈ ਗਿਆ। ਜਦੋਂ ਅਗਲੀ ਵਾਰ ਵੀ ਠੇਕਾ ਉਸ ਨੇ ਦੋ ਹਜ਼ਾਰ ਘਟਾ ਕੇ ਦਿੱਤਾ, ਮਨਜੀਤ ਅੱਗ ਬਬੂਲਾ ਹੋ ਗਈ ਸੀ, ''ਨਾ ਜੇ ਫਸਲ ਚੰਗੀ ਲੱਗ ਗਈ ਤਾਂ ਉਹ ਉਸ 'ਚੋਂ ਵੀ ਸਾਨੂੰ ਵੱਧ ਪੈਸੇ ਦੇਵੇਗਾ..ਕਿਸੇ ਨੂੰ ਇਹ ਵੀ ਲੱਗਿਆ ਕਦੇ ਕਿ ਕਿਵੇਂ ਗੁਜ਼ਾਰਾ ਕਰਦੇ ਰਹੇ ਹੋਣਗੇ ਇੰਨੇ ਵਰ੍ਹੇ... ਕਣਕ ਚੌਲਾਂ ਤੋਂ ਬਿਨਾਂ ਨਵੇਂ ਪੈਸੇ ਦੇ ਵੀ ਰਵਾਦਾਰ ਰਹੇ ਤਾਂ ਘਰ 'ਚੋਂ... ਹੁਣ ਜ਼ਮੀਨ ਦਾ ਤੀਜਾ ਹਿੱਸਾ ਦਿੱਤਾ ਤੇ ਉਸ ਦਾ ਵੀ ਠੇਕਾ ਪੂਰਾ ਨਹੀਂ..ਇਨ੍ਹਾਂ ਨੂੰ ਅੱਗੋਂ ਦੇਣੀ ਹੀ ਨਹੀਂ। ਹੋਰ ਕਿਸੇ ਨੂੰ ਦਿਓ, ਜਿਹੜਾ ਠੇਕੇ ਦੇ ਪੈਸੇ ਪਹਿਲਾਂ ਦੇਵੇ!'' ਬੜਾ ਔਖਾ ਹੋਇਆ ਸੀ ਬਾਪ, ਜਦੋਂ ਠੇਕਾ ਸੈਣੀਆਂ ਦੇ ਸ਼ਿਵ ਸਿੰਘ ਨੂੰ ਦਿੱਤਾ ਸੀ...

''ਪਾਪਾ, ਇਸ ਪਿੰਡ ਨਾਲ ਨਹੀਂ ਜੁੜੀ ਹੋਈ ਤੁਹਾਡੀ ਕੋਈ ਯਾਦ...'', ਸਾਹਮਣੇ ਸੜਕ ਦੇ ਵਿਚਾਲੇ ਤੁਰੀਆਂ ਜਾ ਰਹੀਆਂ ਮੱਝਾਂ ਨੂੰ ਪਾਸੇ ਕਰਨ ਲਈ, ਮੈਂ ਵਾਰ ਵਾਰ ਹਾਰਨ ਮਾਰ ਰਿਹਾ ਸਾਂ ਪਰ ਉਨ੍ਹਾਂ 'ਤੇ ਕੋਈ ਅਸਰ ਹੀ ਨਹੀਂ ਸੀ ਹੋ ਰਿਹਾ। ਕਾਰ ਤੀਹ ਪੈਂਤੀ ਫੁੱਟ ਉਨ੍ਹਾਂ ਦੇ ਪਿੱਛੇ, ਉਨ੍ਹਾਂ ਦੀ ਚਾਲ ਜਿੰਨੀ ਹੀ ਤੁਰੀ ਕਿ ਫਿਰ ਪਿਛਿਓਂ ਤੇਰਾਂ ਚੌਦਾਂ ਵਰ੍ਹਿਆਂ ਦੀ ਇਕ ਕੁੜੀ ਨੇ ਆ ਕੇ, ਉਨ੍ਹਾਂ ਨੂੰ ਡੰਡੇ ਨਾਲ ਦਬਕਾ ਕੇ ਪਾਸੇ ਕੀਤਾ।

''ਦੇਖ, ਇਨ੍ਹਾਂ ਸੜਕਾਂ 'ਤੇ ਮੇਰਾ ਬਚਪਨ ਬੀਤਿਆ ਹੈ, ਜਵਾਨੀ ਵਾਲੇ ਵਰ੍ਹੇ ਬੀਤੇ ਹਨ, ਬੇਰੁਜ਼ਗਾਰੀ ਵਾਲੇ ਵਰ੍ਹਿਆਂ ਦੀ ਧੂੜ ਫੱਕੀ ਹੈ...ਇੱਥੇ ਦੇ ਤਾਂ ਇੰਚ-ਇੰਚ ਨਾਲ ਮੇਰੀਆਂ ਯਾਦਾਂ ਹੋਣਗੀਆਂ, ਉਵੇਂ ਹੀ ਜਿਵੇਂ ਤੁਹਾਡੀਆਂ ਮੁਕੇਰੀਆਂ ਦੇ ਸਕੂਲਾਂ, ਕਾਲਜਾਂ, ਗਲੀਆਂ, ਬਾਜ਼ਾਰਾਂ, ਪਾਰਕਾਂ ਨਾਲ ਜੁੜੀਆਂ ਹੋਈਆਂ ਹਨ।'' ਹਾਂ, ਸਕੂਲ ਤੱਕ ਪੁਜਦਾ ਇਹ ਰਾਹ, ਇਹ ਲਿੰਕ ਰੋਡ ਮੇਰੇ ਲਈ ਸਿਰਫ ਇਕ ਸੜਕ ਨਹੀਂ ਹੈ। ਜੀਊਣ ਦਾ ਸਲੀਕਾ ਵੀ ਹੈ, ਇਕ ਪਰੰਪਰਾ, ਸੁਪਨਿਆਂ ਦੇ ਦਿਸਹੱਦਿਆਂ ਦਾ ਸੁਪਨਈ ਆਕਾਸ਼ ਵੀ। ਗਿਆਰਾਂ-ਬਾਰਾਂ ਵਰ੍ਹਿਆਂ ਦੀ ਉਮਰ ਤੋਂ ਲੈ ਕੇ, ਵੀਹ ਇਕੀ ਵਰ੍ਹਿਆਂ ਦੀ ਉਮਰ ਤੱਕ, ਹਰ ਰੋਜ਼ ਦੋ ਵਾਰ ਇਸ ਤੋਂ ਲੰਘਣਾ! ਪਹਿਲਾਂ ਸਕੂਲ ਵਾਲੇ ਵਰ੍ਹੇ ਤੇ ਫਿਰ ਕਾਲਜ ਵਾਲੇ। ਪਿਛੋਂ ਵੀ ਮੁਕੇਰੀਆਂ ਤੱਕ ਜਾਣ-ਆਉਣ ਲਈ ਇਹੀ ਰਾਹ ਹੁੰਦਾ ਸੀ। ਭੰਗਾਲੇ ਅੱਡੇ ਤੋਂ ਬੱਸ ਫੜਨੀ। ਪਿੰਡ ਤੋਂ ਲੈ ਕੇ ਜੀ.ਟੀ. ਰੋਡ ਚੜ੍ਹਨ ਤੱਕ ਪੰਜ ਕਿਲੋਮੀਟਰ ਤੇ ਅਗਾਂਹ ਦੋ ਕਿਲੋਮੀਟਰ... ਭੰਗਾਲੇ ਅੱਡੇ ਤੱਕ..ਇਹ ਸੜਕ ਦਾ ਟੋਟਾ...

....ਪੰਜਵੀਂ ਪਿੰਡੋਂ ਪਾਸ ਕੀਤੀ ਤਾਂ ਨੇੜੇ ਦਾ ਹਾਈ ਸਕੂਲ ਜੰਡਵਾਲ ਹੀ ਸੀ, ਦੂਰ ਪੰਜ ਕਿਲੋਮੀਟਰ ਜੀ.ਟੀ. ਰੋਡ ਦੇ ਕੰਢੇ 'ਤੇ। ਪਰ ਉਦੋਂ ਇਹ ਦੂਰੀ, ਦੂਰੀ ਨਹੀਂ ਸੀ ਲੱਗਦੀ। ਸਾਡੇ ਪਿੰਡੋਂ ਪੰਜਵੀਂ ਤੋਂ ਅਗਾਂਹ ਪੜ੍ਹਨ ਵਾਲੇ ਸਾਰੇ ਇੱਥੇ ਹੀ ਆਉਂਦੇ ਸਨ। ਸਵੇਰੇ ਢਾਣੀਆਂ ਬਣ-ਬਣ ਨਿਕਲਦੀਆਂ। ਮੁੰਡੇ-ਕੁੜੀਆਂ ਨਾਲ ਰਾਹ ਪਗਡੰਡੀਆਂ ਭਰੀਆਂ ਹੁੰਦੀਆਂ। ਰਾਹ 'ਚੋਂ ਆਉਂਦੇ ਹੋਰ ਪਿੰਡਾਂ ਦੇ ਮੁੰਡੇ-ਕੁੜੀਆਂ ਵੀ ਰਲਦੇ ਜਾਂਦੇ ਤੇ ਢਾਣੀਆਂ ਵਧਦੀਆਂ ਜਾਂਦੀਆਂ। ਸਵੇਰ ਵੇਲੇ ਤਾਂ ਦੁੜਕੀ ਚਾਲ ਹੁੰਦੀ, ਲਗਭਗ ਦੌੜਨ ਵਾਲੀ ਹਾਲਤ। ਗਰਮੀਆਂ ਤੇ ਸਿਆਲ 'ਚ ਤਾਂ ਭਾਵੇਂ ਕਈ ਸਾਈਕਲਾਂ 'ਤੇ ਵੀ ਸਕੂਲ ਜਾਂਦੇ, ਪਰ ਬਰਸਾਤਾਂ 'ਚ ਹਰ ਕੋਈ ਪੈਦਲ ਹੀ ਜਾਂਦਾ ਸੀ ਕਿਉਂਕਿ ਕੱਚੇ ਰਾਹਾਂ 'ਤੇ ਚਿੱਕੜ, ਪਾਣੀ, ਦਲਦਲ ਏਨੀ ਹੋ ਜਾਂਦੀ ਸੀ ਕਿ ਆਪਣਾ ਆਪ ਲੰਘਾਉਣਾ ਔਖਾ ਹੋ ਜਾਂਦਾ। ਕਈ ਥਾਈਂ ਰਾਹ ਛੱਡ ਕੇ ਨੇੜੇ ਦੇ ਉਚੇ ਵੱਟਾਂ-ਬੰਨਿਆਂ ਤੋਂ ਹੋ ਕੇ ਲੰਘਦੇ ਸਾਂ। ਹੁਣ ਕਦੀ ਰੰਮੀ ਹੋਰੀਂ ਜਦੋਂ ਦਸ ਕਦਮਾਂ ਦਾ ਫਾਸਲਾ ਵੀ ਬਾਈਕ ਤੋਂ ਬਿਨਾਂ ਨਹੀਂ ਨਿਕਲਦੇ ਤਾਂ ਖਿਝ ਚੜਦੀ ਹੈ : ''ਮੈਂ ਪੰਜ ਕਿਲੋਮੀਟਰ ਸਕੂਲ ਤੁਰ ਕੇ ਜਾਂਦਾ ਰਿਹਾ ਹਾਂ ਅਠਵੀਂ ਤੱਕ। ਤੁਸੀਂ ਸੋਚ ਲਓ, ਉਦੋਂ ਮੇਰੀ ਉਮਰ ਕੀ ਸੀ? ਫਿਰ ਰਾਹ ਵੀ ਚਿੱਕੜ ਪਾਣੀ ਵਾਲਾ... ਸਕੂਲੋਂ ਆ ਕੇ ਖੇਤਾਂ 'ਚ ਵੀ ਕੋਈ ਨਾ ਕੋਈ ਕੰਮ ਜਾਣਾ ਪੈਂਦਾ। ਹੋਰ ਨਹੀਂ ਤਾਂ ਖੇਤਾਂ 'ਚ ਕੰਮ ਲੱਗੇ ਬਾਪ ਚਾਚਿਆਂ ਲਈ ਚਾਹ ਪਾਣੀ ਲੈ ਕੇ ਹੀ ਜਾਓ...ਪਰ ਤੁਸੀਂ...?''

''ਡੈਡ, ਸਾਨੂੰ ਉਹੋ ਜਿਹੇ ਮਾਹੌਲ 'ਚ ਪਾਲਣਾ ਸੀ, ਅਸੀਂ ਆਪੇ ਇੰਜ ਦੇ ਬਣਦੇ। ਤੁਸੀਂ ਮੌਜਾਂ ਵੀ ਤਾਂ ਕਰਦੇ ਸੀ ਨਾ! ਨਾ ਘਰ 'ਚ ਕੋਈ ਨੰਬਰਾਂ ਬਾਰੇ ਪੁੱਛਣ ਵਾਲਾ, ਨਾ ਟਿਊਸ਼ਨਾਂ ਦਾ ਫਿਕਰ...ਹੁਣ ਤਾਂ ਸਕੂਲ, ਟਿਊਸ਼ਨਾਂ ਤੋਂ ਮਿੰਟ ਵੀ ਸਾਹ ਨਹੀਂ ਨਿਕਲਦਾ।'' ਸ਼ਾਇਦ ਬੱਚੇ ਆਪਣੀ ਥਾਂ ਠੀਕ ਹਨ। ਉਨ੍ਹਾਂ ਦੀ ਪੀੜ੍ਹੀ ਨੇ ਆਪਣੀਆਂ ਸਹੂਲਤਾਂ ਅਨੁਸਾਰ ਜੀਊਣ ਦਾ ਸਲੀਕਾ ਸਿਰਜ ਲਿਆ ਹੈ, ਜਿਹੜਾ ਉਨ੍ਹਾਂ ਨੂੰ ਇਕੋ-ਇਕ ਸਹੀ ਰਾਹ ਲੱਗਦਾ। ਸ਼ਾਇਦ ਹਰ ਦੌਰ ਹੀ ਆਪਣੀਆਂ ਹਾਲਤਾਂ ਅਨੁਸਾਰ, ਆਪਣਾ ਸਲੀਕਾ ਸਿਰਜਦਾ ਹੈ, ਤੇ ਫਿਰ ਉਸੇ ਨੂੰ ਹੀ ਇਕੋ-ਇਕ ਸਹੀ ਸਲੀਕਾ ਮੰਨਣ ਦਾ ਭਰਮ ਵੀ ਪਾਲਦਾ। ਮੈਂ ਵੀ ਕਿੱਥੇ ਮੁਕਤ ਹੋ ਸਕਿਆ ਹਾਂ ਆਪਣੇ ਅਤੀਤ ਦੇ ਬਿਤਾਏ ਸਲੀਕੇ ਤੋਂ। ਮੈਨੂੰ ਹਾਲੇ ਵੀ ਜੀ ਟੀ ਰੋਡ ਤੋਂ ਪਿੰਡ ਨੂੰ ਮੁੜਦੀ ਇਸ ਲਿੰਕ ਸੜਕ 'ਤੇ ਸਫ਼ਰ ਕਰਨਾ ਬਹੁਤ ਚੰਗਾ ਲੱਗਦਾ ਹੈ। ਉਦੋਂ ਅੱਜ ਵਾਂਗ ਇਸ ਸੜਕ ਦੇ ਬਿਲਕੁਲ ਕੰਢੇ ਤੱਕ ਵਾਹੇ ਖੇਤ ਵੀ ਕਿੱਥੇ ਹੁੰਦੇ ਸੀ? ਪਹਿਲਾਂ ਤਾਂ ਦੋਹੀਂ ਪਾਸੀਂ ਸੰਘਣੀਆਂ ਝਾੜੀਆਂ ਹੁੰਦੀਆਂ। ਵਿਚ ਰੁੱਖ, ਝਿੜੀਆਂ ਦਾ ਝੁਰਮਟ, ਉਜਾੜ। ਦੋਹੀਂ ਪਾਸੀ ਦੋ-ਦੋ ਤਿੰਨ-ਤਿੰਨ ਕਰਮਾਂ ਤੱਕ ਇਹ ਝਾੜੀਆਂ-ਨੁਮਾ ਵਾੜਾਂ ਹੁੰਦੀਆਂ। ਗਰਨਿਆਂ ਦੇ ਤਿੱਖੀਆਂ ਸੂਲਾਂ ਵਾਲੇ ਛਾਪੇ ਹੁੰਦੇ, ਕਿਤੇ-ਕਿਤੇ ਮੱਲ੍ਹੇ ਵੀ। ਤੇ ਉਸ ਤੋਂ ਅਗਾਂਹ ਖੇਤਾਂ 'ਚ ਵੀ ਕਰਮ ਕਰਮ ਦੇ ਬੰਨੇ ਹੁੰਦੇ ਸਨ। ਪਿੰਡ ਦੀ ਜੂਹ ਜਾਂ ਧਰਤੀ ਦੀ ਪੱਟੀ ਬਦਲਦਿਆਂ ਹੀ, ਫ਼ਸਲ ਬਦਲ ਜਾਂਦੀ ਸੀ। ਜੀ.ਟੀ. ਰੋਡ ਤੋਂ ਉਤਰਦਿਆਂ ਹੀ ਨਾਲ ਦੇ ਛੰਭ 'ਚ ਝੋਨਾ ਬਾਸਮਤੀ ਬਹੁਤ ਹੁੰਦੇ। ਵਿਚ-ਵਿਚ ਡੂੰਘੀ ਦਲਦਲ, ਛੱਪੜਾਂ, ਡਿੱਬਰਾਂ 'ਚ ਦਿੱਬ ਜਾਂ ਡੀਲੇ ਦਾ ਵਣ ਚੜ੍ਹ ਜਾਂਦਾ। ਬੰਨ੍ਹਿਆਂ 'ਤੇ ਸੀਰੋਂ ਲਾਪਰਦਾ ਪੱਟ-ਪੱਟ ਤਾਈਂ ਚੜ੍ਹ ਜਾਂਦਾ ਸੀ। ਕਾਹੀ ਫੁਲਦੀ। ਇਸ 'ਚੋਂ ਲੰਘਦਾ ਰਾਹ ਭਾਵੇਂ ਮਿੱਟੀ ਪਾ ਕੇ ਆਸੇ ਪਾਸੇ ਤੋਂ ਉੱਚਾ

ਕੀਤਾ ਹੋਇਆ ਸੀ, ਪਰ ਬਰਸਾਤਾਂ 'ਚ ਮਿੱਟੀ, ਪਾਣੀ ਦੇ ਰੋਹੜ ਨਾਲ ਰੁੜ੍ਹ ਜਾਂਦੀ ਤੇ ਰਾਹ 'ਚ ਵੀ ਦਲਦਲ ਪੈ ਜਾਂਦੀ ਸੀ...

ਮੱਝਾਂ ਦੇ ਪਾਸਿਓਂ ਕਰ ਗੱਡੀ ਲੰਘਾਈ ਤਾਂ ਅਗਾਂਹ ਠਾਕਰਦੁਆਰੇ ਦਾ ਪਿੰਡ ਆ ਗਿਆ। ਮਹੰਤਾਂ ਦੀ ਗੱਦੀ ਦੇ ਨਾਂਅ ਨਾਲ ਮਸ਼ਹੂਰ ਪਰ ਛੋਟਾ ਜਿਹਾ ਚਾਂਗ ਮੁਜ਼ਾਰਿਆਂ ਦਾ ਪਿੰਡ, ਜਿਹੜੇ ਪਹਿਲੀਆਂ 'ਚ ਮੰਦਰ ਦੀ ਜ਼ਮੀਨ ਵਾਹੁੰਦੇ, ਬਾਗ ਸਾਂਭਦੇ ਤੇ ਹੋਰ ਬੁੱਤੀਆਂ ਕਰਦੇ ਸਨ। ਵੀਹ ਪੰਝੀ ਘਰ ਜਿਹੜੇ ਕੱਚੇ ਹੀ ਹੁੰਦੇ ਸਨ ਜਾਂ ਕੱਖਾਂ ਕਾਨਿਆਂ ਦੀਆਂ ਛੱਤਾਂ ਵਾਲੇ। ਇਸ ਪਿੰਡ ਦੀ ਜੂਹ 'ਚ ਰੁੱਖ ਬਹੁਤ ਸਨ, ਝੰਗੀਆਂ ਵੀ। ਕਿਉਂਕਿ ਮੰਦਰ ਦੀ ਜ਼ਮੀਨ ਹੋਣ ਕਰ ਕੇ ਮਹੰਤ ਦੀ ਮਰਜ਼ੀ ਤੋਂ ਬਿਨਾਂ ਨਾ ਕੋਈ ਰੁਖ ਵੱਢ ਸਕਦਾ ਸੀ, ਨਾ ਛਾਂਗ। ਤੇ ਮੰਦਰ ਦੀ ਆਪਣੀ ਲੋੜ ਕਿੰਨੀ ਕੁ ਹੋਣੀ ਹੁੰਦੀ ਹੈ! ਪਿੰਡ ਮੰਦਰ ਵਾਲੇ ਟਿੱਲੇ ਦੇ ਪੈਰਾਂ 'ਚ ਵਸਿਆ ਹੋਇਆ ਸੀ।

ਪਿੰਡ ਨਾਲੋਂ ਹੀ ਟਿੱਲੇ ਦੀ ਚੜ੍ਹਾਈ ਸ਼ੁਰੂ ਹੋ ਗਈ ਸੀ। ਲਗਭਗ ਤਿੰਨ ਚੁਬਾਰਿਆਂ ਜਿੰਨਾ ਉੱਚਾ ਟਿੱਲਾ। ਉਪਰ ਵਿਸ਼ਾਲ ਦਿਓਕੱਦ ਬਿਲਡਿੰਗ। ਇਕ ਪਾਸੇ ਧਰਮਸ਼ਾਲਾ, ਇਕ ਪਾਸੇ ਗਊਸ਼ਾਲਾ, ਵਿਚਕਾਰ ਮੂਰਤੀਆਂ ਵਾਲੀ ਵਿਸ਼ਾਲ ਗੁੰਬਦਨੁਮਾ ਇਮਾਰਤ। ਸੰਗਮਰਮਰ ਦੀਆਂ ਚਮਮਚਾਉਂਦੀਆਂ ਕੰਧਾਂ ਤੇ ਫਰਸ਼ ਦੂਰੋਂ ਲਿਸ਼ਕਦੇ। ਟਿੱਲੇ 'ਤੇ ਝਿੜੀ ਕੇਵਲ ਲਹਿੰਦੀ ਗੁੱਠ 'ਚ ਥੋੜ੍ਹੀ ਜਿਹੀ ਥਾਂ 'ਤੇ ਰਹਿ ਗਈ ਹੋਈ ਸੀ, ਪੁਰਾਣੇ ਖੰਡਰਾਂ ਦੇ ਢਾਂਚੇ ਦੁਆਲੇ ਨਿਸ਼ਾਨੀ ਮਾਤਰ ਹੀ। ਮੰਦਰ ਦੇ ਨਵੇਂ ਨਿਰਮਾਣ ਦੇ ਗੇਟ ਮੋਹਰਿਓਂ ਲੰਘਣ ਲੱਗੇ ਤਾਂ ਮਨਜੀਤ ਨੇ ਉੱਚੀ ਦੇਣੀ ਕਿਹਾ, ''ਰੋਕਿਓ ਰਤਾ ਕੁ..ਮੰਦਰ 'ਚ ਮੱਥਾ ਹੀ ਟੇਕ ਚੱਲਦੇ ਹਾਂ।''

''ਹੌਲੀ ਬੋਲ...ਮੇਰੇ ਕੰਨ ਅਜੇ ਬੋਲੇ ਨਹੀਂ ਹੋਏ।'' ਮੈਨੂੰ ਉਸ ਦੀ ਲੋੜ ਤੋਂ ਰਤਾ ਵੱਧ ਉੱਚੀ ਆਵਾਜ਼ ਚੁੱਭੀ ਭਾਵੇਂ ਮੈਂ ਨਾਲ ਦੀ ਨਾਲ ਗੱਡੀ ਸੜਕ ਤੋਂ ਲਾਹ ਕੇ ਮੰਦਰ ਦੇ ਗੇਟ ਵੱਲ ਨੂੰ ਮੋੜ ਵੀ ਲਈ।

''ਪਹਿਲਾਂ ਹੌਲੀ ਵੀ ਕਿਹਾ ਸੀ, ਪਰ ਸੁਣਿਆ?...ਪਤਾ ਨਹੀਂ ਕਿੱਥੇ ਖੁੱਭੇ ਰਹਿੰਦੇ ਓ?''

''ਪਾਪਾ, ਬੜਾ ਵਿਸ਼ਾਲ ਮੰਦਰ ਹੈ ਇਹ ਤਾਂ...'' ਤੇਜੀ ਨੇ ਮੰਦਰ ਦੇ ਦਿਓਕੱਦ ਭਵਨ ਨੂੰ ਤਕਦਿਆਂ ਕਿਹਾ।

''ਇਹ ਉਹ ਮੰਦਰ ਰਹਿ ਹੀ ਕਿਥੇ ਗਿਆ ਹੈ...ਪਿੱਪਲਾਂ ਦੀ ਸੰਘਣੀ ਝਿੜੀ, ਬੁੱਢੇ ਬੋਹੜ ਦੀਆਂ ਚੁਫੇਰੇ ਲਮਕਦੀਆਂ ਜੜ੍ਹਾਂ, ਮਹੰਤ ਦਾ ਆਸਣ, ਸੰਸਕ੍ਰਿਤ ਪੜ੍ਹਨ ਲਈ ਆਏ ਬੋਦੀਆਂ ਵਾਲੇ ਚੇਲੇ...ਕਿਸੇ ਵੈਦਿਕ ਆਸ਼ਰਮ ਦਾ ਪਰਭਾਵ ਸਿਰਜਦਾ ਹੁੰਦਾ ਸੀ ਇਹ..ਹੁਣ ਤਾਂ ਆਹ ਸੰਗਮਰਮਰ ਦੀ ਚਮਕ ਦਮਕ ਦੀ ਚੁੰਧਿਆਹਟ ਹੀ ਹੈ...ਹੋਰ ਕਿੱਥੇ ਬਚੀ ਹੈ ਕੋਈ ਅਧਿਆਤਮਿਕਤਾ ਦੀ ਸੁਰ।'' ਹਾਂ, ਇਸ ਟਿੱਲੇ 'ਤੇ ਬੜੀ ਸੰਘਣੀ ਝਿੜੀ ਹੁੰਦੀ ਸੀ। ਪਿੱਪਲ, ਬੋਹੜਾਂ, ਅੰਬਾਂ, ਖਜੂਰਾਂ ਦੀ ਬਹੁਤਾਤ, ਪਰ ਇਲਾਕੇ 'ਚ ਮਿਲਣ ਵਾਲੇ ਹਰ ਤਰ੍ਹਾਂ ਦੇ ਹੋਰ ਰੁੱਖ ਵੀ। ਇਹ ਟਿੱਲੇ ਵਾਲੀ ਥਾਂ ਮਹਾਰਾਜਾ ਰਣਜੀਤ ਸਿੰਘ ਦਾ ਕੱਚਾ ਕਿਲਾ ਹੁੰਦਾ ਸੀ। ਉਸ ਦੀ ਫ਼ੌਜ ਦੀ ਇਕ ਟੁਕੜੀ ਇੱਥੇ ਰਹਿੰਦੀ ਹੁੰਦੀ ਸੀ। ਆਲੇ ਪਾਸਿਓਂ ਮਿੱਟੀ ਪੁਟਵਾ ਕੇ ਉਸ ਨੇ ਇਹ ਥਾਂ ਉੱਚਾ ਕਰਾਇਆ ਸੀ ਕਿ ਮੀਂਹ, ਹੜ੍ਹ ਦੇ ਪਾਣੀ ਦੀ ਮਾਰ ਇਸ 'ਤੇ ਨਾ ਹੋ ਸਕੇ। ਤੇ ਨਾਲੇ ਦੂਰ ਤੱਕ ਇਲਾਕੇ 'ਤੇ ਨਜ਼ਰ ਵੀ ਪੈਂਦੀ ਰਹੇ। ਉਦੋਂ ਬਿਆਸ ਦਰਿਆ ਦਾ ਇਕ ਛਰਾ ਵੀ ਇਧਰ ਪਾਣੀ ਦੀ ਮਾਰ ਕਰਦਾ ਹੁੰਦਾ ਸੀ। ਇਸ ਟਿੱਲੇ ਦੇ ਦੱਖਣ ਵੰਨੀ ਪੁਰਾਣਾ ਮੰਦਰ ਹੁੰਦਾ ਸੀ। ਅਸੀਂ ਸਕੂਲੋਂ ਆਉਂਦੇ ਜਾਂਦੇ ਇਸ ਦੇ ਬਾਹਰ ਲੱਗੀਆਂ ਟੂਟੀਆਂ ਤੋਂ ਪਾਣੀ ਪੀਂਦੇ, ਜਿਹੜੀਆਂ ਹੱਲਟ ਚਲਾ ਕੇ ਭਰੀਆਂ ਜਾਂਦੀਆਂ। ਗਰਮੀਆਂ 'ਚ ਅੰਬੀਆਂ ਲੱਗਦੀਆਂ ਤਾਂ ਅਪ੍ਰੈਲ ਦੇ ਅੱਧ ਜਿਹੇ ਤੋਂ ਹੀ ਸਾਰੇ ਮੁੰਡੇ-ਕੁੜੀਆਂ ਆਪਣੇ ਨਾਲ ਲੂਣ ਦੀਆਂ ਪੁੜੀਆਂ ਲੈ ਕੇ ਆਉਣ ਲੱਗਦੇ। ਪਾਣੀ ਪੀ ਕੇ ਇੱਥੇ ਅੰਬਾਂ ਦੇ ਹੇਠਾਂ ਡਿਗੀਆਂ ਅੰਬੀਆਂ ਚੁੱਗ ਕੇ ਲੂਣ ਲਾ -ਲਾ ਕੇ ਖਾਂਦੇ। ਜੇ ਡੇਰੇ ਦਾ ਕੋਈ ਚੇਲਾ ਆਸੇ-ਪਾਸੇ ਦੇਖਦਾ ਨਾ ਹੁੰਦਾ ਤਾਂ ਉਪਰੋਂ ਵੀ ਲਾਹ ਲੈਂਦੇ ਸਾਂ। ਬਰਸਾਤਾਂ 'ਚ ਜਾਮਣਾਂ ਪੱਕਦੀਆਂ। ਲਸੂੜੇ ਪੱਕਦੇ ਤਾਂ ਉਨ੍ਹਾਂ ਦਾ ਉਪਰਲਾ ਗੁੱਦਾ ਤਾਂ ਖਾ ਲੈਂਦੇ ਤੇ ਆਸੇ ਪਾਸੇ ਚਿਪਕੀ ਲੇਸ ਨਾਲ ਫਟੀਆਂ ਕਿਤਾਬਾਂ-ਕਾਪੀਆਂ ਦੇ ਵਰਕੇ ਜੋੜਦੇ।

ਜਦੋਂ ਅੱਤਵਾਦੀਆਂ ਦੇ ਦਬਦਬੇ ਵਾਲਾ ਦੌਰ ਆਇਆ ਤਾਂ ਇਸ ਮੰਦਰ ਨੂੰ ਲੈ ਕੇ ਬੜਾ ਵਿਵਾਦ ਛਿੜਿਆ ਸੀ। ਜਨੂੰਨੀ ਸਿੱਖ ਲੀਡਰਾਂ ਨੇ ਮੁੱਦਾ ਬਣਾ ਲਿਆ ਸੀ ਕਿ ਇਹ ਕਿਉਂਕਿ ਮਹਾਰਾਜਾ ਰਣਜੀਤ ਸਿੰਘ ਦੀ ਫੌਜੀ ਠਾਹਰ ਹੁੰਦੀ ਸੀ, ਇਸ ਲਈ ਇੱਥੇ ਗੁਰਦੁਆਰਾ ਬਣਨਾ ਚਾਹੀਦਾ। ਇਸ ਖਾਲਸਾ ਰਾਜ ਦੀ ਯਾਦਗਾਰ ਦੇ ਹੱਕੀ ਵਾਰਸ ਸਿੱਖ ਹੀ ਹਨ। ਦੂਜੇ ਪਾਸੇ ਮੰਦਰ ਦੇ ਮਹੰਤ ਕੋਲ ਅੰਗਰੇਜ਼ਾਂ ਦੇ ਪੰਜਾਬ 'ਤੇ ਕਾਬਜ਼ ਹੋਣ ਵੇਲੇ ਦੀ ਸਨਦ ਸੀ, ਜਿਸ ਅਨੁਸਾਰ ਇਹ ਕੱਚੇ ਕਿੱਲੇ ਵਾਲੀ ਸਾਰੀ ਜ਼ਮੀਨ ਮੰਦਰ ਨੂੰ ਦਾਨ 'ਚ ਦਿੱਤੀ ਗਈ ਸੀ। ਮੰਦਰ ਦੀਆਂ ਜੁਬਾਨੀ ਰਵਾਇਤਾਂ ਅਨੁਸਾਰ ਇਸ ਗੜ੍ਹੀ 'ਤੇ ਮਹਾਰਾਜਾ ਰਣਜੀਤ ਸਿੰਘ ਦੀ ਡੋਗਰਾ ਰਜਮੈਂਟ ਦੀ ਟੁਕੜੀ ਰਹਿੰਦੀ ਸੀ, ਜਿਸ ਨੇ ਆਪਣੇ ਪੂਜਾ ਪਾਠ ਲਈ ਇਕ ਗੁੱਠ 'ਚ ਛੋਟਾ ਜਿਹਾ ਮੰਦਰ ਬਣਾਇਆ ਹੋਇਆ ਸੀ। ਜਦੋਂ ਖਾਲਸਾ ਰਾਜ ਬਿਖਰਿਆ, ਫੌਜ ਤੋੜ ਦਿੱਤੀ ਗਈ ਤਾਂ ਇਸ ਟੁਕੜੀ ਦਾ ਇਕ ਡੋਗਰਾ ਸਿਪਾਹੀ ਕਿਸੇ ਕਾਰਨ ਆਪਣੇ ਘਰ ਨਾ ਮੁੜਿਆ। ਉਹ ਇਸ ਮੰਦਰ ਦਾ ਪੁਜਾਰੀ ਬਣ ਸਾਦਗੀ ਨਾਲ ਜ਼ਿੰਦਗੀ ਦੀ ਗੁਜ਼ਰ-ਬਸਰ ਕਰਨ ਲੱਗਾ। ਕਹਿੰਦੇ ਬੜਾ ਜਤੀ-ਸਤੀ ਸੀ ਉਹ। ਉਸਨੂੰ ਹੀ ਅੰਗਰੇਜ਼ਾਂ ਨੇ ਇਸ ਦਾ ਪਟਾ ਦਿੱਤਾ ਸੀ।

ਉਦੋਂ ਤੋਂ ਹੀ ਇਸ ਮੰਦਰ ਦੀ, ਇਹ ਵੀ ਪਰੰਪਰਾ ਸੀ ਕਿ ਇਸ ਦਾ ਮਹੰਤ ਵਿਆਹ ਨਹੀਂ ਸੀ ਕਰਵਾ ਸਕਦਾ। ਉਸ ਦੀ ਮੌਤ ਤੋਂ ਬਾਅਦ, ਮੰਦਰ 'ਚ ਰਹਿੰਦੇ ਚੇਲਿਆਂ 'ਚੋਂ ਹੀ ਮਹੰਤ ਚੁਣਿਆ ਜਾਂਦਾ, ਜਿਸ ਨੂੰ ਬਹੁਤੀ ਵਾਰ ਮਹੰਤ ਆਪਣੇ ਜੀਊਂਦੇ ਜੀਅ ਹੀ ਟਿੱਕ ਜਾਂਦਾ ਸੀ। ਮੰਦਰ 'ਚ ਸੰਸਕ੍ਰਿਤ ਪਾਠਸ਼ਾਲਾ ਵੀ ਚੱਲਦੀ ਸੀ ਜਿਸ 'ਚ ਅਨਾਥ ਜਾਂ ਗ਼ਰੀਬ ਗੁਰਬੇ ਬ੍ਰਾਹਮਣਾਂ ਦੇ ਬੱਚਿਆਂ ਨੂੰ ਸੰਸਕ੍ਰਿਤ ਪੜ੍ਹਾਈ ਜਾਂਦੀ, ਪੂਜਾ ਅਰਚਨਾ ਦੀਆਂ ਵਿਧੀਆਂ ਦਾ ਵਿਧੀਵਤ ਸੰਪੂਰਨ ਕਰਨਾ ਸਿਖਾਇਆ ਜਾਂਦਾ ਸੀ। ਅੱਤਵਾਦ ਵਾਲੇ ਸਾਰੇ ਦੌਰ 'ਚ, ਇੱਥੇ ਸੀ ਆਰ ਪੀ ਦੀ ਗਾਰਦ ਦਾ ਪਹਿਰਾ ਰਿਹਾ।

''ਪਾਪਾ, ਤੁਸੀਂ ਅਤੀਤ 'ਚ ਕਿਉਂ ਜੀਊਂਦੇ ਹੋ?...ਵਰਤਮਾਨ 'ਚ ਜੀਊ ਕੇ ਦੇਖੋ ਨਾ! ਕਾਰ 'ਚ ਸਫ਼ਰ ਕਰਦਿਆਂ ਤੁਸੀਂ ਸੁਪਨੇ ਚਿਕੜ-ਪਾਣੀ ਵਾਲੇ ਰਾਹ ਦੇ ਦੇਖਦੇ ਹੋ...ਉਹ ਰਾਹ ਹੋਵੇ, ਜਿਹੋ ਜਿਹਾ ਤੁਸੀਂ ਦੱਸਦੇ ਹੋ ਤਾਂ ਕਾਰ ਜੀਟੀ ਰੋਡ ਤੋਂ ਇਧਰ ਨੂੰ ਆ ਸਕੇ? ਤੇ ਫਿਰ ਪਿੰਡ ਤੱਕ ਪੁੱਜਦਿਆਂ ਕਿੰਨਾ ਚਿਰ ਲੱਗੇ? ਕਿੰਜ ਜਾ ਹੋਵੇ?'' ਕਾਰ ਪਾਰਕ ਕੀਤੀ ਤਾਂ ਬਾਹਰ ਨਿਕਲਦਿਆਂ ਤੇਜੀ ਨੇ ਕਿਹਾ। ਮਨਜੀਤ ਨੂੰ ਚੁੰਨੀ ਨਾਲ ਸਿਰ ਢੱਕਦਿਆਂ ਤੱਕ, ਉਸ ਨੇ ਵੀ ਗੱਲ 'ਚ ਪਿਆ ਦੁੱਪਟਾ ਸਿਰ 'ਤੇ ਲੈ ਲਿਆ ਸੀ।

ਸੰਗਮਰਮਰ ਜੜੇ ਮੰਦਰ ਦੇ ਵਿਹੜੇ 'ਚ ਧੁੱਪ ਹੋਰ ਵੀ ਗਰਮ, ਹੋਰ ਵੀ ਚੁੱਭਵੀਂ ਲੱਗੀ। ਮਰਮਰੀ ਟਾਈਲਾਂ ਤੋਂ ਪ੍ਰਤੀਬਿੰਬਤ ਹੁੰਦੀਆਂ ਕਿਰਨਾਂ ਅੱਖਾਂ ਨੂੰ ਚੁੰਧਿਆਉਂਦੀਆਂ ਲਗਦੀਆਂ ਸਨ। ਵਿਹੜਾ ਲੰਘ ਕੇ ਮੂਰਤੀਆਂ ਵਾਲੇ ਗ੍ਰਭਗ੍ਰਹਿ ਸਾਹਮਣੇ ਪੁੱਜੇ ਤਾਂ ਜੁੱਤੀਆਂ ਲਾਹ ਇਕ ਪਾਸੇ ਰੱਖੀਆਂ, ਪਾਣੀ ਨਾਲ ਹੱਥ-ਪੈਰ ਧੋਤੇ। ਉੱਥੋਂ ਲੈ ਕੇ ਅੰਦਰ ਮੂਰਤੀਆਂ ਦੇ ਸਾਹਮਣੇ ਤੱਕ, ਕਾਰਪੈਟ ਵਿਛਿਆ ਹੋਇਆ ਸੀ।

ਮੱਥਾ ਟੇਕ ਕੇ ਪ੍ਰਸ਼ਾਦ ਲੈ ਨਿਕਲੇ ਤਾਂ ਇਕ ਬੋਦੀ ਵਾਲੇ ਚੇਲੇ ਨੇ ਸਾਨੂੰ ਰੋਕਦਿਆਂ ਕਿਹਾ, 'ਭਗਤੋ, ਧਰਮਸ਼ਾਲਾ ਉੱਧਰ ਹੈ...ਤੁਸੀਂ ਆਰਾਮ ਕਰਨਾ ਹੈ ਤਾਂ ਕਮਰੇ ਦੀ ਚਾਬੀ ਲੈ ਲਓ, ਤੇ ਜੇ ਪਹਿਲਾਂ ਲੰਗਰ ਛਕਣਾ ਹੈ ਤਾਂ ਇਧਰ ਮੇਰੇ ਨਾਲ ਆ ਜਾਓ...'' ਉਹ ਸ਼ਾਇਦ ਸਾਨੂੰ ਬਾਹਰੋਂ ਦੂਰੋਂ ਆਏ ਸਮਝ ਰਿਹਾ ਸੀ। ਵੀਹ-ਬਾਈ ਸਾਲ ਦੀ ਉਮਰ, ਸਿਰ 'ਤੇ ਬੋਦੀ, ਭਗਵੇਂ ਕੱਪੜੇ।

''ਨਹੀਂ ਬਾਬਾ ਜੀ, ਲੰਗਰ ਅਸੀਂ ਆ ਕੇ ਛਕਾਂਗੇ...ਅੱਗੇ ਰਤਾ ਇਕ ਪਿੰਡ ਤੱਕ ਜਾਣਾ ਹੈ ਪਹਿਲਾਂ-'' ਮੈਂ ਉਸ ਨੂੰ ਟਾਲਦਿਆਂ ਕਿਹਾ।

''ਜੈਸੀ ਆਪ ਕੀ ਇੱਛਾ।''

ਬਾਹਰ ਆ ਕਾਰ ਸਟਾਰਟ ਕਰਨ ਲੱਗਾ ਤਾਂ ਪਹਿਲਾਂ ਉਸ ਨੇ ਦੋ ਕੁ ਵਾਰ 'ਘੁਰ-ਘੁਰ' ਕੀਤੀ। ਤੀਸਰੀ ਵਾਰ ਸੈਲਫ ਮਾਰਨ 'ਤੇ ਸਟਾਰਟ ਹੋਈ। ਕਾਰ ਤੁਰੀ ਤਾਂ ਰੰਮੀ ਨੇ ਕਿਹਾ, ''ਮੈਨੂੰ ਹਰ ਵੇਲੇ ਡਰ ਹੀ ਲੱਗਿਆ ਰਹਿੰਦਾ ਇਹਦਾ ਪਈ ਸਟਾਰਟ ਵੀ ਹੋ ਜਾਊ। ਪਾਪਾ, ਇਸ ਖਟਾਰੇ ਨੂੰ ਬਦਲ ਕਿਉਂ ਨਹੀਂ ਲੈਂਦੇ?''

''ਬਦਲਦੇ ਹਾਂ ਹੁਣ ਜਦੋਂ ਤੂੰ ਆਸਟਰੇਲੀਆ 'ਚੋਂ ਪੈਸੇ ਭੇਜੇਂਗਾ।''

''ਫਿਰ ਤਾਂ ਵੱਡੀ ਗੱਡੀ ਲਵਾਂਗੇ! ਮਾਰੂਤੀ ਅੱਜਕੱਲ੍ਹ ਕੌਣ ਖਰੀਦਦਾ ਹੈ!''

''ਜਦੋਂ ਇਹ ਲਈ ਸੀ, ਉਦੋਂ ਇਹੀ ਵੱਡੀ ਗੱਲ ਸੀ ਜਾਂ ਇਹ ਵੀ ਵੱਡੀ ਗੱਲ ਸੀ ਕਿ ਪਿੰਡ ਛੱਡ ਕੇ ਸ਼ਹਿਰ ਆ ਕੇ ਰਹਿਣ ਦੀ ਹਿੰਮਤ ਕਰ ਲਈ! ਕਿਵੇਂ ਪੈਸਾ-ਪੈਸਾ ਜੋੜ ਕੇ ਘਰ ਬਣਾਇਆ, ਤੁਹਾਨੂੰ ਪੜ੍ਹਾਇਆ, ਤੁਹਾਨੂੰ ਕਿਹੜਾ ਪਤਾ ਨਹੀਂ ਹੈ..ਤੁਹਾਡੀ ਮਾਂ ਦਿਨ-ਰਾਤ ਟਿਊਸ਼ਨਾਂ ਕਰਦੀ ਰਹੀ...ਇਨ੍ਹਾਂ ਹਾਲਤਾਂ 'ਚ ਇੰਨਾ ਕੁਝ ਹੋ ਗਿਆ, ਇਹ ਕੋਈ ਛੋਟੀ ਗੱਲ ਨਹੀਂ!''

''ਇਸ ਵਿਚ ਤੁਹਾਡਾ ਵੀ ਕਸੂਰ ਹੈ! ਮੈਂ ਤੁਹਾਨੂੰ ਕਿੰਨਾ ਕਿਹਾ ਕਿ ਜ਼ਮੀਨ 'ਚੋਂ ਆਪਣਾ ਹਿੱਸਾ ਵੰਡਾ ਲਓ, ਪਰ ਤੁਸੀਂ ਕਿਹੜਾ ਕੰਨ ਧਰਦੇ ਸੀ।''

''ਮਨਜੀਤ, ਤੇਰਾ ਫਿਰ ਉਹੀ ਰਾਗ! ਤੈਨੂੰ ਵੀ ਪਤਾ ਹੈ ਜ਼ਮੀਨ ਪਾਪਾ ਦੇ ਨਾਂਅ ਹੈ। ਜਿੰਨਾ ਚਿਰ ਉਹ ਜੀਊਂਦਾ, ਉਸ ਦੀ ਮਰਜ਼ੀ ਹੈ ਦੇਵੇ ਜਾਂ ਨਾ ਦੇਵੇ।'

''ਤੁਸੀਂ ਕਹਿੰਦੇ ਹੀ ਨਹੀਂ..ਕਿਹਾ ਤਾਂ ਕੁਝ ਨਾ ਕੁਝ ਤਾਂ ਹੋਇਆ ਨਾ।''

ਮੈਂ ਚੁੱਪ ਕੀਤਾ ਰਿਹਾ। ਜਾਣਦਾ ਹਾਂ, ਇਸ ਮਸਲੇ 'ਤੇ ਉਸ ਨੂੰ ਕਾਇਲ ਨਹੀਂ ਕੀਤਾ ਜਾ ਸਕਦਾ। ਤੇ ਫਿਰ ਰੰਮੀ ਤੇ ਤੇਜੀ ਵੀ ਉਸ ਨਾਲ ਜਾ ਰਲਦੇ ਹਨ। ਅੱਜ ਵੀ ਪਿੰਡ ਜਾਣ ਦੇ ਪਿੱਛੇ ਉਸ ਦਾ ਇਹੀ ਮੰਤਵ ਹੈ, ਭਾਵੇਂ ਮੈਂ ਉਸ ਨੂੰ ਕਿਹਾ ਸੀ, ''ਤੂੰ ਜਾ ਕੇ ਕੀ ਕਰਨਾ ਹੈ? ਮੈਂ ਕਰ ਕੇ ਦੇਖਦਾ ਹਾਂ ਗੱਲ, ਜੇ ਉਹ ਮੰਨ ਜਾਣ!'' ਪਰ ਉਸ ਨੇ ਜਾਣ ਲਈ ਸਿੱਧਾ ਜ਼ੋਰ ਦੇਣ ਦੀ ਬਜਾਏ ਟੇਢਾ ਬਹਾਨਾ ਘੜ ਲਿਆ ਸੀ, ''ਹੋਰ ਪੰਦਰਾਂ ਦਿਨਾਂ ਨੂੰ ਰੰਮੀ ਨੇ ਆਸਟਰੇਲੀਆ ਜਾ ਵੜਨਾ। ਫਿਰ ਪਤਾ ਨਹੀਂ ਕਦੋਂ ਮੁੜੂ? ਉਹ ਇਕ ਵਾਰ ਆਪਣਾ ਖੇਤ ਬੰਨਾ ਤਾਂ ਦੇਖ ਲਏ।'' ਪਰ ਉਸ ਦੇ ਅੰਦਰ ਕੁਝ ਹੋਰ ਉੱਬਲ ਰਿਹਾ ਸੀ। ਪਿਛਲੀ ਵਾਰ ਗਏ ਨਾਲ ਬਾਪ ਨੇ ਗੱਲ ਤੋਰੀ ਸੀ, ''ਦੇਖ ਵਿੰਦਰ, ਆਹ ਦੋਹਾਂ ਕਮਰਿਆਂ ਨੂੰ ਤੁਸੀਂ ਐਵੇਂ ਹੀ ਜਿੰਦਰਾ ਮਾਰਿਆ ਹੋਇਆ... ਅੰਦਰ ਸਾਮਾਨ ਤਾਂ ਕੋਈ ਖਾਸ ਲੱਗਦਾ ਨਈਂ...ਜੇ ਤੂੰ ਇਹ ਵਰਤਣ ਲਈ ਛੋਟੇ ਨੂੰ ਦੇ ਦੇਵੇ ਤਾਂ ਉਸ ਦੀ ਗੁਜ਼ਰ ਸੌਖੀ ਹੋ ਜਾਂਦੀ ਐ..ਜਦੋਂ ਕੋਈ ਆਇਆ ਗਿਆ ਹੁੰਦਾ ਨਾ ਤਾਂ ਬੜੀ ਤੰਗੀ ਆਉਂਦੀ ਐ। ਨਾਲੇ ਤੂੰ ਕਿਹੜਾ ਰਹਿਣਾ ਹੈ ਇੱਥੇ ਆ ਕੇ। ਤੂੰ ਇਸ ਦੇ ਵੱਟੇ ਬਾਹਰ ਆਬਾਦੀ ਵਾਲਾ ਥਾਂ ਲੈ-ਲੈ। ਜਦੋਂ ਬਣਾਉਣਾ ਹੋਇਆ, ਬਣਾ ਲਈ...।'' ਗਲ ਮੈਨੂੰ ਕੁਝ-ਕੁਝ ਜੱਚ ਗਈ ਸੀ। ਮੈਂ ਅੱਧ-ਪਚੱਧੀ ਹਾਂ 'ਚ ਆ ਕੇ ਮਨਜੀਤ ਨਾਲ ਸਲਾਹ ਕਰਨ ਲੱਗਾ ਤਾਂ ਉਹ ਅੱਗ-ਬਬੂਲਾ ਹੋ ਉੱਠੀ, ''ਉਨ੍ਹਾਂ ਨੂੰ ਹਰ ਵੇਲੇ ਛੋਟੇ ਦੀ ਹੀ ਗੁਜ਼ਰ-ਬਸਰ ਕਿਉਂ ਸੁੱਝਦੀ ਐ...ਇਹ ਕਿਉਂ ਨਹੀਂ ਪਤਾ ਲੱਗਦਾ ਕਿ ਅਸੀਂ ਕਿਵੇਂ ਜੀ ਰਹੇ ਹਾਂ!''

''ਮਨਜੀਤ, ਉਨ੍ਹਾਂ ਨੇ ਕਿਹਾ ਹੀ ਹੈ!''

''ਅੱਜ ਕਿਹਾ ਹੈ, ਕੱਲ੍ਹ ਨੂੰ ਜ਼ੋਰ ਪਾਉਣਗੇ। ਉਨ੍ਹਾਂ ਨੂੰ ਕਹਿੰਦੇ ਕਿਉਂ ਨਹੀਂ ਕਿ ਬਾਹਰਲੀ ਆਬਾਦੀ ਵੇਚ ਕੇ ਸਾਨੂੰ ਪੈਸੇ ਦੇ ਦੇਣ। ਅਸੀਂ ਘਰ 'ਚੋਂ ਹਿੱਸਾ ਛੱਡਿਆ... ਆਪੇ ਅੱਧੋ-ਅੱਧ ਹੋ ਗਈ।''

''ਮੈਂ ਪੁੱਛ ਕੇ ਦੇਖ ਲੈਂਦਾ ਹਾਂ।'' ਉਸ ਦੀ ਗੱਲ ਵੀ ਮੈਨੂੰ ਕੁਝ-ਕੁਝ ਜਚ ਗਈ ਸੀ ਭਾਵੇਂ ਇਸ ਦਾ ਯਕੀਨ ਨਹੀਂ ਸੀ ਕਿ ਬਾਪ ਇਹ ਗਲ ਮੰਨ ਲਵੇਗਾ, ਪਰ ਉਸ ਨੂੰ ਲੱਗਦਾ ਸੀ, ''ਤੁਸੀਂ ਠੋਕ-ਵਜਾ ਕੇ ਗਲ ਹੀ ਨਹੀਂ ਕਰਦੇ!'' ਦੋ ਹਫ਼ਤੇ ਮੈਂ ਟਾਲਦਾ ਰਿਹਾ ਇਹ ਮਸਲਾ। ਬੀਤੇ ਦਿਨ ਜਦੋਂ ਪਹਿਲੇ ਠੇਕੇ ਦੇ ਪੈਸੇ ਲੈਣ ਅਤੇ ਅੱਗੋਂ ਤੋਂ ਨਵਾਂ ਦੇਣ ਬਾਰੇ ਪਿੰਡ ਜਾਣ ਦੀ ਚਰਚਾ ਘਰ 'ਚ ਤੁਰੀ ਤਾਂ ਮਨਜੀਤ ਵੀ ਨਾਲ ਜਾਣ ਲਈ ਤਿਆਰ ਹੋ ਪਈ ਸੀ। ਨਾਲ ਬੱਚਿਆਂ ਨੂੰ ਵੀ ਤਿਆਰ ਕਰ ਲਿਆ।

'ਘਰ ਗੱਲ ਛਿੜਦਿਆਂ ਕਿਤੇ ਘਮਸਾਣ ਹੀ ਨਾ ਮਚ ਜਾਵੇ', ਮੈਂ ਮਨ ਹੀ ਮਨ ਚਿੰਤਤ ਹਾਂ, ਕੁਝ ਸਹਿਮਿਆ ਜਿਹਾ ਵੀ। ਰੰਮੀ ਨੇ ਮੁੜ ਪਹਿਲਾਂ ਵਾਂਗ ਹੀ ਕੰਨਾਂ 'ਚ ਈਅਰ-ਫੋਨ ਫਸਾ ਲਏ ਹੋਏ ਸਨ। ਤੇਜੀ ਮੋਬਾਈਲ 'ਤੇ ਕਿਸੇ ਨੂੰ ਐੱਸ ਐੱਮ ਐੱਸ ਕਰਨ 'ਚ ਰੁਝੀ ਹੋਈ ਸੀ। ਮਨਜੀਤ ਨੂੰ ਗੁਆਂਢਣ ਸਰਲਾ ਭਾਰਦਵਾਜ ਦਾ ਫੋਨ ਆ ਗਿਆ ਸੀ, ਜਿਸ ਨਾਲ ਉਹ ਇਸ ਮਹੀਨੇ ਦੀ ਕਮੇਟੀ ਦੀ ਬੋਲੀ ਬਾਰੇ ਸਲਾਹ 'ਚ ਰੁਝ ਗਈ। ਮੁੱਹਲੇ ਦੀਆਂ ਉਨ੍ਹਾਂ ਤੀਹ ਔਰਤਾਂ ਨੇ ਰਲ ਕੇ ਕਮੇਟੀ ਪਾਈ ਹੋਈ ਹੈ, ਹਰ ਮਹੀਨੇ ਡੇਢ ਹਜ਼ਾਰ ਰੁਪਏ। ਇਸ ਦੀ ਹਰ ਪਹਿਲੀ ਨੂੰ ਬੋਲੀ ਹੁੰਦੀ ਹੈ। ਜਿੰਨੀ ਘੱਟ 'ਚ ਕੋਈ ਮੈਂਬਰ ਕਮੇਟੀ ਚੁੱਕਦੀ ਹੈ, ਉਹ ਮੁਨਾਫਾ ਸਾਰੇ ਮੈਂਬਰਾਂ 'ਚ ਵੰਡ ਲਿਆ ਜਾਂਦਾ। ਮਨਜੀਤ ਇਸ ਕਮੇਟੀ ਦੀ ਕੈਸ਼ੀਅਰ ਹੈ ਤੇ ਪਰਧਾਨ ਸਰਲਾ ਭਾਰਦਵਾਜ। ਇਕ ਤਰ੍ਹਾਂ ਇਨ੍ਹਾਂ ਦੋਹਾਂ ਦਾ ਹੀ ਇਹ ਚੁੱਕਣ ਹੈ। ਇਕ ਮੁੱਕਦੀ, ਉਹ ਹੋਰ ਨਵੀਂ ਸ਼ੁਰੂ ਕਰ ਲੈਂਦੀਆਂ।

ਚੋਈ ਵਾਲੇ ਮੋੜ ਤੋਂ ਗੱਡੀ ਉੱਤਰ ਵੱਲ ਜਾਂਦੀ ਸੜਕ 'ਤੇ ਮੋੜੀ ਤਾਂ ਦੂਰ ਸਾਹਮਣੇ ਆਪਣਾ ਪਿੰਡ ਦਿਸਣ ਲੱਗ ਪਿਆ ਸੀ। ਅੱਜ ਤੋਂ ਤਿੰਨ ਦਹਾਕੇ ਪਹਿਲਾਂ, ਇਸ ਮੋੜ ਤੋਂ ਪਿੰਡ ਨਹੀਂ ਸੀ ਦਿਸਦਾ ਹੁੰਦਾ। ਖੇਤਾਂ 'ਚ ਇੰਨੇ ਰੁੱਖ, ਝੰਗੀਆਂ, ਬਾਗ, ਵਾੜਾਂ ਸਨ ਕਿ ਉਨ੍ਹਾਂ ਨੂੰ ਪਾਰ ਕਰ ਨਜ਼ਰਾਂ ਪਿੰਡ ਦੀਆਂ ਕੰਧਾਂ ਤੱਕ ਨਾ ਪੁੱਜ ਸਕਦੀਆਂ। ਪੜ੍ਹਦਿਆਂ, ਇਸ ਮੋੜ ਤੋਂ ਸਿੱਧੇ ਅਸੀਂ ਖੇਤਾਂ 'ਚੋਂ ਜਾਂਦੀ ਪਗਡੰਡੀ 'ਤੇ ਹੋ ਜਾਂਦੇ ਸਾਂ। ਇਕ ਤਾਂ ਇੱਧਰੋਂ ਨੇੜੇ ਸੀ, ਫਿਰ ਪਗਡੰਡੀ ਕੰਢੇ ਗੁਰੀਆਂ ਦੇ ਬਾਗ 'ਚੋਂ ਫੁੱਟਦੇ ਸੂਟੇ 'ਚੋਂ ਪਾਣੀ ਪੀ ਲੈਂਦੇ। ਬਾਗ ਤੋਂ ਸੌ ਕੁ ਕਰਮਾਂ ਬਾਹਰੋਂ ਚੋਈ ਚੜ੍ਹਦੀ ਵੱਲੋਂ ਆਉਂਦੀ, ਇਕਦਮ ਮੋੜ ਲੈ ਦੱਖਣ ਵੱਲ ਮੁੜ ਜਾਂਦੀ ਸੀ ਬਾਗ ਦੇ ਉੱਪਰ ਉੱਪਰ ਤੇ ਫਿਰ ਅੱਗੋਂ ਜਾ ਕੇ ਮੁੜ ਲਹਿੰਦੀ ਵੱਲ ਮੋੜ ਲੈ ਲੈਂਦੀ। ਇੱਥੋਂ ਡੂੰਘੀ ਹੁੰਦੀ ਜਾਂਦੀ ਤਿਖੀ ਢਲਾਣ ਹੋਣ ਕਰ ਕੇ ਪੱਥਰਾਂ ਤੋਂ ਤੇਜ਼ ਵਹਿੰਦਾ ਪਾਣੀ ਕਲਕਲ ਕਰਦਾ। ਇਸ 'ਚੋਂ ਹੀ ਕੋਈ ਸੀਰ, ਧਰਤੀ ਦੇ ਹੇਠੋਂ-ਹੇਠੋਂ ਹੁੰਦੀ ਬਾਗ ਦੇ ਦੱਖਣ-ਪੱਛਮੀ ਕੋਨੇ ਕੋਲ ਆ ਕੇ ਫੁੱਟਦੀ ਸੀ, ਜਿੱਥੇ ਕੁਝ ਡੂੰਘਾ ਟੋਆ ਮਾਰ ਕੇ ਅੱਗੋਂ ਨਾਲੀ ਕੱਢੀ ਹੋਈ ਸੀ ਜਿਹੜੀ ਉਸ ਫੁੱਟਦੇ ਸੋਮੇ ਦੇ ਪਾਣੀ ਨੂੰ ਫਿਰ ਅਗਾਂਹ ਹੇਠਾਂ ਜਾ ਕੇ ਚੋਈ 'ਚ ਸੁੱਟਦੀ। ਇਹ ਸੂਟਾ ਸਾਰਾ ਸਾਲ ਵਗਦਾ ਰਹਿੰਦਾ, ਸਾਫ ਸਵੱਛ ਪਾਣੀ। ਖੇਤਾਂ 'ਚ ਕੰਮ ਕਰਦਿਆਂ, ਸਕੂਲੋਂ ਆਉਂਦੇ-ਜਾਂਦੇ ਨਿਆਣਿਆਂ ਜਾਂ ਰਾਹੀਆਂ ਦੀ ਪਿਆਸ ਬੁਝਾਉਣ ਦਾ ਇਹ ਇਸ ਪਗਡੰਡੀ ਕੰਢੇ ਇਕੋ-ਇਕ ਸਰੋਤ ਹੁੰਦਾ ਸੀ। ਤੇਹ ਹੁੰਦੀ ਜਾਂ ਨਾ, ਅਸੀਂ ਸਕੂਲੋਂ ਮੁੜਦੇ ਇਸ 'ਚੋਂ ਪਾਣੀ ਜ਼ਰੂਰ ਹੀ ਪੀਂਦੇ, ਫਿਰ ਬਾਗ 'ਚ ਬਹਿ ਕੇ ਕਈ ਵਾਰ ਰਤਾ ਦਮ ਵੀ ਮਾਰ ਲੈਂਦੇ ਸਾਂ। ਉਸ ਥਾਂ, ਬਾਗ ਦਾ ਹੁਣ ਕੋਈ ਝਾਓਲਾ ਨਹੀਂ ਸੀ ਦਿਸ ਰਿਹਾ! ਪਤਾ ਨਹੀਂ ਕਦੋਂ ਦਾ ਵੱਢਿਆ ਜਾ ਚੁੱਕਾ ਸੀ। ਸ਼ਾਇਦ ਕਿਸੇ ਨੇ ਕਰਾਹ ਕੇ ਉਹ ਜ਼ਮੀਨ ਵੀ ਇਕਸਾਰ ਕਰ ਲਈ ਹੋਵੇ, ਜਿਸ ਨਾਲ ਉਸ ਸੂਟੇ ਦੀ ਹੋਂਦ ਵੀ ਮੁੱਕ ਚੁੱਕੀ ਹੋਵੇਗੀ! ਸ਼ਾਇਦ ਜੇ ਹੋਈ ਵੀ ਤਾਂ ਉਸ ਦਾ ਪਾਣੀ ਪੀਣ ਯੋਗ ਵੀ ਹੋਵੇਗਾ। ਜਿਵੇਂ ਚੋਈ ਦਾ ਪਾਣੀ ਪਿੰਡਾਂ ਦੇ ਸੀਵਰੇਜ਼ ਨੂੰ ਸਮੋਦਾ ਗੰਦਾ ਹੋਇਆ ਪਿਆ ਸੀ, ਸੜਾਂਦ ਮਾਰਦਾ, ਉਸ ਸੂਟੇ ਦਾ ਸਰੋਤ ਤਾਂ ਇਹੀ ਚੋਈ ਦਾ ਪਾਣੀ ਹੀ ਸੀ ਨਾ!

ਮੈਂ ਪਿੰਡ ਵੱਲ ਦੇਖਦਾ ਉਸ ਪਗਡੰਡੀ ਦਾ ਕੋਈ ਨਿਸ਼ਾਨ ਢੂੰਡਣ ਦੀ ਕੋਸ਼ਿਸ਼ ਕਰਦਾ ਹਾਂ ਪਰ ਕਰਾਹ ਕੇ ਇਕਸਾਰ ਹੋਈਆਂ ਪੈਲੀਆਂ, ਨਿੱਕੇ-ਨਿੱਕੇ ਰਹਿ ਗਏ ਬੰਨੇ, ਵੱਢੇ ਜਾ ਚੁੱਕੇ ਰੁੱਖਾਂ ਤੋਂ ਖਾਲੀ ਧਰਤੀ ਹੀ ਦਿਸਦੀ ਹੈ। ਅਚਨਚੇਤ ਮੈਨੂੰ ਖਿਆਲ ਆਇਆ, ਹੁਣ ਪਗਡੰਡੀਆਂ ਤੋਂ ਜਾਂਦਾ ਹੀ ਕੌਣ ਹੈ? ਪਿੰਡਾਂ 'ਚ ਆਮ ਹੋਏ ਸਾਈਕਲ, ਸਕੂਟਰ, ਕਾਰਾਂ। ਫਿਰ ਮਿੰਨੀ ਬੱਸਾਂ ਦੇ ਅੱਧੇ-ਅੱਧੇ ਘੰਟੇ ਪਿੱਛੋਂ ਵਜਦੇ ਹਾਰਨ।

ਪਿੰਡ ਹਰ ਪਲ ਨੇੜੇ, ਹੋਰ ਨੇੜੇ ਆਈ ਜਾ ਰਿਹਾ ਸੀ। ਮਨਜੀਤ ਅਜੇ ਵੀ ਸਰਲਾ ਨਾਲ ਗੱਲਾਂ 'ਚ ਰੁਝੀ ਹੋਈ ਸੀ। ਕਮੇਟੀ ਤੋਂ ਤੁਰ ਕੇ ਹੁਣ ਉਹ ਕਿਸੇ ਲੱਗੀ ਸੇਲ ਦੀ ਚਰਚਾ 'ਚ ਰੁਝੀਆਂ ਹੋਈਆਂ ਸਨ। ਰੰਮੀ ਦੇ ਕੰਨਾਂ 'ਚ ਈਅਰਫੋਨ ਪਹਿਲਾਂ ਵਾਂਗ ਹੀ ਜਾਰੀ ਸੀ। ਤੇਜੀ ਮੋਬਾਈਲ 'ਤੇ ਸ਼ਾਇਦ ਹੁਣ ਕੋਈ ਗੇਮ ਖੇਡ ਰਹੀ ਸੀ। ਤੇ ਮੈਂ... ਜਿਸ ਤਰ੍ਹਾਂ ਜ਼ਿੰਦਗੀ ਹੁਣ ਤੱਕ ਜੀਵੀ, ਉਹ ਸਥਿਤੀਆਂ, ਉਨ੍ਹਾਂ ਨਾਲ ਜੁੜੀਆਂ ਪਰੰਪਰਾਵਾਂ ਬੜੀ ਤੇਜ਼ੀ ਨਾਲ ਅਲੋਪ ਹੋ ਰਹੀਆਂ ਸਨ। ਉਨ੍ਹਾਂ ਦੀ ਪ੍ਰਸੰਗਕਿਤਾ ਮੁੱਕਦੀ ਜਾ ਰਹੀ ਸੀ। ਤੇ ਜੋ ਕੁਝ ਨਵਾਂ ਸਿਰਜਤ ਹੋ ਰਿਹਾ ਸੀ, ਉਸ ਨਾਲ ਹੋਂਦ ਕਿਤੇ ਇਕਸੁਰ ਹੁੰਦੀ ਨਹੀਂ ਲੱਗਦੀ। ਅੱਧ-ਵਿਚਾਲੇ ਲਟਕਿਆ ਹੋਇਆ ਮੈਂ...ਹਾਂ, ਮੈਂ ਇਕ ਤ੍ਰਿਸ਼ੰਕੂ!

ਜਦੋਂ ਅੱਤਵਾਦੀਆਂ ਦੇ ਦਬਦਬੇ ਵਾਲਾ ਦੌਰ ਆਇਆ ਤਾਂ ਇਸ ਮੰਦਰ ਨੂੰ ਲੈ ਕੇ ਬੜਾ ਵਿਵਾਦ ਛਿੜਿਆ ਸੀ। ਜਨੂੰਨੀ ਸਿੱਖ ਲੀਡਰਾਂ ਨੇ ਮੁੱਦਾ ਬਣਾ ਲਿਆ ਸੀ ਕਿ ਇਹ ਕਿਉਂਕਿ ਮਹਾਰਾਜਾ ਰਣਜੀਤ ਸਿੰਘ ਦੀ ਫੌਜੀ ਠਾਹਰ ਹੁੰਦੀ ਸੀ, ਇਸ ਲਈ ਇੱਥੇ ਗੁਰਦੁਆਰਾ ਬਣਨਾ ਚਾਹੀਦਾ। ਇਸ ਖਾਲਸਾ ਰਾਜ ਦੀ ਯਾਦਗਾਰ ਦੇ ਹੱਕੀ ਵਾਰਸ ਸਿੱਖ ਹੀ ਹਨ। ਦੂਜੇ ਪਾਸੇ ਮੰਦਰ ਦੇ ਮਹੰਤ ਕੋਲ ਅੰਗਰੇਜ਼ਾਂ ਦੇ ਪੰਜਾਬ 'ਤੇ ਕਾਬਜ਼ ਹੋਣ ਵੇਲੇ ਦੀ ਸਨਦ ਸੀ, ਜਿਸ ਅਨੁਸਾਰ ਇਹ ਕੱਚੇ ਕਿੱਲੇ ਵਾਲੀ ਸਾਰੀ ਜ਼ਮੀਨ ਮੰਦਰ ਨੂੰ ਦਾਨ 'ਚ ਦਿੱਤੀ ਗਈ ਸੀ। ਮੰਦਰ ਦੀਆਂ ਜੁਬਾਨੀ ਰਵਾਇਤਾਂ ਅਨੁਸਾਰ ਇਸ ਗੜ੍ਹੀ 'ਤੇ ਮਹਾਰਾਜਾ ਰਣਜੀਤ ਸਿੰਘ ਦੀ ਡੋਗਰਾ ਰਜਮੈਂਟ ਦੀ ਟੁਕੜੀ ਰਹਿੰਦੀ ਸੀ, ਜਿਸ ਨੇ ਆਪਣੇ ਪੂਜਾ ਪਾਠ ਲਈ ਇਕ ਗੁੱਠ 'ਚ ਛੋਟਾ ਜਿਹਾ ਮੰਦਰ ਬਣਾਇਆ ਹੋਇਆ ਸੀ। ਜਦੋਂ ਖਾਲਸਾ ਰਾਜ ਬਿਖਰਿਆ, ਫੌਜ ਤੋੜ ਦਿੱਤੀ ਗਈ ਤਾਂ ਇਸ ਟੁਕੜੀ ਦਾ ਇਕ ਡੋਗਰਾ ਸਿਪਾਹੀ ਕਿਸੇ ਕਾਰਨ ਆਪਣੇ ਘਰ ਨਾ ਮੁੜਿਆ। ਉਹ ਇਸ ਮੰਦਰ ਦਾ ਪੁਜਾਰੀ ਬਣ ਸਾਦਗੀ ਨਾਲ ਜ਼ਿੰਦਗੀ ਦੀ ਗੁਜ਼ਰ-ਬਸਰ ਕਰਨ ਲੱਗਾ। ਕਹਿੰਦੇ ਬੜਾ ਜਤੀ-ਸਤੀ ਸੀ ਉਹ। ਉਸਨੂੰ ਹੀ ਅੰਗਰੇਜ਼ਾਂ ਨੇ ਇਸ ਦਾ ਪਟਾ ਦਿੱਤਾ ਸੀ।

ਉਦੋਂ ਤੋਂ ਹੀ ਇਸ ਮੰਦਰ ਦੀ, ਇਹ ਵੀ ਪਰੰਪਰਾ ਸੀ ਕਿ ਇਸ ਦਾ ਮਹੰਤ ਵਿਆਹ ਨਹੀਂ ਸੀ ਕਰਵਾ ਸਕਦਾ। ਉਸ ਦੀ ਮੌਤ ਤੋਂ ਬਾਅਦ, ਮੰਦਰ 'ਚ ਰਹਿੰਦੇ ਚੇਲਿਆਂ 'ਚੋਂ ਹੀ ਮਹੰਤ ਚੁਣਿਆ ਜਾਂਦਾ, ਜਿਸ ਨੂੰ ਬਹੁਤੀ ਵਾਰ ਮਹੰਤ ਆਪਣੇ ਜੀਊਂਦੇ ਜੀਅ ਹੀ ਟਿੱਕ ਜਾਂਦਾ ਸੀ। ਮੰਦਰ 'ਚ ਸੰਸਕ੍ਰਿਤ ਪਾਠਸ਼ਾਲਾ ਵੀ ਚੱਲਦੀ ਸੀ ਜਿਸ 'ਚ ਅਨਾਥ ਜਾਂ ਗ਼ਰੀਬ ਗੁਰਬੇ ਬ੍ਰਾਹਮਣਾਂ ਦੇ ਬੱਚਿਆਂ ਨੂੰ ਸੰਸਕ੍ਰਿਤ ਪੜ੍ਹਾਈ ਜਾਂਦੀ, ਪੂਜਾ ਅਰਚਨਾ ਦੀਆਂ ਵਿਧੀਆਂ ਦਾ ਵਿਧੀਵਤ ਸੰਪੂਰਨ ਕਰਨਾ ਸਿਖਾਇਆ ਜਾਂਦਾ ਸੀ। ਅੱਤਵਾਦ ਵਾਲੇ ਸਾਰੇ ਦੌਰ 'ਚ, ਇੱਥੇ ਸੀ ਆਰ ਪੀ ਦੀ ਗਾਰਦ ਦਾ ਪਹਿਰਾ ਰਿਹਾ।



# Matrimonial

### ਕੰਨਿਆ ਦੀ ਲੋੜ

Looking smart match for Moga (India) based Jatt Sikh Toor , fair smart boy 23 age , 6' ,18 acre Land, looking for Canadian girl. Call 9814918374, 9914719965 or khalsapreet1699@yahoo.com

----

ਆਪਣਾ ਬਿਜ਼ਨਸ ਕਰਨ ਵਾਲੇ ਯੂ.ਐਸ.ਏ. ਰਹਿੰਦੇ 34 ਸਾਲਾ, ਕੱਦ 5'11' ਕਲੀਨ ਸ਼ੇਵ ਲੜਕੇ ਲਈ ਲੜਕੀ ਦੀ ਜ਼ਰੂਰਤ ਹੈ। ਭੈਣ ਕਨੇਡਾ ਵਿਚ ਸੈੱਟ ਹੈ। ਸੰਪਰਕ ਕਰੋ : 780-242-6563 ਜਾਂ ਈਮੇਲ ਕਰੋ : bhantgrewal@yahoo.co.uk

---

USACitizenJattSikhSekhon35yrs5-10"well settled only son, running his own business. Looking for educated, nice & beautiful girl. Contact: 780-242-6563 or email bhantgrewal@yahoo.co.uk

---

ਜੱਟ ਸਿੱਖ ਮੌੜ 27 ਸਾਲ 6'-1' ਬੈਂਕ ਵਿਚ ਜੌਬ ਕਰਦੇ, ਹਾਕੀ ਪਲੇਅਰ, ਨਸ਼ਿਆਂ ਤੋਂ ਰਹਿਤ ਇੰਡੀਆ ਰਹਿੰਦੇ ਲੜਕੇ ਲਈ ਕਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੇ ਪਿਤਾ ਜੀ ਬੈਂਕ ਆਫ਼ਿਸਰ ਹਨ ਤੇ ਸ਼ਹਿਰੀ ਤੇ ਪੇਂਡੂ ਪ੍ਰਾਪਰਟੀ ਹੈ। ਕਨੇਡਾ 'ਚ ਸੈਟਲ ਕਰਨ ਲਈ ਪੂਰੀ ਮਦਦ

### ਕੰਨਿਆ ਦੀ ਲੋੜ

ਕੀਤੀ ਜਾਵੇਗੀ। ਹੋਰ ਜਾਣਕਾਰੀ ਲਈ 780-669-0456 ਜਾਂ ਈ ਮੇਲ daman.passion@gmail.com 'ਤੇ ਸੰਪਰਕ ਕਰੋ।

---

Smart match for MBBS Handsome single boy, 6-11-1988, 5'-10'', father-mother Govt. employees, sister married. Contact: hotincoolsingh@yahoo.com, or 94171-88904.

---

In search for a UNMARRIED, SIKH RAJPUT Beautiful Bride for a very Handsome Groom. The Groom is CANADIAN CITIZEN, highly qualified, currently employed with a high managing position in an Engineering Firm, 31 years of age, very handsome, stands 5'6", very fair complexion, divorced and has one son who is 5 years of age. We are looking for a Bride with following qualities: UNMARRIED, GOOD FAMILY VALUES, SIKH RAJPUT, BEAUTIFUL, WELL EDUCATED, WELL CULTURED. SERIOUS INQUIRIES &

### ਕੰਨਿਆ ਦੀ ਲੋੜ

RESPONSES Are more than welcomed to contact for more information. Please Call : +1 780 686 3798

---

Jatt sikh age 28 hight 5'9" B Tec & post grad in wireless network looking suitable girl 5'4"+ born in india send bio& pic @ ssmavi@live.com

### ਵਰ ਦੀ ਲੋੜ

Smart match for Canadian PR Jatt Sikh Rai fair girl, 26 , 5'3", MCA . Canadian citizen, PR, work permit or students can contact at jagdeepsrai@yahoo.ca Call: 204 9950180.

### ਵਰ ਦੀ ਲੋੜ

ਪਿਛਲੇ ਪੰਜ ਸਾਲ ਤੋਂ ਇੰਗਲੈਂਡ ਵਿਚ ਰਹਿ ਰਹੀ, 25 ਸਾਲਾ, 5'5, ਜੱਟ ਸਿੱਖ, ਬੀ.ਐਸ.ਈ. ਨਰਸਿੰਗ ਲੜਕੀ ਲਈ ਯੋਗ ਵਰ ਦੀ ਲੋੜ ਹੈ। ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਨੰਬਰ 780-906-4497

### ਕੰਨਿਆ ਦੀ ਲੋੜ

ਇੰਗਲੈਂਡ ਦੀ ਯੂਨੀਵਰਸਿਟੀ ਤੋਂ ਪੋਸਟ ਗਰੈਜੂਏਸ਼ਨ ਇਨ ਮੈਨੇਜਮੈਂਟ, (ਐਮ.ਬੀ.ਏ.) ਅਤੇ ਐਮ.ਐਸ.ਸੀ. ਆਈ.ਟੀ. ਪਾਸ 30 ਸਾਲਾ 6'.2' ਜੱਟ ਸਿੱਖ ਭਾਰਤ ਰਹਿੰਦੇ ਲੜਕੇ ਲਈ ਕਨੇਡੀਅਨ/ਅਮਰੀਕਨ ਲੜਕੀ ਦੀ ਜ਼ਰੂਰਤ ਹੈ। ਕੋਈ ਡਿਮਾਂਡ ਨਹੀਂ। ਬਾਇਓਡਾਟਾ jjssnice@yahoo.co.in 'ਤੇ ਭੇਜਿਆ ਜਾ ਸਕਦਾ ਹੈ। ਵਧੇਰੇ ਜਾਣਕਾਰੀ ਲਈ ਕਨੇਡਾ ਰਹਿੰਦੇ ਭਰਾ ਨਾਲ 587-708-2627 ਜਾਂ 587-879-7404 'ਤੇ ਸੰਪਰਕ ਕੀਤਾ ਜਾ ਸਕਦਾ ਹੈ।

### ਵਰ ਦੀ ਲੋੜ

Looking Smart match for Ludhiana (India) based, Divorcee Ramgharia -Dhiman, fair , Graduate , 5'-1", 84 born, ,Vegetarian girl, IELTS 6 bands, 8 years old Son Call 9814100798,9780187107. or gurpreet030205@gmail.com

# Classified Plus

## House for Sale by POWAR Home Ltd in Diamond State Leduc County

1. 3200 Sq Ft. with finished walk out basement (one bedroom, one thither room, kitchen), fully finish triple ground hearted, two AC., 2 Tank, 4 Bed, 3 washroom. Two kitchen . $7,49,900 .
2. 2750 Sq Ft 4 Bed 4 washroom, main Den Full non row, fully deny leaving room. $5,79,900.
3. 2000 Sq Ft Trible garage, 3 bed , 2.5 washroom + Den. $ 489,900 .
4. 7200 Sq Ft 5 bed, 5 washroom, leaving form den dining, fleet roof, triple garage. $2.2 M

Call : RANJIT POWAR
**780-695-6595**

## Lot for sale

Lot for sale in Royal Oakes (Beaumont), 54 pocket size and 185 feet deep (1/4 acre) $ 305,000 call 780-803-8081

## House for Sale

Brand New 2243 sq. ft. sing detached 2 Story home with includes: big window, 2 fire place and double attached garage for sale, for more information please call Anil Jain 780-245-0351




**City Estates**

All Types of Property, Plots & Kothis available for Sale & Purchase in Chandigarh/Mohali/ Panchkula.

For More Info Contact: SCO 123, Phase 7, Mohali (Punjab)
011 91 98147 11263 or 011 91 98729 73304

**Fort Road Drycleaners**

Dry cleaning Elegance...through pride of Craftsmanship




* Wedding Dresses * Leather
* Suede * Drapes * Sleeping Bags
* Quilts * Featuring Deluxe Shirts Service



Weekdays : 7.30 am to 7.00 pm Saturday: 9.00 am to 5.30 pm
Call: Baljit Minhas
5521A- 137 Ave Edmonton, AB T5A 3L4
780-478-1811

# Laddi Padda Realtor



RE/MAX

**Medallio Award Winner 2012**

ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾ ਯਾਦ ਰੱਖੋ

**ਲਾਡੀ ਪੱਡਾ**

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ
ਖ਼ਰੀਦਣ ਜਾਂ ਵੇਚਣ ਲਈ
ਭਰੋਸੇਮੰਦ ਰੀਐਲਟਰ ਲਾਡੀ
ਪੱਡਾ ਨੂੰ ਮਿਲੋ ਜਾਂ ਫ਼ੋਨ ਕਰੋ

For Buying, Selling or Investing
Call Honest Realtor
**Laddi Padda**

ipadda08@gmail.com

MLS MULTIPLE LISTING SERVICE REALTOR

*Cell: 780-667-6767*

**2761 Hewes Way, Edmonton, AB T6L 6N5**

*Phone : 780-462-5000, Fax : 780-463-0188*



Preservation and Promotion of Punjabi Folk Cultural

ਇਸ ਵਾਰ ਕੈਂਪ 'ਚ ਸੌਂਕਰ ਦੀ ਸਿਖਲਾਈ ਵੀ ਦਿੱਤੀ ਜਾਵੇਗੀ

## ਇਥੋਂ ਤੁਸੀਂ ਅਤੇ ਤੁਹਾਡੇ ਬੱਚੇ ਸਿੱਖ ਸਕਦੇ ਹਨ :-

ਭੰਗੜਾ, ਗਿੱਧਾ, ਜਿੰਦੂਆ, ਲੁੱਡੀ, ਸੰਮੀ, ਝੂਮਰ, ਧਮਾਲ ਅਤੇ ਮਲਵਈ ਗਿੱਧਾ।

ਲੋਕ ਸਾਜ ਵਜਾਉਣੇ ਵੀ ਸਿੱਖ ਸਕਦੇ ਹੋ ਜਿਵੇਂ ਢੋਲ, ਤੂੰਬੀ, ਅਲਗੋਜ਼ੇ, ਸਾਰੰਗੀ, ਢੱਡ, ਬੁਗਚ, ਚਿਮਟੇ ਆਦਿ। ਅਸੀਂ ਪੰਜਾਬੀ ਵੀ ਪੜ੍ਹਾਉਂਦੇ ਹਾਂ ਅਤੇ ਪੱਗ ਬੰਨ੍ਹਣੀ ਵੀ ਸਿਖਾਉਂਦੇ ਹਾਂ।

ਘੋੜੀਆਂ, ਸੁਹਾਗ, ਦੋਹੇ, ਮਾਹੀਆ, ਜੁਗਨੀ, ਛੱਲਾ ਅਤੇ ਹੋਰ ਲੋਕ ਗੀਤ ਵੀ ਸਿੱਖੋ।

ਔਰਤਾਂ ਲਈ ਗਿੱਧਾ ਅਤੇ ਕਲਾਸੀਕਲ ਡਾਂਸ ਦੀ ਵੀ ਕਲਾਸ ਲਾਈ ਜਾਵੇਗੀ।

**ਇਹ ਕੈਂਪ ਨੌਰਥ ਅਤੇ ਸਾਊਥ ਦੋਵੇਂ ਥਾਵਾਂ 'ਤੇ ਚੱਲੇਗਾ**


ਗੁਰਚਰਨ ਸਿੰਘ ਗਰਚਾ


ਜਸਬੀਰ ਸਿੰਘ ਗਿੱਲ


ਹਰਪ੍ਰੀਤ ਸਿੰਘ ਗਰੇਵਾਲ


ਬਲਿਹਾਰ ਸਿੰਘ ਬੈਂਸ


ਮਨਜੀਤ ਸਿੰਘ


ਪੂਨਮ ਔਲਖ

ਕੈਂਪ 2 ਜੁਲਾਈ ਤੋਂ 18 ਅਗਸਤ ਤਕ

ਹੋਰ ਜਾਣਕਾਰੀ ਜਾਂ ਰਜਿਸਟ੍ਰੇਸ਼ਨ ਲਈ ਸੰਪਰਕ ਕਰੋ

**ਮਨਜੀਤ ਸਿੰਘ : 780 952 5075**
**ਪੂਨਮ ਔਲਖ : 780 289 9521**

# Edmonton United Volleyball Club

# ਐਡਮਿੰਟਨ ਯੂਨਾਇਟਡ ਵਾਲੀਵਾਲ ਕਲੱਬ

Celebrating 3rd Annual Volleyball Tournament on

## 12 & 13 July 2014 (Saturday & Sunday) Time 10 to 6

**ਟੂਰਨਾਮੈਂਟ ਵਿੱਚ**

* ਮੈਨੀਟੋਬਾ * ਬੀ.ਸੀ.
* ਟਰਾਂਟੋ * ਅਲਬਰਟਾ (ਐਡਮਿੰਟਨ ਤੇ ਕੈਲਗਰੀ)

ਦੀਆਂ ਟੀਮਾਂ ਭਾਗ ਲੈ ਰਹੀਆਂ ਹਨ।



**ਰਿੱਕ ਸੈਂਟਰ ਦੀਆਂ ਗਰਾਊਂਡਾਂ ਵਿੱਚ ਲੰਗਰ ਪਾਣੀ ਦਾ ਖੁੱਲ੍ਹਾ ਪ੍ਰਬੰਧ**

ਬੱਚਿਆਂ ਦੀਆਂ ਦੌੜਾਂ = ਐਤਵਾਰ 13 ਜੁਲਾਈ
ਸੀਪ (ਤਾਸ਼) ਟੂਰਨਾਮੈਂਟ = 12 ਅਤੇ 13 ਜੁਲਾਈ

ਰਜ਼ਿਸਟਰੇਸ਼ਨ ਲਈ ਰਾਜਵੰਤ ਢਿੱਲੋਂ (ਕੁਕੂ) ਨਾਲ 780 932 9939 'ਤੇ ਸੰਪਰਕ ਕਰੋ।

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ**

**ਹਰਪਾਲ ਸਿੰਘ ਬੋਪਾਰਾਏ: 780 990 8421, ਸਤਿੰਦਰ ਸੇਖੋਂ: 780 951 7964**
**ਪ੍ਰਦੀਪ ਗਰੇਵਾਲ: 780 667 8080, ਦਾਰਾ ਸਿੰਘ ਗਿੱਲ: 780 700 3011**

**Sponsors:**

*Dr. Gurdeep Singh Sidhu*
*Grewal Investment Corporation*
*Premier Granite*
*Jagroop Singh Gill*
*Advance Railing Ltd.*
*All Type Homes*
*Sun & Snow Mechanical*
*Master Electrical*
*Fancy Doors & Moulding*
*KP Accounting*
*Millwoods Auto*
*Summer Side Bottle Depot*
*Luthra Law Office*
*OZ Shaver Doors*
*AK Drywall*
*A1 Truss*
*Edmonton Badminton Club*
*Millennium Liquor*
*Fort Road Liquor*
*Best Fork Industries*
*Maharaja Banquet Hall*
*Punjab Sweets & Restaurant*
*Bhangu Holding*
*Awin Insurance*

***Pinder Chahal (SMD) 780 982 6700***
***World Finance Group***

ਦਲੀਪ ਆਪਣੀ ਰਿਹਰਸਲ ਤਿੰਨ ਭਾਸ਼ਾਵਾਂ ਵਿਚ ਕਰਦੇ ਸਨ। ਪਹਿਲੀ ਰਿਹਰਸਲ ਉਸ ਪੰਜਾਬੀ ਭਾਸ਼ਾ ਵਿਚ ਕਰਦੇ ਸਨ ਜਿਹੜੀ ਉਨ੍ਹਾਂ ਦੇ ਜਨਮ ਸਥਾਨ ਪੇਸ਼ਾਵਰ ਵਿਚ ਆਮ ਲੋਕ ਬੋਲਦੇ ਸਨ। ਇਸ ਵਿਚ ਉਰਦੂ, ਪਸ਼ਤੋ ਅਤੇ ਪੰਜਾਬੀ ਦਾ ਮਿਸ਼ਰਨ ਹੁੰਦਾ ਸੀ। ਦੂਜੀ ਰਿਹਰਸਲ ਉਹ ਅੰਗਰੇਜ਼ੀ ਭਾਸ਼ਾ ਵਿਚ ਅਤੇ ਤੀਜੀ ਉਸ ਹਿੰਦੁਸਤਾਨੀ ਜ਼ੁਬਾਨ ਵਿਚ ਜਿਸ ਵਿਚ ਫ਼ਿਲਮਾਂ ਬਣਦੀਆਂ ਸਨ



# ਸਿਤਾਰੇ, ਭਾਸ਼ਾ ਅਤੇ ਭਾਸ਼ਾ ਦੀ ਬਾਜ਼ਾਰ ਨੀਤੀ

**ਜੈ ਪ੍ਰਕਾਸ਼ ਚੌਕਸੇ**

ਸਾਇਰਾ ਬਾਨੋ ਨੇ ਦਲੀਪ ਕੁਮਾਰ ਦੇ ਦੋਸਤਾਂ ਤੋਂ ਸਮਗਰੀ ਇਕੱਠੀ ਕੀਤੀ ਅਤੇ ਉਨ੍ਹਾਂ ਆਪਣੇ ਵਿਆਹੁਤਾ ਜੀਵਨ ਦੇ ਤਜ਼ਰਬਿਆਂ ਦੇ ਆਧਾਰ ’ਤੇ ਦਲੀਪ ਕੁਮਾਰ ’ਤੇ ਇਕ ਕਿਤਾਬ ਤਜ਼ਰਬੇਕਾਰ ਪੱਤਰਕਾਰ ਕੋਲੋਂ ਲਿਖਵਾਈ, ਜਿਸ ਨੂੰ ਬਾਜ਼ਾਰ ਵਿਚ ਇਕ ਧਮਾਕੇਦਾਰ ਸਿਤਾਰਿਆਂ ਨਾਲ ਸੱਜੇ ਸਮਾਗਮ ਵਿਚ ਲੋਕ-ਅਰਪਣ ਕੀਤਾ ਜਾਵੇਗਾ। ਇਸ ਕਿਤਾਬ ਨੂੰ ਪੜ੍ਹ ਕੇ ਇਹ ਪਤਾ ਲਗਦਾ ਹੈ ਕਿ ਇਸ ਨੂੰ ਕਿਸ ਸੀਮਾ ਤਕ ਮਹਾਨ ਦਲੀਪ ਕੁਮਾਰ ਦੀ ਜੀਵਨੀ ਮੰਨਿਆ ਜਾਵੇ ਅਤੇ ਉਂਜ ਵੀ ਖ਼ੁਦ ਕਿਸੇ ਵਿਅਕਤੀ ਵਲੋਂ ਲਿਖੀ ਜੀਵਨੀ ਵੀ ਕੋਈ ਪ੍ਰਮਾਣਕ ਦਸਤਾਵੇਜ ਨਹੀਂ ਹੁੰਦੀ। ਇਸ ਤਰ੍ਹਾਂ ਦੀਆਂ ਜ਼ਿਆਦਾਤਰ ਕਿਤਾਬਾਂ ਨੂੰ ਗਲਪ ਮੰਨ ਕੇ ਪੜ੍ਹਨ ਦਾ ਅਨੰਦ ਹੈ। ਕੁਝ ਜੀਵਨੀਆਂ ਅਪਵਾਦ ਹਨ ਜਿਵੇਂ ਮਹਾਤਮਾ ਗਾਂਧੀ, ਪੰਡਤ ਜਵਾਹਰ ਲਾਲ ਨਹਿਰੂ ਅਤੇ ਹਰੀਵੰਸ਼ ਰਾਏ ਬੱਚਨ ਦੀ ਆਤਮ ਕਥਾ ਵੀ ਨਿਰਪੱਖਤਾ ਨਾਲ ਲਿਖੀਆਂ ਗਈਆਂ ਹਨ ਅਤੇ ਇਹ ਸੰਭਵ ਹੈ ਕਿ ਉਨ੍ਹਾਂ ਦੀ ਕਵਿਤਾ ’ਤੇ ਸਮੇਂ ਦੀ ਮਿੱਟੀ ਜੰਮ ਜਾਵੇ ਪਰ ਉਨ੍ਹਾਂ ਦਾ ਵਾਰਤਕ ਲੰਮੇ ਸਮੇਂ ਤਕ ਰਹੇਗਾ ਕਿਉਂਕਿ ਇਹ ਦਲੇਰੀ ਨਾਲ ਲਿਖਿਆ ਗਿਆ ਹੈ।

ਕੁਝ ਸਾਲਾਂ ਤੋਂ ਦਲੀਪ ਕੁਮਾਰ ਦੀ ਯਾਦਾਸ਼ਤ ਆਉਂਦੀ ਜਾਂਦੀ ਰਹਿੰਦੀ ਹੈ ਅਤੇ ਉਹ ਸੰਪੂਰਨ ਭੁਲੱਕੜਪੁਨੇ ਦੇ ਨੇੜੇ ਜਾ ਰਹੇ ਹਨ। ਇਹ ਸੱਚਮੁਚ ਦੁੱਖ ਵਾਲੀ ਗੱਲ ਹੈ ਕਿ ਕੁਝ ਸਾਲ ਪਹਿਲਾਂ ਜਦ ਪੂਰੀ ਤਰ੍ਹਾਂ ਯਾਦਾਸ਼ਤ ਕਾਇਮ ਸੀ ਉਦੋਂ ਉਨ੍ਹਾਂ ਨੇ ਆਤਮ ਕਥਾ ਨਹੀਂ ਲਿਖੀ। ਇਕ ਮਹਾਨ ਪੁਸਤਕ ਤੋਂ ਅਸੀਂ ਵਾਂਝੇ ਰਹਿ ਗਏ। ਕੁਝ ਦਿਨ ਪਹਿਲਾਂ ਹੀ ਪ੍ਰੇਮ ਚੋਪੜਾ ਦੇ ਜੀਵਨ ’ਤੇ ਉਨ੍ਹਾਂ ਤੋਂ ਸੁਣ ਕੇ ਉਨ੍ਹਾਂ ਦੀ ਪੁਤਰੀ ਨੇ ਕਿਤਾਬ ਲਿਖੀ ਹੈ ਜਿਹੜੀ ਕਿ ਬਹੁਤ ਪੜ੍ਹਨਯੋਗ ਹੈ।

ਉਸ ਵਿਚ ਇਕ ਥਾਂ ਪ੍ਰੇਮ ਚੋਪੜਾ ਨੇ ਲਿਖਿਆ ਕਿ ਦਲੀਪ ਆਪਣੀ ਰਿਹਰਸਲ ਤਿੰਨ ਭਾਸ਼ਾਵਾਂ ਵਿਚ ਕਰਦੇ ਸਨ। ਪਹਿਲੀ ਰਿਹਰਸਲ ਉਸ ਪੰਜਾਬੀ ਭਾਸ਼ਾ ਵਿਚ ਕਰਦੇ ਸਨ ਜਿਹੜੀ ਉਨ੍ਹਾਂ ਦੇ ਜਨਮ ਸਥਾਨ ਪੇਸ਼ਾਵਰ ਵਿਚ ਆਮ ਲੋਕ ਬੋਲਦੇ ਸਨ। ਇਸ ਵਿਚ ਉਰਦੂ, ਪਸ਼ਤੋ ਅਤੇ ਪੰਜਾਬੀ ਦਾ ਮਿਸ਼ਰਨ ਹੁੰਦਾ ਸੀ। ਦੂਜੀ ਰਿਹਰਸਲ ਉਹ ਅੰਗਰੇਜ਼ੀ ਭਾਸ਼ਾ ਵਿਚ ਅਤੇ ਤੀਜੀ ਉਸ ਹਿੰਦੁਸਤਾਨੀ ਜ਼ੁਬਾਨ ਵਿਚ ਜਿਸ ਵਿਚ ਫ਼ਿਲਮਾਂ ਬਣਦੀਆਂ ਸਨ ਅਤੇ ਇਹ ਤੀਜਾ ਯਤਨ ਹੀ ਫ਼ਿਲਮਾਇਆ ਜਾਂਦਾ ਸੀ।

ਦਲੀਪ ਕੁਮਾਰ ਦਾ ਵਿਚਾਰ ਸੀ ਕਿ ਮਾਂ ਬੋਲੀ ਵਿਚ ਹੀ ਸੰਵੇਦਨਾ ਦੀ ਸੱਚੀ ਭਾਵਨਾ ਹੁੰਦੀ ਹੈ। ਅੰਗਰੇਜ਼ੀ ਭਾਸ਼ਾ ਵਿਚ ਰਿਹਰਸਲ ਉਹ ਵਿਦੇਸ਼ੀ ਅਭਿਨੇਤਾ ਪਾਲ ਮੁਨੀ ਅਤੇ ਮਾਰਲਿਨ ਬ੍ਰੇਂਡੋ ਕਾਰਨ ਕਰਦੇ ਸਨ ਜਿਹੜੇ ਕਿ ਉਨ੍ਹਾਂ ਦੇ ਆਦਰਸ਼ ਸਨ। ਦਲੀਪ ਕੁਮਾਰ ਆਪਣੇ ਮਨ ਦੇ ਸ਼ੀਸ਼ੇ ਵਿਚ ਦੇਖਦੇ ਸਨ ਕਿ ਪਾਲ ਮੁਨੀ ਅਤੇ ਮਾਰਲਿਨ ਬ੍ਰੇਂਡੋ ਦੇ ਮਾਪਦੰਡ ’ਤੇ ਉਹ ਕਿਥੇ ਤਕ ਠਹਿਰਦੇ ਹਨ। ਸਲੀਮ ਸਾਹਬ ਨੇ ਪਾਲ ਮੁਨੀ ਦੀ ਆਤਮ ਕਥਾ ਪੜ੍ਹੀ ਹੈ। ਉਨ੍ਹਾਂ ਨੇ ਦੱਸਿਆ ਕਿ ਪਾਲ ਮੁਨੀ ਦੇ ਪਿਤਾ ਨਾਟਕ ਟੀਮ ਨਾਲ ਪਿੰਡਾਂ, ਕਸਬਿਆਂ ਵਿਚ ਨਾਟਕ ਖੇਡਿਆ ਕਰਦੇ ਸਨ ਅਤੇ ਉਨ੍ਹਾਂ ਦਾ ਨੰਨ੍ਹਾ ਪੁੱਤਰ ਹਮੇਸ਼ਾ ਨਾਲ ਰਹਿੰਦਾ ਸੀ। ਇਕ ਕਸਬੇ ਵਿਚ ਸ਼ੋਅ ਲਈ ਕੁਝ ਮਿੰਟ ਪਹਿਲਾਂ ਇਕ ਬਜ਼ੁਰਗ ਦਾ ਪਾਤਰ ਨਿਭਾਉਣ ਵਾਲਾ ਕਲਾਕਾਰ ਬਿਮਾਰ ਹੋ ਗਿਆ ਅਤੇ ਪੇਸ਼ਕਾਰੀ ਨਾ ਕਰਨ ’ਤੇ ਵਿਚਾਰ ਹੋ ਰਿਹਾ ਸੀ ਕਿ ਦਸ ਸਾਲਾ ਪਾਲ ਪੁਨੀ ਉਸ ਪਾਤਰ ਦੀ ਪੌਸ਼ਾਕ ਅਤੇ ਵਿਗ ਪਹਿਨ ਕੇ ਆਇਆ ਅਤੇ ਗੁਜਾਰਿਸ਼ ਕੀਤੀ ਕਿ ਉਸ ਨੂੰ ਲੈ ਕੇ ਸ਼ੋਅ ਕੀਤਾ ਜਾਵੇ।

ਉਸ ਰਾਤ ਪਾਲ ਮੁਨੀ ਦੀ ਦਮਦਾਰ ਅਦਾਕਾਰੀ ਤੋਂ ਦਰਸ਼ਕ ਬਹੁਤ ਪ੍ਰਭਾਵਤ ਹੋਏ। ਪਿਤਾ ਨੂੰ ਵੀ ਮਾਣ ਮਹਿਸੂਸ ਹੋਇਆ। ਕੋਈ ਅੱਧੀ ਰਾਤ ਨੂੰ ਪਿਤਾ ਦੀ ਅੱਖ ਖੁਲ੍ਹੀ ਤਾਂ ਉਨ੍ਹਾਂ ਨੇ ਦੇਖਿਆ ਕਿ ਦਸ ਸਾਲਾ ਪਾਲ ਮੁਨੀ ਉਸੇ ਭੂਮਿਕਾ ਦੀ ਰਿਹਰਸਲ ਕਰ ਰਿਹਾ ਹੈ ਅਤੇ ਪੁੱਛਣ ’ਤੇ ਉਸ ਨੇ ਦੱਸਿਆ ਕਿ ਅੱਜ ਦੀ ਪੇਸ਼ਕਾਰੀ ਵਿਚ ਕੁੱਝ ਕਸਰ ਰਹਿ ਗਈ ਹੈ ਅਤੇ ਉਹ ਤਰੁੱਟੀਆਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਬਾਅਦ ਵਿਚ ਪਾਲ ਮੁਨੀ ਆਪਣੇ ਜੀਵਨ ਕਾਲ ਵਿਚ ਹੀ ਮਿੱਥ ਵਾਂਗ ਸਥਾਪਤ ਹੋਇਆ। ਦਲੀਪ ਕੁਮਾਰ ਇਸ ਸਕੂਲ ਤੋਂ ਆਏ ਸਨ।

ਅੱਜ ਐਨਾ ਸਮਰਪਣ ਕਿਸੇ ਕਲਾਕਾਰ ਵਿਚ ਨਹੀਂ ਹੈ ਕਿਉਂਕਿ ਅੱਜ ਉਨ੍ਹਾਂ ਦੇ ਜੀਵਨ ਦਾ ਹਰ ਪਲ ਬਾਜ਼ਾਰ ਵਿਚ ਬਹੁਤ ਮਹਿੰਗੇ ਭਾਅ ਵਿਕਦਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਅੱਜ ਕੋਈ ਕਲਾਕਾਰ ਆਪਣੀ ਮਾਂ ਬੋਲੀ ਹੀ ਚੰਗੀ ਤਰ੍ਹਾਂ ਨਹੀਂ ਜਾਣਦਾ। ਅੱਜ ਹੀ ਇਕ ਇਸ਼ਤਿਹਾਰ ਫ਼ਿਲਮ ਦੇਖ ਕੇ ਅਨੰਦ ਆਇਆ; ਜਿਸ ਵਿਚ ਇਕ ਵੱਡੀ ਉਮਰ ਦਾ ਵਿਅਕਤੀ ਆਪਣੇ ਕੰਪਾਊਂਡ ਵਿਚ ‘ਏ’ ਅੰਗਰੇਜ਼ੀ ਸਬਦ ਦੇ ਝੰਡੇ ਨੂੰ ਉਤਾਰ ਕੇ ‘ਅ’ ਦਾ ਝੰਡਾ ਲਹਿਰਾ ਰਿਹਾ ਹੈ। ਇਹ ਸਚਾਈ ਤੋਂ ਕੋਹਾਂ ਦੂਰ ਹੈ। ਅੱਜ ਤੋਂ ਦੋ ਦਹਾਕੇ ਪਹਿਲਾਂ ਜਿਹੜੀ ਵਿਦੇਸ਼ੀ ਸੰਸਥਾ ਭਾਰਤ ਵਿਚ ਅੰਗਰੇਜ਼ੀ ਪ੍ਰਚਾਰ ’ਤੇ ਖ਼ੂਬ ਖ਼ਰਚ ਕਰਦੀ ਸੀ, ਉਸ ਨੇ ਤਹਿ ਕੀਤਾ ਹੈ ਕਿ ਇਸ ਤੋਂ ਘੱਟ ਪੈਸੇ ਵਿਚ ਇਸ਼ਤਿਹਾਰਾਂ ਰਾਹੀਂ ਉਹ ਭਾਰਤੀ ਜੀਵਨ ਸ਼ੈਲੀ ਵਿਚ ਪੱਛਮੀ ਤੌਰ ਤਰੀਕਿਆਂ ਨੂੰ ਸਥਾਪਤ ਕਰ ਦਿਓ ਤਾਂ ਅੰਗਰੇਜ਼ੀ ਖ਼ੁਦ ਹੀ ਜੰਮ ਜਾਵੇਗੀ। ਦਰਅਸਲ ਭਾਸ਼ਾਵਾਂ ਦੀ ਲੋਕਪ੍ਰਿਅਤਾ ਦਾ ਆਧਾਰ ਉਨ੍ਹਾਂ ਦੀ ਨੌਕਰੀ ਦਿਵਾਉਣ ਦੀ ਸਮਰਥਾ ’ਤੇ ਨਿਰਭਰ ਕਰਦਾ ਹੈ।

ਟੈਕਨਾਲੌਜੀ ਦੀਆਂ ਸਾਰੀਆਂ ਕਿਤਾਬਾਂ ਅੰਗਰੇਜ਼ੀ ਭਾਸ਼ਾ ਵਿਚ ਹਨ, ਫਿਰ ਅਸੀਂ ਅੰਗਰੇਜ਼ੀ ਪੜ੍ਹਨ ਵਾਲੇ ਨੌਜਵਾਨਾਂ ਦੀ ਆਲੋਚਨਾ ਕਿਸ ਆਧਾਰ ’ਤੇ ਕਰੀਏ। ਹਿੰਦੀ ਜਾਂ ਸਾਡੀਆਂ ਖੇਤਰੀ ਭਾਸ਼ਵਾਂ ਦੇ ਪ੍ਰੇਮੀਆਂ ਨੇ ਹੀ ਕਦੇ ਆਪਣੀ ਭਾਸ਼ਾ ਨੂੰ ਸਫ਼ਲ ਬਣਾਉਣ ਦਾ ਯਤਨ ਨਹੀਂ ਕੀਤਾ। ਬ੍ਰਾਹਮਣਾਂ ਨੇ ਸੰਸਕ੍ਰਿਤ ਨੂੰ ਦੇਵ ਭਾਸ਼ਾ ਕਹਿ ਕੇ ਆਮ ਆਦਮੀ ਨੂੰ ਉਸ ਨੂੰ ਸਿਖਣ ਤੋਂ ਵਾਂਝਾ ਕਰ ਦਿੱਤਾ ਅਤੇ ਸੰਸਾਰ ਦੀ ਸ੍ਰੇਸ਼ਟ ਭਾਸ਼ਾ ਲਗਭਗ ਅਲੋਪ ਹੋ ਗਈ। ਹਿੰਦੀ ਦੇ ਮਾਹਰਾਂ ਨੇ ਵੀ ਹਿੰਦੀ ਨੂੰ ਆਵਾਮ ਤੋਂ ਅਲੱਗ ਕਰਨ ਦਾ ਯਤਨ ਕੀਤਾ ਅਤੇ ਉਚ ਵਰਗ ਨੇ ਮੌਕਾ ਦੇਖ ਕੇ ਆਪਣੀ ਅੰਗਰੇਜ਼ੀ ਨੂੰ ਜੀਵਨ ਵਿਚ ਸਿਖਰਲਾ ਸਥਾਨ ਦੁਆ ਦਿੱਤਾ। ਕੁਝ ਵਿਦੇਸ਼ੀ ਤਾਕਤਾਂ ਨੇ ਵਪਾਰ ਦੀਆਂ ਸਹੂਲਤਾਂ ਲਈ ਭਾਰਤ ਵਿਚ ਪ੍ਰਧਾਨਗੀ ਵਾਲਾ ਗਣਤੰਤਰ ਦਾ ਸੁਪਨਾ ਦੇਖਿਆ ਅਤੇ ਉਸ ਦੀ ਇਕ ਝਲਕ ਹਾਲ ਹੀ ਵਿਚ ਪੇਸ਼ ਕੀਤੀ।


PUNJABI MARKET

ਪੰਜਾਬੀ ਮਾਰਕੀਟ ਗਰੋਸਰੀ ਸਟੋਰ GROCERY STORE



ਇਥੋਂ ਇੰਡੀਅਨ ਪਾਕਿਸਤਾਨੀ ਗਰੋਸਰੀ, ਮਸਾਲੇ, ਤਾਜ਼ੀਆਂ ਸਬਜ਼ੀਆਂ ਅਤੇ ਫਲ-ਫਰੂਟ ਮਿਲਦੇ ਹਨ।

A Large Selection of Indian, Pakistani, Fijian Groeries, Spices, Fresh Vegetables & Much Much More....



For More Info : 403-277-7736

#527 4774 Westwinds Dr. N.E. Calgary (Behind Green Plaza)



Royal

Royal Executive Homes

Royal Executive Homes

Hurry Only 2 Left

# Town Houses in Wildwood

- Excellent Location
- Close To all Amenities
- Transit Access
- Affordable Prices
- Future Rec Center
- Close to White Mud & Anthony Henday
- 5 Appliances & Fully Landscaped
- 10 Year Home Warranty
- Granite Counter Top & Maple Kitchen

Available From 1232sq ft. to 1589 sq ft. with attached Single and Double Garage. Starting Pirce : $ ~~309,900~~

**Price Reduced**
**Now Only**
**$ 289,900**

For Show Home Hours:
Contact
780-965-7390







## Wild Wood Town Houses



1820, 34th AVE Edmonton.
780-965-7390
780-906-4497
Email : royalexecutivehomes@hotmail.com



Jessy Parihar

SALES CONTACT :

Roohi@ 780-905-6970
Kul Bhatia @ 780-266-5500



Ranjit Deol


WISHING YOU ALL A VERY HAPPY CANADA DAY
SOHAIL QUADRI, MLA FOR EDMONTON - MILL WOODS
Sohail Quadri, MLA
Edmonton – Mill Woods Constituency Office
# 101, 9807 - 34 Ave Edmonton, AB, T6E 5X9
Ph: 780-414-1000 Email:
Edmonton.millwoods@assembly.ab.ca
You Tube


BRIDGEPORT
HOMES LTD.
BEST PRICES IN TOWN
WE ASSURE BEATING MARKET PRICE
Special Offer $350000.00 only
Now New Homes in wildwood crs (South Edmonton)
loaded with Upgrades & Ready to Move
2 Car Detached Garage
Homes only in $350000.00
ਵਧੀਆ ਕੀਮਤਾਂ ਅਤੇ ਭਰੋਸੇਮੰਦ ਸੇਵਾਵਾਂ ਲਈ
ਅੱਜ ਹੀ ਡੌਲੀ ਚੌਹਾਨ ਨਾਲ
780-935-7718 'ਤੇ ਗੱਲਬਾਤ ਕਰੋ
Fully Upgraded 2300 Sq. Ft. Homes to be Built with your own choice of Interior only in $470000 .00
3000 Sq. Ft. Homes loaded with Upgrades & ready to move in only $569999.00 for limited time
For more information Call: DOLLY CHAUHAN @ 780-935-7718